ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

The Motto of Our University
(SEWA)
SKILL ENHANCEMENT
EMPLOYABILITY
WISDOM
ACCESSIBILITY

SELF-INSTRUCTIONAL STUDY MATERIAL FOR JGND PSOU

JAGAT GURU NANAK DEV

PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# M.A (PUNJABI)

# (PBIM211013T)

ਪਰਚਾ ਤੇਹਰਵਾਂ

## SEMESTER-III

ALL COPYRIGHTS WITH JGND PSOU, PATIALA

Head Quarter: C/28, The Lower Mall, Patiala-147001

WEBSITE: www.psou.ac.in

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

**COURSE COORDINATOR AND EDITOR:**

**DR. AMARJIT SINGH**

**ASSISTANT PROFESSOR IN PUNJABI**

| |
|---|
| 1. DR. JASWINDER KAUR |
| 2. DR. DAVINDER SINGH |
| 3. DR. MANJEET SINGH |
| 4. DR. SARABJEET SINGH |
| 5. DR. PAWAN KUMAR |

**JAGAT GURU NANAK DEV PUNJAB STATE OPEN UNIVERSITY**

**PATIALA**

**( Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra

Dean Academic Affairs

# M.A (PUNJABI)
## (ਸਮੈਸਟਰ- ਤੀਸਰਾ)

## ਤੇਹਰਵਾਂ ਪਰਚਾ : ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ

**ੳ.**1 ਭਾਸ਼ਾ ਵਿਗਿਆਨ ਪਰਿਭਾਸ਼ਾ ਅਤੇ ਖੇਤਰ; ਭਾਸ਼ਾ ਵਿਗਿਆਨ
**ੳ.**2 ਭਾਸ਼ਾ ਸ਼ਾਸਤਰ; ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤ, ਦਰਸ਼ਨ ਅਤੇ ਕੁਦਰਤੀ ਵਿਗਿਆਨ

**ਭਾਗ ਅ**– ਸੌਸਿਉਰ ਅਤੇ ਆਧੁਨਿਕ ਭਾਸ਼ਾ ਵਿਗਿਆਨ : ਭਾਸ਼ਾ ਅਤੇ ਬੋਲੀ, ਚਿਹਨ, ਚਿਹਨਕ ਤੇ ਚਿਹਨਤ; ਇਕਾਲਕ ਅਤੇ ਬਹੁਕਾਲਕ ਅਧਿਐਨ; ਕੜੀਦਾਰ ਅਤੇ ਲੜੀਦਾਰ ਸੰਬੰਧ; ਚਿਹਨ ਵਿਗਿਆਨ
ਚੌਮਸਕੀ ਦੇ ਭਾਸ਼ਾਈ ਸੰਕਲਪ : ਭਾਸ਼ਾਈ ਯੋਗਤਾ ਅਤੇ ਨਿਭਾਓ, ਗਹਿਨ ਅਤੇ ਸਤਹੀ ਜੁਗਤ; ਵਾਕੰ- ਉਸਾਰੀ ਨੇਮਾ ਦੇ ਰੂਪਾਂਤਰੀ ਵਰਗ ਅਤੇ ਨੇਮ, ਧੁਨੀ ਰੂਪਾਤਮਕ ਨੇਮ

**ਅ.**1 ਧੁਨੀ ਵਿਗਿਆਨ : ਧੁਨੀ ਵਿਗਿਆਨ ਦੀ ਪਰਿਭਾਸ਼ਾ ਅਤੇ ਪ੍ਰਕਾਰ ਉਚਾਰਨ ਅੰਗ; ਉਚਾਰਨ ਪ੍ਰਕਿਰਿਆ ਅਤੇ ਪੌਣਧਾਰਾ ਵਿਧੀਆਂ; ਖੰਡੀ ਧੁਨੀਆਂ ਸਵਰ ਅਤੇ ਵਿਅੰਜਨ ਧੁਨੀਆਂ ਦਾ ਨਿਖੇੜਾ ਅਤੇ ਵਰਗੀਕਰਨ; ਅਖੰਡੀ ਧੁਨੀਆਂ ਸੁਰ, ਬਲ, ਨਾਸਿਕਤਾ ਅਤੇ ਵਾਕ ਸੁਰ

**ਅ.**2 ਪੰਜਾਬੀ ਧੁਨੀ ਵਿਉਂਤ : ਧੁਨੀ, ਸਹਿਧੁਨੀ ਅਤੇ ਸਾਰਥਕ ਧੁਨੀ ਦਾ ਨਿਖੇੜਾ; ਪੰਜਾਬੀ ਵਿਚ ਸਵਰ ਅਤੇ ਵਿਅੰਜਨ ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ, ਪੰਜਾਬੀ ਵਿਚ ਦੁੱਤ ਵਿਅੰਜਨ, ਸੰਯੁਕਤ ਵਿਅੰਜਨ ,ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋ ਦੇ ਨੇਮ, ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋ ਦੇ ਨੇਮ ਪੰਜਾਬੀ ਸੁਰ ਪ੍ਰਬੰਧ ਅਤੇ ਵਾਕ ਸੁਰ ਪ੍ਰਬੰਧ, ਪੰਜਾਬੀ ਉਚਾਖੰਡ ਦੀ ਬਣਤਰ, ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ : ਲੋਪ, ਆਗਮ, ਵਿਕਾਰ, ਸਮੀਕਰਨ, ਵਿਸ਼ਮੀਕਰਨ, ਵਿਪਰਜ

**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਭਾਸ਼ਾ ਵਿਗਿਆਨ ਪਰਿਭਾਸ਼ਾ ਅਤੇ ਖੇਤਰ; ਭਾਸ਼ਾ ਵਿਗਿਆਨ ਦੀ ਵਿਆਖਿਆ।
3. ਭਾਗ ੳ.2 ਭਾਸ਼ਾ ਸ਼ਾਸਤਰ; ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤ, ਦਰਸ਼ਨ ਅਤੇ ਕੁਦਰਤੀ ਵਿਗਿਆਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਭਾਸ਼ਾ ਸ਼ਾਸਤਰ; ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤ, ਦਰਸ਼ਨ ਅਤੇ ਕੁਦਰਤੀ ਵਿਗਿਆਨ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।
ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ, ਭਾਸ਼ਾ ਸ਼ਾਸਤਰ; ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤ, ਦਰਸ਼ਨ ਅਤੇ ਕੁਦਰਤੀ ਵਿਗਿਆਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

**ਖੋਜ-ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਹਰਕੀਰਤ ਸਿੰਘ | 2000 | ਭਾਸ਼ਾ ਅਤੇ ਭਾਸ਼ਾ ਵਿਗਿਆਨ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਸੁਖਵਿੰਦਰ ਸਿੰਘ ਸੰਘਾ | 1998 | ਭਾਸ਼ਾ ਵਿਗਿਆਨ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਸਿੰਘ; ਜੀ. ਬੀ. | 1950 | ਗੁਰਮੁਖੀ ਲਿੱਪੀ ਦਾ ਜਨਮ ਅਤੇ ਵਿਕਾਸ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਸਿੰਘ; ਹ. | 1966 | ਪੰਜਾਬੀ ਬਾਰੇ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**M.A (PUNJABI)**
**(ਸਮੈਸਟਰ– ਤੀਸਰਾ)**

# ਤੇਹਰਵਾਂ ਪਰਚਾ : ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ

## SECTION A

# Table of Contents


| Sr. No. | UNIT NAME | Page No. |
|---|---|---|
| Unit 1 | ਭਾਸ਼ਾ : ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ | 9-20 |
| Unit 2 | ਭਾਸ਼ਾ ਵਿਗਿਆਨ ਪਰਿਭਾਸ਼ਾ ਅਤੇ ਖੇਤਰ; ਭਾਸ਼ਾ ਵਿਗਿਆਨ ਤੇ ਭਾਸ਼ਾ ਸ਼ਾਸਤਰ; ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤ, ਦਰਸ਼ਨ ਅਤੇ ਕੁਦਰਤੀ ਵਿਗਿਆਨ | 20-30 |
| Unit 3 | ਸੌਸਿਊਰ ਅਤੇ ਆਧੁਨਿਕ ਭਾਸ਼ਾ ਵਿਗਿਆਨ : ਭਾਸ਼ਾ ਅਤੇ ਬੋਲੀ ਚਿਹਨ, ਚਿਹਨਕ ਤੇ ਚਿਹਨਤ; ਇਕਾਲਕ ਅਤੇ ਬਹੁਕਾਲਕ ਅਧਿਐਨ; ਕੜੀਦਾਰ ਅਤੇ ਲੜੀਦਾਰ ਸੰਬੰਧ; ਚਿਹਨ ਵਿਗਿਆਨ | 31-37 |
| Unit 4 | ਚੌਮਸਕੀ ਦੇ ਭਾਸ਼ਾਈ ਸੰਕਲਪ : ਭਾਸ਼ਾਈ ਯੋਗਤਾ ਅਤੇ ਨਿਭਾਓ, ਗਹਿਨ ਅਤੇਸਤਹੀਜੁਗਤ; ਵਾਕੰ- ਉਸਾਰੀ ਨੇਮਾ ਦੇ ਰੂਪਾਂਤਰੀ ਵਰਗ ਅਤੇ ਨੇਮ, ਧੁਨੀ ਰੂਪਾਤਮਕ ਨੇਮ | 38-45 |
| Unit 5 | ਧੁਨੀ ਵਿਗਿਆਨ : ਧੁਨੀ ਵਿਗਿਆਨ ਦੀ ਪਰਿਭਾਸ਼ਾ ਅਤੇ ਪ੍ਰਕਾਰ ਉਚਾਰਨ ਅੰਗ; ਉਚਾਰਨ ਪ੍ਰਕਿਰਿਆ ਅਤੇ ਪੌਣਧਾਰਾ ਵਿਧੀਆਂ | 46-52 |


## SECTION B


| | | |
|---|---|---|
| Unit 6 | ਖੰਡੀ ਧੁਨੀਆਂ ਸਵਰ ਅਤੇ ਵਿਅੰਜਨ ਧੁਨੀਆਂ ਦਾ ਨਿਖੇੜਾ ਅਤੇ ਵਰਗੀਕਰਨ; ਅਖੰਡੀ ਧੁਨੀਆਂ ਸੁਰ, ਬਲ, ਨਾਸਿਕਤਾ ਅਤੇ ਵਾਕ ਸੁਰ | 53-55 |
| Unit 7 | ਪੰਜਾਬੀ ਧੁਨੀ ਵਿਉਂਤ : ਧੁਨੀ, ਸਹਿਧੁਨੀ ਅਤੇ ਸਾਰਥਕ ਧੁਨੀ ਦਾ ਨਿਖੇੜਾ; ਪੰਜਾਬੀ ਵਿਚ ਸਵਰ ਅਤੇ ਵਿਅੰਜਨ ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ | 56-59 |
| Unit 8 | ਪੰਜਾਬੀ ਵਿਚ ਦੁੱਤ ਵਿਅੰਜਨ, ਸੰਯੁਕਤ ਵਿਅੰਜਨ ,ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋ ਦੇ ਨੇਮ | 60-65 |
| Unit 9 | ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋ ਦੇ ਨੇਮ ਪੰਜਾਬੀ ਸੁਰ ਪ੍ਰਬੰਧ ਅਤੇ ਵਾਕ ਸੁਰ ਪ੍ਰਬੰਧ, ਪੰਜਾਬੀ ਉਚਾਖੰਡ ਦੀ ਬਣਤਰ | 66-70 |
| Unit 10 | ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ : ਲੋਪ, ਆਗਮ, ਵਿਕਾਰ, ਸਮੀਕਰਨ, ਵਿਸ਼ਮੀਕਰਨ, ਵਿਪਰਜ | 70-73 |

**M.A (PUNJABI) SEMESTER-II**

**ਤੇਹਰਵਾਂ ਪਰਚਾ**

**ਯੂਨਿਟ-ਪਹਿਲਾ ਅਤੇ ਦੂਸਰਾ**

**ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ**


1.1 ਪਾਠ ਪਹਿਲਾ: ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ

1.1.1 ਭੂਮਿਕਾ
1.1.2 ਪਾਠ ਦਾ ਮੰਤਵ
1.1.3 ਭਾਸ਼ਾ ਦੀ ਪਰਿਭਾਸ਼ਾ
1.1.4 ਭਾਸ਼ਾ ਦੀ ਪ੍ਰਕਿਰਤੀ
1.1.5 ਭਾਸ਼ਾ ਦੀਆਂ ਵਿਸ਼ੇਸ਼ਤਾਵਾਂ
1.1.6 ਭਾਸ਼ਾ ਵਿਗਿਆਨ ਪਰਿਭਾਸ਼ਾ ਅਤੇ ਖੇਤਰ
1.1.7 ਭਾਸ਼ਾ ਵਿਗਿਆਨ ਅਤੇ ਵਿਭਿੰਨ ਅਨੁਸ਼ਾਸ਼ਨ
    1.1.7.1 ਭਾਸ਼ਾ ਵਿਗਿਆਨ ਤੇ ਭਾਸ਼ਾ ਸ਼ਾਸਤਰ
    1.1.7.2 ਭਾਸ਼ਾ ਵਿਗਿਆਨ ਅਤੇ ਹੋਰ ਵਿਗਿਆਨ ਮਾਨਵ ਵਿਗਿਆਨ
    1.1.7.3 ਭਾਸ਼ਾ ਵਿਗਿਆਨ ਅਤੇ ਮਨੋਵਿਗਿਆਨ
    1.1.7.4 ਭਾਸ਼ਾ ਵਿਗਿਆਨ ਅਤੇ ਸਾਹਿਤ
    1.1.7.5 ਭਾਸ਼ਾ ਵਿਗਿਆਨ ਅਤੇ ਦਰਸ਼ਨ
    1.1.7.6 ਭਾਸ਼ਾ ਵਿਗਿਆਨ ਅਤੇ ਕੁਦਰਤੀ ਵਿਗਿਆਨ
1.1.8 ਅਭਿਆਸ ਲਈ ਪ੍ਰਸ਼ਨ
1.1.9 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


**1.1.1 ਭੂਮਿਕਾ:** ਭਾਸ਼ਾ ਇੱਕ ਅਜਿਹੀ ਸੰਚਾਰ ਪ੍ਰਣਾਲੀ ਹੈ, ਜਿਸ ਵਿੱਚ ਮਨੁੱਖੀ ਸੰਚਾਰ ਦੀਆਂ ਪੇਚੀਦਾ ਪ੍ਰਣਾਲੀਆਂ ਦਾ ਵਿਕਾਸ, ਪ੍ਰਾਪਤੀਆਂ, ਰੱਖ-ਰਖਾਵ ਅਤੇ ਵਰਤੋਂ ਸ਼ਾਮਲ ਹੈ।ਭਾਸ਼ਾ ਦੀ ਵਿਗਿਆਨਿਕ ਖੋਜ ਨੂੰ ਭਾਸ਼ਾ ਵਿਗਿਆਨ ਕਿਹਾ ਜਾਂਦਾ ਹੈ।

**1.1.2 ਪਾਠ ਦਾ ਮੰਤਵ:** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਭਾਸ਼ਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਸੰਚਾਰਮਈ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ-ਨਾਲ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਭਾਸ਼ਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਵਿਸ਼ੇਸ਼ਤਾਵਾਂ ਰਾਹੀਂ ਸਿੱਧਾਂਤਕ ਅਧਿਐਨ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਭਾਸ਼ਾ ਨੂੰ ਸਮਝਣ ਦੇ ਕਾਬਿਲ ਹੋ ਸਕਣ।

### 1.1.3 ਭਾਸ਼ਾ ਦੀ ਪਰਿਭਾਸ਼ਾ

ਭਾਸ਼ਾ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਮਨੁੱਖ ਦੀ ਸੰਚਾਰ ਦੀਆਂ ਪੇਚੀਦਾ ਪ੍ਰਣਾਲੀਆਂ ਦਾ ਵਿਕਾਸ, ਪ੍ਰਾਪਤੀ, ਰੱਖ-ਰਖਾਵ ਅਤੇ ਵਰਤੋਂ ਸ਼ਾਮਲ ਹਨ ; ਇੱਕ ਭਾਸ਼ਾ ਅਜਿਹੀ ਪ੍ਰਣਾਲੀ ਦਾ ਕੋਈ ਖਾਸ ਉਦਾਹਰਨ ਹੈ।ਭਾਸ਼ਾ ਦੀ ਵਿਗਿਆਨਿਕ ਖੋਜ ਨੂੰ ਭਾਸ਼ਾ ਵਿਗਿਆਨ ਕਿਹਾ ਜਾਂਦਾ ਹੈ।ਪ੍ਰਾਚੀਨ ਗ੍ਰੀਸ ਵਿੱਚ ਗੋਰਗੀਜ਼ ਅਤੇ ਪਲੈਟੋ ਦੇ ਸਮੇਂ ਤੋਂ ਭਾਸ਼ਾ ਦੇ ਫ਼ਲਸਫ਼ੇ ਬਾਰੇ ਸਵਾਲ, ਜਿਵੇਂ ਕਿ ਕੀ ਸ਼ਬਦ ਤਜਰਬੇ ਦਾ ਪ੍ਰਗਟਾਵਾ ਕਰ ਸਕਦੇ ਹਨ, ਬਹਿਸ ਦਾ ਵਿਸ਼ਾ ਰਹੇ ਹਨ। ਰੂਸੋ ਵਰਗੇ ਵਿਚਾਰਕਾਂ ਨੇ ਦਲੀਲ ਦਿੱਤੀ ਹੈ ਕਿ ਭਾਸ਼ਾ ਜਜ਼ਬੇ ਤੋਂ ਉਤਪੰਨ ਹੋਈ ਹੈ ਜਦਕਿ ਕਾਂਟ ਵਰਗੇ ਹੋਰਾਂ ਨੇ ਇਹ ਮੰਨਿਆ ਹੈ ਕਿ ਇਹ ਤਰਕਸ਼ੀਲ ਅਤੇ ਤਰਕਪੂਰਨ ਵਿਚਾਰਾਂ ਤੋਂ ਪੈਦਾ ਹੋਈ ਹੈ। 20ਵੀਂ ਸਦੀ ਦੇ ਫ਼ਿਲਾਸਫ਼ਰ ਵਿਟਜੇਂਨਸਟੀਨ ਨੇ ਦਲੀਲ ਦਿੱਤੀ ਕਿ ਫ਼ਲਸਫ਼ਾ ਅਸਲ ਵਿੱਚ ਭਾਸ਼ਾ ਦਾ ਅਧਿਐਨ ਹੈ। ਭਾਸ਼ਾ ਵਿਗਿਆਨ ਦੇ ਪ੍ਰਮੁੱਖ ਵਿਦਵਾਨਾਂ ਵਿੱਚ ਫੇਰਡੀਨੈਂਡ ਡੀ ਸੌਸੂਰ ਅਤੇ ਨੌਮ ਚੋਮਸਕੀ ਸ਼ਾਮਲ ਹਨ। ਭਾਸ਼ਾ ਦਾ ਵਿਗਿਆਨਕ ਅਧਿਐਨ ਕਰਨ ਵਾਲੇ ਵਿਗਿਆਨ ਨੂੰ ਭਾਸ਼ਾ ਵਿਗਿਆਨ ਕਿਹਾ ਜਾਂਦਾ ਹੈ।ਬੋਲੀ/ਭਾਸ਼ਾ ਇੱਕ ਦਿਨ ਵਿੱਚ ਨਹੀਂ ਬਣ ਜਾਂਦੀ। ਇਹ ਕਿਸੇ ਖ਼ਿੱਤੇ ਵਿੱਚ ਵਸਦੇ ਲੋਕਾਂ ਦੀ ਸਦੀਆਂ ਦੀ ਸਮੂਹਿਕ ਮਾਨਸਿਕ ਸਾਧਨਾ ਰਾਹੀਂ ਹੋਂਦ ਵਿੱਚ ਆਉਂਦੀ ਹੈ। ਇਹ ਸਿਰਫ਼ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਗੱਲਬਾਤ ਕਰਨ ਦਾ ਸਾਧਨ ਹੀ ਨਹੀਂ ਹੁੰਦੀ ਸਗੋਂ ਲੋਕ-ਗੀਤਾਂ, ਬਾਤਾਂ ਤੇ ਸਾਹਿਤਕ ਕਿਰਤਾਂ ਰਾਹੀਂ ਉਸ ਇਲਾਕੇ ਦੇ ਜਨ-ਜੀਵਨ ਨੂੰ ਨਵੀਂ ਊਰਜਾ ਵੀ ਦਿੰਦੀ ਹੈ। ਸ਼ਬਦ ਅਰਸ਼ਾਂ ਤੋਂ ਨਹੀਂ ਉਤਰਦੇ ਸਗੋਂ ਕਿਰਤ ਕਰਦੇ ਔਰਤਾਂ ਤੇ ਮਰਦਾਂ ਵਿੱਚ ਆਪਸੀ ਸੰਚਾਰ ਦੀ ਲੋੜ ’ਚੋਂ ਪੈਦਾ ਹੁੰਦੇ ਹਨ। ਮਰਦ ਤੇ ਔਰਤ ਵਿਚਲੇ ਆਪਸੀ ਰਿਸ਼ਤੇ, ਬਿਰਹਾ ਤੇ ਮਿਲਣ ਦੀਆਂ ਘੜੀਆਂ, ਪਿਆਰਿਆਂ ਦੀਆਂ ਉਡੀਕਾਂ ਤੇ ਤਾਂਘਾਂ, ਭੈਣਾਂ-ਭਰਾਵਾਂ ਵਿਚਲਾ ਪਿਆਰ, ਮਾਵਾਂ ਤੇ ਧੀਆਂ-ਪੁੱਤਾਂ ਵਿਚਲਾ ਮੋਹ, ਦਾਦਿਆਂ/ਪਿਓਆਂ ਤੇ ਸੰਤਾਨ ਵਿਚਲੇ ਡੂੰਘੇ ਸਨੇਹ ਦੇ ਨਾਤੇ ਬੋਲੀ ਦੀ ਨੁਹਾਰ ਘੜਦੇ ਹਨ। ਜ਼ੁਲਮ ਵਿਰੁੱਧ ਲੜਦੇ ਹੋਏ ਲੋਕ, ਆਪਣੇ ਦੁੱਖਾਂ, ਸੰਘਰਸ਼ਾਂ ਤੇ ਜਿੱਤਾਂ-ਹਾਰਾਂ ਦੀਆਂ ਵਾਰਾਂ ਲਿਖਦੇ ਹਨ। ਕਵੀ, ਢਾਡੀ, ਅਫ਼ਸਾਨਾਨਿਗਾਰ, ਨਾਵਲਕਾਰ, ਗ਼ਲਪ ਲੇਖਕ, ਨਾਟਕਕਾਰ, ਭਾਸ਼ਾ ਮਾਹਿਰ ਆਦਿ ਉਸ ਦੇ ਨੈਣ-ਨਕਸ਼ਾਂ ਨੂੰ ਤਿੱਖਾ ਕਰਦੇ ਹਨ।

ਇਹ ਪਤਾ ਕਰਨਾ ਅਸੰਭਵ ਹੈ ਕਿ ਦੁਨੀਆ ਵਿੱਚ ਠੀਕ ਕਿੰਨੀਆਂ ਭਾਸ਼ਾਵਾਂ ਹਨ, ਅਤੇ ਇਹ ਗਿਣਤੀ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿਚਕਾਰ ਅੰਸ਼ਕ ਤੌਰ 'ਤੇ ਮਨਮਾਨੇ ਭੇਦ ਉੱਤੇ ਨਿਰਭਰ ਕਰਦੀ ਹੈ। ਵੈਸੇ, ਅਨੁਮਾਨਾਂ ਅਨੁਸਾਰ ਇਹ ਗਿਣਤੀ 6000 ਅਤੇ 7000 ਦੇ ਵਿੱਚਕਾਰ ਹੈ। ਕੁਦਰਤੀ ਭਾਸ਼ਾਵਾਂ ਆਵਾਜ਼ਾਂ ਅਤੇ ਇਸ਼ਾਰਿਆਂ ਉੱਤੇ ਨਿਰਭਰ ਹੁੰਦੀਆਂ ਹਨ ਪਰ ਅੱਗੇ ਇਨ੍ਹਾਂ ਨੂੰ ਦੇਖਣ, ਸੁਣਨ ਅਤੇ ਸਪਰਸ਼ ਆਧਾਰਿਤ ਦੁਜੈਲੇ ਮਾਧਿਅਮਾਂ ਰਾਹੀਂ ਕੋਡਬੰਦ ਕੀਤਾ ਜਾ ਸਕਦਾ ਹੈ, ਮਿਸਾਲ ਲਈ ਅੱਖਰੀ ਲੇਖਣੀ, ਬਰੇਲ ਅਤੇ ਸੀਟੀਆਂ

ਭਾਸ਼ਾ ਅੰਦਰੂਨੀ ਪਰਕਾਸ਼ਨ ਦਾ ਸਭ ਤੋਂ ਜਿਆਦਾ ਭਰੋਸੇਯੋਗ ਮਾਧਿਅਮ ਹੈ। ਇਹੀ ਨਹੀਂ ਉਹ ਸਾਡੇ ਅੰਦਰੂਨੀ ਦੇ ਉਸਾਰੀ, ਵਿਕਾਸ, ਸਾਡੀ ਅਸਮਿਤਾ, ਸਮਾਜਕ - ਸਾਂਸਕ੍ਰਿਤਕ ਪਹਿਚਾਣ ਦਾ ਵੀ ਸਾਧਨ ਹੈ। ਭਾਸ਼ਾ ਦੇ ਬਿਨਾਂ ਮਨੁੱਖ ਸਰਵਥਾ ਅਪੂਰਣ ਅਤੇ ਆਪਣੇ ਇਤਹਾਸ ਅਤੇ ਪਰੰਪਰਾ ਨਾਲੋਂ ਵੱਖ ਹੁੰਦਾ ਹੈ।

**ਪਰਿਭਾਸ਼ਾ**

ਭਾਸ਼ਾ ਨੂੰ ਪ੍ਰਾਚੀਨ ਕਾਲ ਵਲੋਂ ਹੀ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸ ਦੀ ਕੁੱਝ ਮੁੱਖ ਪਰਿਭਾਸ਼ਾਵਾਂ ਹੇਠ ਲਿਖੀਆਂ ਹਨ -

1. ਭਾਸ਼ਾ ਸ਼ਬਦ ਸੰਸਕ੍ਰਿਤ ਦੇ ਭਾਸ਼ ਧਾਤੂ ਤੋਂ ਬਣਿਆ ਹੈ ਜਿਸਦਾ ਮਤਲਬ ਹੈ ਬੋਲਣਾ ਜਾਂ ਕਹਿਣਾ ਅਰਥਾਤ ਭਾਸ਼ਾ ਉਹ ਹੈ ਜਿਸ ਨੂੰ ਬੋਲਿਆ ਜਾਵੇ।

2. ਪਲੈਟੋ ਨੇ ਸੋਫਿਸਟ ਵਿੱਚ ਵਿਚਾਰ ਅਤੇ ਭਾਸ਼ਾ ਦੇ ਸੰਬੰਧ ਵਿੱਚ ਲਿਖਦੇ ਹੋਏ ਕਿਹਾ ਹੈ ਕਿ ਵਿਚਾਰ ਅਤੇ ਭਾਸ਼ਾ ਵਿੱਚ ਥੋੜ੍ਹਾ ਹੀ ਅੰਤਰ ਹੈ। ਵਿਚਾਰ ਆਤਮਾ ਦੀ ਮੂਕ ਜਾਂ ਅਧੁਨੀਰੂਪ ਗੱਲਬਾਤ ਹੈ ਪਰ ਉਹੀ ਜਦੋਂ ਧੁਨੀਰੂਪ ਹੋਕੇ ਬੁਲੀਆਂ ਉੱਤੇ ਜ਼ਾਹਰ ਹੁੰਦੀ ਹੈ ਤਾਂ ਉਸਨੂੰ ਭਾਸ਼ਾ ਦੀ ਸੰਗਿਆ ਦਿੰਦੇ ਹਨ।

3. ਸਵੀਟ ਦੇ ਅਨੁਸਾਰ ਧੁਨੀਆਤਮਕ ਸ਼ਬਦਾਂ ਦੁਆਰਾ ਵਿਚਾਰਾਂ ਨੂੰ ਜ਼ਾਹਰ ਕਰਨਾ ਹੀ ਭਾਸ਼ਾ ਹੈ।

4. ਵੇਂਦਰੀਏ ਕਹਿੰਦੇ ਹਨ ਕਿ ਭਾਸ਼ਾ ਇੱਕ ਤਰ੍ਹਾਂ ਦਾ ਚਿੰਨ੍ਹ ਹੈ। ਚਿੰਨ੍ਹ ਤੋਂ ਭਾਵ ਉਹਨਾਂ ਪ੍ਰਤੀਕਾਂ ਤੋਂ ਹੈ ਜਿਹਨਾਂ ਦੇ ਦੁਆਰਾ ਮਨੁੱਖ ਆਪਣੇ ਵਿਚਾਰ ਦੂਸਰਿਆਂ ਕੋਲ ਜ਼ਾਹਰ ਕਰਦਾ ਹੈ। ਇਹ ਪ੍ਰਤੀਕ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਦੇਖਣਯੋਗ, ਸੁਣਨਯੋਗ ਅਤੇ ਛੋਹਯੋਗ। ਦਰਅਸਲ ਭਾਸ਼ਾ ਦੀ ਦ੍ਰਿਸ਼ਟੀ ਤੋਂ ਸੁਣਨਯੋਗ ਪ੍ਰਤੀਕ ਹੀ ਸਭ ਤੋਂ ਉੱਤਮ ਹੈ।

5. ਬਲਾਕ ਅਤੇ ਟਰੇਗਰ – ਭਾਸ਼ਾ ਅਟਕਲੀ ਭਾਸ਼ ਪ੍ਰਤੀਕਾਂ ਦਾ ਤੰਤਰ ਹੈ ਜਿਸਦੇ ਦੁਆਰਾ ਇੱਕ ਸਮਾਜਕ ਸਮੂਹ ਸਹਿਯੋਗ ਕਰਦਾ ਹੈ।

6. ਸਤਰੁਤਵਾ – ਭਾਸ਼ਾ ਅਟਕਲੀ ਭਾਸ਼ ਪ੍ਰਤੀਕਾਂ ਦਾ ਤੰਤਰ ਹੈ ਜਿਸਦੇ ਦੁਆਰਾ ਇੱਕ ਸਮਾਜਕ ਸਮੂਹ ਦੇ ਮੈਂਬਰ ਸਹਿਯੋਗ ਅਤੇ ਸੰਪਰਕ ਕਰਦੇ ਹਨ।

ਇਨਸਾਇਕਲੋਪੀਡਿਆ ਬਰਿਟੈਨਿਕਾ – ਭਾਸ਼ਾ ਨੂੰ ਯਾਦ੍ਰੱਛਿਕ ਭਾਸ਼ ਪ੍ਰਤੀਕਾਂ ਦਾ ਤੰਤਰ ਹੈ ਜਿਸਦੇ ਦੁਆਰਾ ਮਨੁੱਖ ਪ੍ਰਾਣਿ ਇੱਕ ਸਮਾਜਕ ਸਮੂਹ ਦੇ ਮੈਂਬਰ ਅਤੇ ਸਾਂਸਕ੍ਰਿਤੀਕ ਸਾਝੀਦਾਰ ਦੇ ਰੂਪ ਵਿੱਚ ਇੱਕ ਸਮਾਜਕ ਸਮੂਹ ਦੇ ਮੈਂਬਰ ਸੰਪਰਕ ਅਤੇ ਮੁਰਸਲਾ ਕਰਦੇ ਹਾਂ।

1. ਹੈਰਿਸ ਅਨੁਸਾਰ ਭਾਸ਼ਾ ਖਿਆਲਾਂ ਤੇ ਮਨੋਭਾਵਾਂ ਦੇ ਪ੍ਰਗਟਾਉਣ ਲਈ ਬੁਨਿਆਦੀ ਤੌਰ 'ਤੇ ਧੁਨੀ ਚਿੰਨ੍ਹਾਂ ਦਾ ਇੱਕ ਸਿਸਟਮ ਹੈ।

ਭਾਸ਼ਾ ਜਾਂ ਦ੍ਰੱਛਿਕ ਵਾਚਕ ਆਵਾਜ – ਸੰਕੇਤਾਂ ਦੀ ਉਹ ਪੱਧਤੀ ਹੈ, ਜਿਸਦੇ ਦੁਆਰਾ ਮਨੁੱਖ ਪਰੰਪਰਾ ਵਿਚਾਰਾਂ ਦਾ ਲੈਣਾ – ਪ੍ਰਦਾਨ ਕਰਦਾ ਹੈ। '' ਸਪਸ਼ਟ ਹੀ ਇਸ ਕਥਨ ਵਿੱਚ ਭਾਸ਼ਾ ਲਈ ਚਾਰ ਗੱਲਾਂ ਉੱਤੇ ਧਿਆਨ ਦਿੱਤਾ ਗਿਆ ਹੈ –

1. ਭਾਸ਼ਾ ਇੱਕ ਪੱਧਤੀ ਹੈ, ਯਾਨੀ ਇੱਕ ਸੁਸੰਬੱਧ ਅਤੇ ਸੁਵਯਵਸਿਥਤ ਯੋਜਨਾ ਜਾਂ ਏਕਤਾ ਹੈ, ਜਿਸ ਵਿੱਚ ਕਰਦਾ, ਕਰਮ, ਕਰਿਆ, ਆਦਿ ਵਿਵਸਥਿਤੀ ਰੂਪ ਵਿੱਚ ਆ ਸਕਦੇ ਹਨ।

2. ਭਾਸ਼ਾ ਸੰਕੇਤਾਤਕਮਕ ਹੈ ਅਰਥਾਤ ਇਸ ਵਿੱਚ ਜੋ ਧਵਨੀਆਂ ਉੱਚਾਰੀਆ ਹੁੰਦੀਆਂ ਹਨ, ਉਹਨਾਂ ਦਾ ਕਿਸੇ ਚੀਜ਼ ਜਾਂ ਕਾਰਜ ਵਲੋਂ ਸੰਬੰਧ ਹੁੰਦਾ ਹੈ। ਇਹ ਧਵਨੀਆਂ ਸੰਕੇਤਾਤਮਕ ਜਾਂ ਪ੍ਰਤੀਕਾਤਮਕ ਹੁੰਦੀਆਂ ਹਨ।

3. ਭਾਸ਼ਾ ਵਾਚਕ ਆਵਾਜ – ਸੰਕੇਤ ਹੈ, ਅਰਥਾਤ ਮਨੁੱਖ ਆਪਣੀ ਵਾਗਿੰਦਰਿਅ ਦੀ ਸਹਾਇਤਾ ਵਲੋਂ ਸੰਕੇਤਾਂ ਦਾ ਉੱਚਾਰਣ ਕਰਦਾ ਹੈ, ਉਹ ਹੀ ਭਾਸ਼ਾ ਦੇ ਅਨੁਸਾਰ ਆਉਂਦੇ ਹੈ।

4. ਭਾਸ਼ਾ ਯਾਦ੍ਰੱਛਿਕ ਸੰਕੇਤ ਹੈ। ਯਾਦ੍ਰੱਛਿਕ ਵਲੋਂ ਮੰਤਵ ਹੈ – ਐੱਛਿਕ, ਅਰਥਾਤ ਕਿਸੇ ਵੀ ਵਿਸ਼ੇਸ਼ ਆਵਾਜ ਦਾ ਕਿਸੇ ਵਿਸ਼ੇਸ਼ ਮਤਲੱਬ ਵਲੋਂ ਮੌਲਕ ਅਤੇ ਦਾਰਸ਼ਨਕ ਸੰਬੰਧ ਨਹੀਂ ਹੁੰਦਾ। ਹਰ ਇੱਕ ਭਾਸ਼ਾ ਵਿੱਚ ਕਿਸੇ ਵਿਸ਼ੇਸ਼ ਆਵਾਜ ਨੂੰ ਕਿਸੇ ਵਿਸ਼ੇਸ਼ ਮਤਲੱਬ ਦਾ ਵਾਚਕ 'ਮਾਨ ਲਿਆ ਜਾਂਦਾ' ਹੈ। ਫਿਰ ਉਹ ਉਸੀ ਮਤਲੱਬ ਲਈ ਰੂੜ ਹੋ ਜਾਂਦਾ ਹੈ। ਕਹਿਣ ਦਾ ਮਤਲੱਬ ਇਹ ਹੈ ਕਿ ਉਹ ਪਰੰਪਰਾਨੁਸਾਰ ਉਸੀ ਮਤਲੱਬ ਦਾ ਵਾਚਕ ਹੋ ਜਾਂਦਾ ਹੈ। ਦੂਜੀ ਭਾਸ਼ਾ ਵਿੱਚ ਉਸ ਮਤਲੱਬ ਦਾ ਵਾਚਕ ਕੋਈ ਦੂਜਾ ਸ਼ਬਦ ਹੋਵੇਗਾ।

ਅਸੀ ਸੁਭਾਅ ਵਿੱਚ ਇਹ ਵੇਖਦੇ ਹਨ ਕਿ ਭਾਸ਼ਾ ਦਾ ਸੰਬੰਧ ਇੱਕ ਵਿਅਕਤੀ ਵਲੋਂ ਲੈ ਕੇ ਸੰਪੂਰਣ ਸੰਸਾਰ - ਸ੍ਰਿਸ਼ਟਿ ਤੱਕ ਹੈ। ਵਿਅਕਤੀ ਅਤੇ ਸਮਾਜ ਦੇ ਵਿੱਚ ਸੁਭਾਅ ਵਿੱਚ ਆਉਣ ਵਾਲੀ ਇਸ ਪਰੰਪਰਾ ਵਲੋਂ ਅਰਜਿਤ ਜਾਇਦਾਦ ਦੇ ਅਨੇਕ ਰੂਪ ਹਾਂ। ਸਮਾਜ ਸਾਪੇਖਤਾ ਭਾਸ਼ਾ ਲਈ ਲਾਜ਼ਮੀ ਹੈ, ਠੀਕ ਉਂਜ ਹੀ ਜਿਵੇਂ ਵਿਅਕਤੀ ਸਾਪੇਖਤਾ। ਅਤੇ ਭਾਸ਼ਾ ਸੰਕੇਤਾਤਮਕ ਹੁੰਦੀ ਹੈ ਅਰਥਾਤ ਉਹ ਇੱਕ 'ਪ੍ਰਤੀਕ - ਹਾਲਤ ਹੈ। ਇਸ ਦੀ ਪ੍ਰਤੀਕਾਤਮਕ ਗਤੀਵਿਧੀ ਦੇ ਚਾਰ ਪ੍ਰਮੁੱਖ ਸੰਯੋਜਕ ਹੈ: ਦੋ ਵਿਅਕਤੀ - ਇੱਕ ਉਹ ਜੋ ਸੰਬੋਧਿਤ ਕਰਦਾ ਹੈ, ਦੂਜਾ ਉਹ ਜਿਨੂੰ ਸੰਬੋਧਿਤ ਕੀਤਾ ਜਾਂਦਾ ਹੈ, ਤੀਜੀ ਸੰਕੇਤੀਤ ਚੀਜ਼ ਅਤੇ ਚੌਥੀ - ਪ੍ਰਤੀਕਾਤਮਕ ਸੰਵਾਹਕ ਜੋ ਸੰਕੇਤੀਤ ਚੀਜ਼ ਦੇ ਵੱਲ ਪ੍ਰਤਿਨਿੱਧੀ ਭੰਗਿਮਾ ਦੇ ਨਾਲ ਸੰਕੇਤ ਕਰਦਾ ਹੈ।

ਵਿਕਾਸ ਦੀ ਪਰਿਕ੍ਰੀਆ ਵਿੱਚ ਭਾਸ਼ਾ ਦਾ ਦਾਇਰਾ ਵੀ ਵਧਦਾ ਜਾਂਦਾ ਹੈ। ਇਹੀ ਨਹੀਂ ਇੱਕ ਸਮਾਜ ਵਿੱਚ ਇੱਕ ਵਰਗੀ ਭਾਸ਼ਾ ਬੋਲਣ ਵਾਲੇ ਆਦਮੀਆਂ ਦਾ ਬੋਲਣ ਦਾ ਢੰਗ, ਉਹਨਾਂ ਦੀ ਉੱਚਾਪਣ - ਪਰਿਕ੍ਰੀਆ, ਸ਼ਬਦ - ਭੰਡਾਰ, ਵਾਕ - ਵਿਨਿਆਸ ਆਦਿ ਵੱਖ - ਵੱਖ ਹੋ ਜਾਣ ਵਲੋਂ ਉਹਨਾਂ ਦੀ ਭਾਸ਼ਾ ਵਿੱਚ ਸਮਰੱਥ ਫਰਕ ਆ ਜਾਂਦਾ ਹੈ। ਇਸ ਨੂੰ ਸ਼ੈਲੀ ਕਹਿ ਸਕਦੇ ਹਨ।

### 1.1.4 ਭਾਸ਼ਾ ਦੀ ਪ੍ਰਕਿਰਤੀ

ਭਾਸ਼ਾ ਦੀ ਪ੍ਰਕਿਰਤੀ ਦਾ ਮੁੱਖ ਪ੍ਰਯੋਜਨ ਬੁਲਾਰੇ ਦੀ ਮਨਸ਼ਾ ਨੂੰ ਸਰੋਤੇ ਤੱਕ ਪਹੁੰਚਾਣਾ ਹੁੰਦਾ ਹੈ। ਭਾਸ਼ਾ ਮਨੁੱਖ ਦੇ ਸਮਾਜ ਸਭਿਆਚਾਰਕ ਵਿਰਸੇ ਦੀ ਪੈਦਾਵਾਰ ਹੁੰਦੀ ਹੈ। ਹਰ ਭਾਸ਼ਾ ਦਾ ਆਪਣਾ ਸੁਤੰਤਰ ਪ੍ਰਬੰਧ ਹੁੰਦਾ ਹੈ, ਜਿਹੜਾ ਕਿ ਭਾਸ਼ਾ ਨਾਲ ਸਬੰਧਿਤ ਸਮਾਜ ਦੀ ਲੋੜ ਅਤੇ ਪ੍ਰਵਾਨਗੀ ਉਪਰੰਤ ਹੋਂਦ ਵਿਚ ਆਉਂਦਾ ਹੈ। ਭਾਸ਼ਾ ਦਾ ਆਧਾਰ ਧੁਨੀਆਤਮਕ ਪ੍ਰਤੀਕ ਹੁੰਦੇ ਹਨ, ਇਹ ਪ੍ਰਤੀਕ ਸਮਾਜਕ ਵਿਰਸ ਵਿਚੋਂ ਹੀ ਜਨਮ ਲੈਂਦੇ ਹਨ।ਭਾਸ਼ਾਈ ਪ੍ਰਤੀਕਾਂ ਦੀ ਧੁਨੀ ਭਾਵੇਂ ਆਪ-ਹੁਦਰੀ ਹੁੰਦੀ ਹੈ, ਪਰ ਇਸ ਦੁਆਰਾ ਪ੍ਰਗਟਾਏ ਗਏ ਸੰਕਲਪ ਸਮਾਜਕ ਪ੍ਰਵਾਨਗੀ ਉਪਰੰਤ ਹੀ ਹੋਂਦ ਵਿਚ ਆਉਂਦੇ ਹਨ। ਭਾਸ਼ਾ ਨੂੰ ਬਾਕੀ ਸਮਾਜਕ ਵਿਵਹਾਰਾਂ ਵਾਂਗ ਗ੍ਰਹਿਣ ਕਰਨਾ ਪੈਂਦਾ ਹੈ।ਸਮਾਜਕ ਬਣਤਰ ਅਨੁਸਾਰ ਭਾਸ਼ਾ ਵਿਚ ਵੀ ਵੰਨ-ਸੁਵੰਨਤਾ ਹੁੰਦੀ ਹੈ।

ਮਨੁੱਖ ਕੋਈ ਵੀ ਭਾਸ਼ਾ ਮਾਂ ਦੇ ਦੁੱਧ ਨਾਲ ਨਹੀਂ ਸਿੱਖਦਾ, ਸਗੋਂ ਅਨੁਕੂਲ ਸਮਾਜਕ ਵਾਤਾਵਰਨ ਅਤੇ ਸਹੂਲਤਾਂ ਅਨੁਸਾਰ ਹੀ ਭਾਸ਼ਾ ਸਿੱਖਦਾ ਹੈ।ਭਾਸ਼ਾ ਦਾ ਪ੍ਰਯੋਜਨ ਅਤੇ ਮਹੱਤਵ ਭਾਸ਼ਾ ਮਨੁੱਖ ਦੇ ਸਭਿਆਚਾਰਕ ਵਿਰਸੇ ਦਾ ਮੁਹਾਫਜ਼ਖਾਨਾ ਹੁੰਦੀ ਹੈ।ਸਮਾਜਕ ਵਿਕਾਸ ਅਤੇ ਪਰਿਵਰਤਨ ਦੀ ਸੂਚਨਾ ਭਾਸ਼ਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਭਾਸ਼ਾ ਲਿਖਤ ਰੂਪ ਵਿਚ ਵੀ ਹੁੰਦੀ ਹੈ ਅਤੇ ਅਲਿਖਤ ਰੂਪ ਵਿਚ ਵੀ, ਪਰੰਤੂ ਅਲਿਖਤ (ਉਚਾਰ) ਭਾਸ਼ਾ ਦਾ ਖੇਤਰ ਵਧੇਰੇ ਵਿਸ਼ਾਲ ਹੁੰਦਾ ਹੈ।

ਮਨੁੱਖੀ ਸਮਾਜ ਦੀ ਪਹਿਚਾਣ ਉਸ ਦਾ ਸਭਿਆਚਾਰ ਹੁੰਦਾ ਹੈ, ਅਤੇ ਭਾਸ਼ਾ ਸਭਿਆਚਾਰ ਦਾ ਇਕ ਮਹੱਤਵਪੂਰਨ ਤੱਤ ਵੀ ਹੈ ਅਤੇ ਉਸਦੇ ਸੰਚਾਰ, ਪ੍ਰਸਾਰ ਅਤੇ ਵਿਕਾਸ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਵੀ। ਭਾਸ਼ਾ ਸੰਚਾਰ ਦਾ ਇਕ ਯੋਗ ਅਤੇ ਸ਼ਕਤੀਸ਼ਾਲੀ ਮਾਧਿਅਮ ਹੈ।

ਮਨੁੱਖੀ ਗਿਆਨ-ਵਿਗਿਆਨ ਅਤੇ ਅਨੁਭਵ ਦੀ ਸੰਭਾਲ ਅਤੇ ਉਸਦਾ ਅਦਾਨ-ਪ੍ਰਦਾਨ ਭਾਸ਼ਾ ਰਾਹੀਂ ਹੀ ਸੰਭਵ ਹੁੰਦਾ ਹੈ। ਭਾਸ਼ਾ ਤੇ ਸੰਚਾਰ ਮਾਧਿਅਮ ਸੰਚਾਰ ਭਾਸ਼ਾ ਦੀ ਲਾਜ਼ਮੀ ਸ਼ਰਤ ਵੀ ਹੈ ਅਤੇ ਇਸ ਦੀ ਵਿਸ਼ੇਸ਼ਤਾ ਸੰਚਾਰ ਭਾਸ਼ਾ ਦਾ ਪਰਿਭਾਸ਼ਕ ਲੱਛਣ ਹੈ।

ਭਾਸ਼ਾ ਉਚਰਿਤ ਵੀ ਹੁੰਦੀ ਹੈ ਅਤੇ ਮੂਕ ਵੀ। ਦੋਵੇਂ ਰੂਪ ਸੰਚਾਰ ਦਾ ਗੁਣ ਤਾਂ ਰੱਖਦੇ ਹਨ ਪਰ ਉਚਰਤ ਭਾਸ਼ਾ ਇਹਨਾਂ ਵਿਚੋਂ ਸਰਬ-ਸ੍ਰੇਸ਼ਟ ਹੈ।ਸੰਚਾਰ ਰੂਪ ਅਤੇ ਵਸਤੂ ਦੀ ਸਹਿਜ ਦਵੈਤ ਉੱਪਰ ਆਧਾਰਿਤ ਸੰਕਲਪ ਹੈ। ਨਿਤ-ਭਾਸ਼ਾ ਵਿਚ ਅਸੀਂ ਕਿਸੇ ਨੂੰ ਗੱਲ ਸੁਣਾਉਂਦੇ ਹਾਂ, ਭਾਸ਼ਾ ਨਹੀਂ ਸੁਣਾਉਂਦੇ। ਗੱਲ ਆ' ਜਾਂ 'ਸਮਝ' ਲੈਣ ਤੋਂ ਮਗਰੋਂ ਸਰੋਤੇ ਲਈ ਵਕਤਾ

ਦੀ ਭਾਸ਼ਾ ਦਾ ਕੋਈ ਮੁੱਲ ਨਾ ਰਹਿ ਜਾਂਦਾ ਉਂਜ ਤਾਂ ਮਨੁੱਖ ਸਿਰਜਿਤ ਹਰ ਤਰ੍ਹਾਂ ਦੇ ਵਸਤੂ, ਵਿਚਾਰ ਜਾਂ ਵਰਤਾਰੇ ਅੰਦਰ ਸੰਚਾਰ ਦਾ ਗੁਣ ਹੁੰਦਾ ਹੈ। ਪਰ ਭਾਸ਼ਾਈ ਸੰਚਾਰ ਸਾਰਥਕ ਅਤੇ ਪ੍ਰਵਾਨਿਤ ਅਮਲ ਹੈ। ਗੂੰਗੇ ਬੋਲਿਆਂ ਦੀ ਵਰਣਮਾਲਾ, ਫ਼ੌਜੀ ਕੋਡ, ਸੰਕੇਤ, ਰੰਗਾਂ ਦੀ ਭਾਸ਼ਾ ਸਾਰੇ ਦੇ ਸਾਰੇ ਤੱਤ ਸੰਚਾਰ ਦੇ ਮਾਧਿਅਮ ਹਨ, ਪਰ ਭਾਸ਼ਾ ਇਨ੍ਹਾਂ ਸਾਰਿਆਂ ਵਿਚੋਂ ਵਧੇਰੇ ਸਾਰਥਕ ਮੰਨੀ ਜਾਂਦੀ ਹੈ। ਭਾਸ਼ਾ ਧੁਨੀਆਂ ਰਾਹੀਂ ਕਲਪਨਾਵਾਂ, ਸੰਵੇਦਨਾਵਾਂ, ਸੂਖਮ, ਸਥੂਲ ਹਰ ਤਰ੍ਹਾਂ ਦੇ ਵਰਤਾਰਿਆਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ, ਸਮਝਾਉਣ ਦੇ ਯੋਗ ਹੁੰਦੀ ਹੈ।ਕਿਸੇ ਵੀ ਵਰਤਾਰੇ ਦੇ ਸੰਚਾਰਮਈ ਹੋਣ ਲਈ ਛੇ ਤੱਤਾਂ ਦਾ ਗ੍ਰਹਿਣ ਕਰਨਾ ਜ਼ਰੂਰੀ ਹੁੰਦਾ ਹੈ :

1.ਵਕਤਾ ਅਭਿਵਿਅਕਤੀ ਮੂਲਕ ਕਿਰਿਆ ਨਾਲ ਸੰਬੰਧ ਰੱਖਦਾ ਹੈ।

2.ਸ੍ਰੋਤਾ ਗ੍ਰਹਿਣ ਕਰਨ ਦੀ ਕਿਰਿਆ ਨਾਲ ਸੰਬੰਧ ਰੱਖਦਾ ਹੈ।

3. ਸੰਪਰਕ ਵਕਤਾ ਅਤੇ ਸ੍ਰੋਤਾ ਨੂੰ ਇਕ ਦੂਜੇ ਨਾਲ ਜੋੜਦਾ ਹੈ।

4.ਪ੍ਰਸੰਗ ਸੰਦੇਸ਼ ਦਾ ਸਰੂਪ ਨਿਰਧਾਰਤ ਕਰਦਾ ਹੈ।

5.ਪ੍ਰਗਟਾਅ ਪੈਟਰਨ ਨਾਲ ਸੰਬੰਧਤ ਹੈ।

6.ਸੰਦੇਸ਼ 'ਸੰਚਾਰ' ਦੀ ਸਾਰਥਕਤਾ ਨਾਲ ਸੰਬੰਧ ਰੱਖਦਾ ਹੈ।

ਭਾਸ਼ਾ ਉਕਤ ਛੇ ਤੱਤਾਂ ਦੀ ਧਾਰਨੀ ਹੋਣ ਕਾਰਨ ਸੰਚਾਰ ਦਾ ਸਭ ਤੋਂ ਉਤਮ ਮਾਧਿਅਮ ਹੈ।

### 1.1.5 ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

ਭਾਸ਼ਾ ਇਕ ਅਜਿਹੀ ਸ਼ਕਤੀ ਹੈ ਜਿਸਨੇ ਮਨੁਖ ਨੂੰ ਹਨੇਰੇ ਯੁਗ ਵਿਚੋਂ ਕੱਢ ਕੇ ਚਾਨਣਾ ਦਿਖਾਇਆ ਹੈ।ਜਿਸਨੇ ਮਨੁਖੀ ਸੋਚ ਨੂੰ ਵਿਕਿਸਤ ਕੀਤਾ ਹੈ। ਭਾਸ਼ਾ ਇਕ ਅਜਿਹੀ ਮਨੁੱਖੀ ਉਪਜ ਹੈ ਜੋ ਅਨੁਕਰਨ ਰਾਹੀਂ ਹੀ ਸਿੱਖੀ ਜਾਂਦੀ ਹੈ। ਨਵੀਂ ਪੀੜੀ ਪੁਰਾਣੀ ਪੀੜੀ ਅਨੁਕਰਨ ਰਾਹੀਂ ਹੀ ਭਾਸ਼ਾ ਸਿਖਦੀ ਹੈ।ਇਸ ਲਈ ਭਾਸ਼ਾ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਇਸ ਨੂੰ ਬਾਕੀ ਸੰਚਾਰ ਪ੍ਰਣਾਲੀਆਂ ਨਾਲੋਂ ਵੱਖਰਾਉਂਦੀਆਂ ਹਨ। ਭਾਸ਼ਾ ਦੀ ਪ੍ਰਕਿਰਤੀ ਨੂੰ ਸਮਝਣ ਲਈ ਉਸ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਇਹੀ ਭਾਸ਼ਾ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਆਧਾਰ ਪ੍ਰਦਾਨ ਕਰਦੀਆਂ ਹਨ।ਭਾਸ਼ਾ ਦੀਆਂ ਪਰਿਭਾਸ਼ਾਵਾਂ ਨੂੰ ਆਧਾਰ ਮੰਨਦੇ ਹੋਏ ਉਸ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

1. ਭਾਸ਼ਾ ਮਾਨਵੀ ਦੇਣ ਹੈ।

2. ਆਪਹੁਦਰਾਪਨ

3. ਦੁਪੱਖਤਾ

4. ਭਾਸ਼ਾ ਸੰਚਾਰ ਦਾ ਮਧਿਅਮ ਹੈ।

5. ਭਾਸ਼ਾ ਇਕ ਸਿਸਟਮ ਹੈ।

6. ਭਾਸ਼ਾ ਇਕ ਇਤਿਹਾਸਕ ਉਪਜ ਹੈ।

7. ਭਾਸ਼ਾ ਚਿੰਨ੍ਹਾਂ ਦੀ ਪ੍ਰਣਾਲੀ ਹੈ।

8. ਭਾਸ਼ਾ ਪਰਿਵਰਤਨਸ਼ੀਲ ਹੈ।

9. ਭਾਸ਼ਾ ਇਕ ਗਤੀਸ਼ੀਲ ਪ੍ਰਕਿਰਿਆ ਹੈ।

**1. ਭਾਸ਼ਾ ਮਾਨਵੀ ਦੇਣ ਹੈ-** ਭਾਸ਼ਾ ਸਾਡੀ ਸ਼ਕਲ ਤੇ ਸਰੀਰਕ ਆਕਾਰ ਵਾਂਗ ਸਾਨੂੰ ਪੈਦਾਇਸ਼ੀ ਰੂਪ ਵਿਚ ਨਹੀਂ ਮਿਲੀ।ਇਹ ਤਾਂ ਇਕ ਮਾਨਵੀ ਕਿਰਤ ਹੈ।ਇਹ ਇਕ ਮਨੁਖੀ ਦੇਣ ਹੈ ਜੋ ਉਸ ਦੀਆਂ ਅਣਥਕ ਕੋਸ਼ਿਸ਼ਾਂ ਅਤੇ ਯਤਨਾਂ ਸਦਕਾ ਹੋਂਦ ਵਿਚ ਆਈ ਹੈ। ਭਾਸ਼ਾ ਇਕ ਅਜਿਹੀ ਮਨੁਖੀ ਦੇਣ ਹੈ ਜੋ ਅਨੁਕਰਨ ਜਾਂ ਨਕਲ ਰਾਹੀਂ ਹੀ ਸਿੱਖੀ ਜਾਂਦੀ ਹੈ।ਇਹ ਕੋਈ ਕੁਦਰਤੀ ਦੇਣ ਨਹੀਂ,ਇਹ ਤਾਂ ਮਨੁੱਖ ਨੂੰ ਸਿੱਖਣੀ ਪੈਂਦੀ ਹੈ। ਉਦਾਰਣ ਵਜੋਂ , ਜੇਕਰ ਕਿਸੇ ਬੱਚੇ ਨੂੰ ਸਮਾਜ ਤੋਂ ਦੂਰ ਛੱਡ ਦਿੱਤਾ ਜਾਵੇਗਾਂ ਉਹ ਦੇਖਣਾ, ਚਲਣਾ, ਸੁਣਨਾ ਸਿੱਖ ਸਕੇਗਾ। ਉਹ ਮਨੁੱਖ ਹੀ ਭਾਸ਼ਾ ਗ੍ਰਹਿਣ ਕਰ ਸਕਦਾ ਹੈ ਜੋ ਇਕ ਮਨੁੱਖੀ ਸਮਾਜ ਵਿਚ ਨਿਵਾਸ ਕਰਦਾ ਹੈ। ਅਨੁਕਰਨ ਰਾਹੀਂ ਸਿੱਖੀ ਜਾਣ ਕਰਕੇ ਇਸਨੂ ਮਨੁੱਖ ਦੀ ਸੰਘਰਸ਼ਮਈ ਦੇਣ ਕਿਹਾ ਜਾਂਦਾ ਹੈ।

**2. ਆਪਹੁਦਰਾਪਨ-**ਭਾਸ਼ਾ ਦੀ ਮਹੱਤਵਪੂਰਨ ਵਿਸ਼ੇਸ਼ਤਾ ਉਸ ਦਾ ਆਪਹੁਦਰਾਪਨ ਹੈ। ਸ਼ਬਦਾਂ ਦੀਆਂ ਧੁਨੀਆਂ ਅਤੇ ਸ਼ਬਦਾਂ ਦੇ ਅਰਥਾਂ ਦਾ ਸੰਬੰਦ ਆਪਹੁਦਰਾਪਨ ਹੁੰਦਾ ਹੈ।ਕਈ ਧੁਨੀਆਮਕ ਸ਼ਬਦਾਂ ਦਾ ਅਰਥਾਂ ਦੇ ਨਾਲ ਸੰਬੰਧ ਨਹੀਂ ਰਖਦੇ,ਇਹੋ ਹੀ ਭਾਸ਼ਾ ਦਾ ਆਪਹੁਦਰਾਪਨ ਹੁੰਦਾ ਹੈ। ਕੁਝ ਚੀਜਾਂ ਦੇ ਨਾਮ ਅਸੀਂ ਆਪਣੀ ਮਰਜੀ ਅਨੁਸਾਰ ਰੱਖ ਸਕਦੇ ਹਾਂ।ਇਹ ਉਹਨਾਂ ਚੀਜਾਂ ਦੇ ਨਾਮ ਨਹੀਂ ਸਗੋਂ ਚਿੰਨ੍ਹ ਹੁੰਦੇ ਹਨ।

**3. ਦੁਪੱਖਤਾ-** ਭਾਸ਼ਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੇ ਹਮੇਸ਼ਾ ਦੋ ਪੱਖ ਹੁੰਦੇ ਹਨ।ਇਕ 'ਵਕਤਾ' ਤੇ ਦੂਸਰਾ 'ਸਰੋਤਾ'। 'ਵਕਤਾ' ਭਾਵ ਬੋਲਣ ਵਾਲਾ ਤੇ 'ਸਰੋਤਾ' ਭਾਵ ਸੁਣਨ ਵਾਲਾ। ਜੇਕਰ ਇਹਨਾਂ ਦੋਹਾਂ ਪੱਖਾਂ ਵਿਚੋਂ ਇਕ ਪੱਖ ਦੀ ਅਣਹੋਂਦ ਹੈ ਤਾਂ ਉਸਨੂੰ ਭਾਸ਼ਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਸਮੇਂ ਭਾਸ਼ਾ ਸੰਚਾਰ ਦੇ ਮਾਧਿਅਮ ਦਾ ਕੰਮ ਨਹੀਂ ਕਰ ਰਹੀ ਹੁੰਦੀ।

**4. ਭਾਸ਼ਾ ਸੰਚਾਰ ਦਾ ਮਾਧਿਅਮ ਹੈ-** ਭਾਸ਼ਾ ਦੀ ਸਿਰਜਨਾ ਮਨੁੱਖੀ ਸਮਾਜ ਲਈ ਕੀਤੀ ਗਈ ਹੈ। ਭਾਸ਼ਾ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਆਪਣੇ ਮਨ ਦੇ ਹਾਵਾਂ- ਭਾਵਾਂ,ਵਿਚਾਰਾਂ ਨੂੰ ਸਾਰਥਕ ਧੁਨੀ ਸੰਕੇਤਾਂ ਰਾਹੀਂ ਦੂਜਿਆਂ ਅਗੇ ਪ੍ਰਗਟ ਕਰਦਾ ਹੈ।ਇਸ ਤਰ੍ਹਾਂ ਮਨੁੱਖ ਆਪਣੇ ਹਾਵਾਂ-ਭਾਵਾਂ ਦਾ ਵਟਾਂਦਰਾ ਭਾਸ਼ਾ ਰਾਹੀਂ ਹੀ ਕਰਦਾ ਹੈ, ਜੋ ਕਿ ਵਿਚਾਰਾਂ ਲਈ ਸੰਚਾਰ ਦੇ ਮਾਧਿਅਮ ਦਾ ਕੰਮ ਕਰਦੀ ਹੈ।ਵਿਚਾਰਾਂ ਦਾ ਸੰਚਾਰ ਕਰਨਾ ਭਾਸ਼ਾ ਦਾ ਮੁੱਖ ਕਾਰਜ ਹੈ।ਵਿਚਾਰਾਂ ਦੇ ਸੰਚਾਰ ਲਈ ਭਾਵੇਂ ਅਸ਼ਾਬਦਿਕ ਚਿੰਨ੍ਹ ਵੀ ਵਰਤੇ ਜਾਂਦੇ ਹਨ ਪ੍ਰੰਤੂ ਭਾਸ਼ਾ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਸੋ ਭਾਸ਼ਾ ਸੰਚਾਰ ਦਾ ਇਕ ਸ਼ਕਤੀਸ਼ਾਲੀ ਤੇ ਸਫਲ ਮਾਧਿਅਮ ਹੈ।

**5. ਭਾਸ਼ਾ ਇਕ ਸਿਸਟਮ ਹੈ-** ਭਾਸ਼ਾ ਨੂੰ ਭਾਸ਼ਾਈ ਚਿੰਨ੍ਹਾਂ ਦਾ ਪ੍ਰਬੰਧ ਜਾਂ ਭਾਸ਼ਾਈ ਚਿੰਨ੍ਹਾਂ ਦਾ ਸਿਸਟਮ ਕਿਹਾ ਜਾਂਦਾ ਹੈ। ਹਰ ਭਾਸ਼ਾ ਦਾ ਆਪਣਾ ਆਪਣਾ ਸਿਸਟਮ ਹੁੰਦਾ ਹੈ।ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੈ।ਧੁਨੀਆਂ ਦੇ ਮੇਲ ਨਾਲ ਸ਼ਬਦ ਅਤੇ ਸ਼ਬਦਾਂ ਦੇ ਮੇਲ ਨਾਲ ਵਾਕੰਸ਼ ਅਤੇ ਵਾਕ ਬਣਦੇ ਹਨ ਇਹ ਸਭ ਇਕਾਈਆਂ ਇਕ ਸਿਸਟਮ ਅਧੀਨ ਹੀ ਵਿਚਰਦੀਆਂ ਹਨ।ਵਾਕ ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਹੈ। ਪੰਜਾਬੀ ਵਿਚ ਸਾਧਾਰਨ ਵਾਕ ਦਾ ਇਕ ਸਿਸਟਮ ਹੈ। ਕਰਤਾ+ਕਰਮ+ਕਿਰਿਆ ਉਦਾਹਰਨ ਵਜੋਂ ਪੰਜਾਬੀ ਦਾ ਵਾਕ ਹੈ 'ਉਹ ਪੱਤਰ ਲਿਖ ਰਿਹਾ ਹੈ' ਇਸ ਵਾਕ ਵਿਚ ਉਹ ਕਰਤਾ ਪੱਤਰ ਲਿਖਣਾ ਕਰਮ ਕਰ ਰਿਹਾ ਹੈ,ਇਸ ਵਿਚ ਲਿਖ ਕਿਰਿਆ ਹੈ। ਇਸ ਤਰ੍ਹਾਂ ਅੰਗਰੇਜੀ ਭਾਸ਼ਾ ਦਾ

ਆਪਣਾ ਸਿਸਟਮ ਹੈ, ਕਰਤਾ+ਕਿਰਿਆ ਅਤੇ ਕਰਮ।ਜੇਕਰ ਇਸ ਸਿਸਟਮ ਨੂੰ ਵਾਕ ਵਿਚੋਂ ਖਾਰਜ ਕਰ ਦਿੱਤਾ ਜਾਵੇ ਤਾਂ ਵਾਕ ਦੀ ਸਾਰਥਕ ਹੋਂਦ ਖਤਮ ਹੋ ਜਾਂਦੀ ਹੈ।

**6. ਭਾਸ਼ਾ ਇਕ ਇਤਿਹਾਸਕ ਉਪਜ ਹੈ**-ਭਾਸ਼ਾ ਸਦੀਆਂ ਦੇ ਲੰਮੇ ਮਨੁੱਖੀ ਇਤਹਾਸ ਦੀ ਉਪਜ ਹੈ।ਇਹ ਕਿਸੇ ਇਕ ਸਮਾਜ ਦੀ ਉਪਜ ਨਹੀਂ ਸਗੋਂ ਸਮਾਜ ਦੀਆਂ ਸੈਂਕੜੇ ਪੀੜੀਆਂ ਦੀਆਂ ਅਣਥਕ ਕੌਸ਼ਿਸਾਂ ਤੇ ਯਤਨਾਂ ਦਾ ਸਿੱਟਾ ਹੈ। ਭਾਸ਼ਾ ਦਾ ਜਨਮ,ਵਿਕਾਸ ਉੱਤੇ ਮੌਤ ਸਮਾਜ ਦੇ ਜਨਮ,ਵਿਕਾਸ ਅਤੇ ਮੌਤ ਨਾਲ ਹੁੰਦੀ ਹੈ। ਜੇਕਰ ਸਮਾਜ ਨਹੀਂ ਤਾਂ ਭਾਸ਼ਾ ਨਹੀਂ।ਕਿਸੇ ਵੀ ਭਾਸ਼ਾ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਲਈ ਸਮਾਜ ਦੇ ਇਤਿਹਾਸ ਨੂੰ ਵੱਖ ਕਰਕੇ ਸਮਝਣਾ ਤੇ ਪਰਖਣਾ ਉਚਿੱਤ ਨਹੀਂ।

**7. ਭਾਸ਼ਾ ਚਿੰਨ੍ਹਾਂ ਦੀ ਪ੍ਰਣਾਲੀ ਹੈ**- ਭਾਸ਼ਾ ਚਿੰਨ੍ਹਾਤਿਮਕ ਹੈ ਜਿਸ ਨੂੰ ਚਿੰਨ੍ਹਾਂ ਦੀ ਇਕ ਪ੍ਰਣਾਲੀ ਕਿਹਾ ਜਾਂਦਾ ਹੈ।ਇਸ ਨੂੰ ਲਿਖਣ ਲਈ ਕੁਝ ਵਿਸ਼ੇਸ ਚਿੰਨ੍ਹਾਂ ਦੀ ਲੋੜ ਹੁੰਦੀ ਹੈ।ਇਹ ਚਿੰਨ੍ਹ ਇਕ ਵਿਸ਼ੇਸ ਤਰਤੀਬ ਅਧੀਨ ਹੀ ਵਿਚਰਦੇ ਹਨ।ਕਿਸੇ ਜੀਵ/ ਵਸਤੂ ਜਾਂ ਚੀਜ ਲਈ ਵਰਤਿਆ ਗਿਆ ਸ਼ਬਦ ਉਸਦਾ ਭਾਸ਼ਾਈ ਚਿੰਨ੍ਹ ਹੁੰਦਾ ਹੈ।

ਸੌਸਿਊਰ(Saussure) ਨੇ ਇਸ ਲਈ ਚਿੰਨ੍ਹ (Sign),ਚਿੰਨ੍ਹਕ (Siginifer) ਅਤੇ ਚਿੰਨ੍ਹਤ (Siginifed) ਦਾ ਸੰਕਲਪ ਪੇਸ਼ ਕੀਤਾ ਹੈ।

**8. ਭਾਸ਼ਾ ਪਰਿਵਰਤਨਸ਼ੀਲ ਹੈ**- ਭਾਸ਼ਾ ਪਰਿਵਰਤਨਸ਼ੀਲ ਹੈ ਇਸੇ ਵਿਚ ਉਸਦਾ ਵਿਕਾਸ ਨਿਹਤ ਹੈ। ਕੋਈ ਵੀ ਭਾਸ਼ਾ ਜਿੰਨੇ ਵੀ ਉਤਾਰ-ਚੜਾਅ ਦੇਖੇਗੀ ਉੱਨੀ ਹੀ ਅਮੀਰ ਹੋਵੇਗੀ। ਭੌਤਿਕ, ਭੂਗੌਲਿਕ, ਸਭਿਆਚਾਰਕ, ਸਮਾਜਿਕ ਆਦਿ ਭਿੰਨਤਾਵਾਂ ਦੇ ਕਾਰਨ ਭਾਸ਼ਾ ਦਾ ਪਰਿਵਰਤਨਸ਼ੀਲ ਹੋਣਾ ਲਾਜਮੀ ਹੈ। ਪਸ਼ੂ ਸੰਚਾਰ ਪ੍ਰਣਾਲੀ ਅਤੇ ਮਨੁੱਖੀ ਸੰਚਾਰ ਪ੍ਰਣਾਲੀ (ਭਾਸ਼ਾ) ਵਿਚ ਇਹੀ ਫਰਕ ਹੈ ਕਿ ਮਨੁੱਖੀ ਭਾਸ਼ਾ ਵਿਚ ਪਰਿਵਰਤਨ ਹੀ ਭਾਸ਼ਾ ਦਾ ਜੀਵਨ ਹੈ।

**9. ਭਾਸ਼ਾ ਇਕ ਗਤੀਸ਼ੀਲ ਪ੍ਰਕਿਰਿਆ ਹੈ**-ਭਾਸ਼ਾ ਵਿਚ ਪਰਿਵਰਤਨ ਦੇ ਕਾਰਨ ਹੀ ਇਸ ਨੂੰ ਗਤੀਸ਼ੀਲ ਪ੍ਰਕਿਰਿਆ ਕਿਹਾ ਜਾਂਦਾ ਹੈ। ਸਮਾਜਿਕ ਵਿਕਾਸ ਦੇ ਨਾਲ ਨਾਲ ਭਾਸ਼ਾ ਦਾ ਵਿਕਾਸ ਵੀ ਲਗਾਤਾਰ ਹੁੰਦਾ ਰਹਿੰਦਾ ਹੈ ਅਤੇ ਇਸ ਵਿਕਾਸ ਪੜਾਅ ਦੇ ਦੌਰਾਨ ਉਸ ਵਿਚ ਅਨੇਕਾਂ ਪਰਿਵਰਤਨ ਆਉਂਦੇ ਰਹਿੰਦੇ ਹਨ। ਸ਼ਬਦਾਂ,ਵਾਕਾਂ ਵਿਚ ਇਕਸਾਰਤਾ ਕਾਇਮ ਨਹੀਂ ਰਹਿੰਦੀ। ਮਨੁੱਖੀ ਵਿਕਾਸ ਦੀ ਦੇਣ ਹੋਣ ਕਰਕੇ ਇਹ ਲਗਾਤਾਰ ਗਤੀਸ਼ੀਲ ਪ੍ਰਕਿਰਿਆ ਹੈ।ਸੋ ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਸ਼ਾ ਸੰਚਾਰ ਦਾਇਕ ਗਤੀਸ਼ੀਲ ਸਫਲ ਮਾਧਿਅਮ ਹੈ।ਸਭਿਆਚਾਰਕ ਤੇ ਮਾਨਵੀ ਹੋਂਦ ਦਾ ਆਧਾਰ 'ਭਾਸ਼ਾ' ਹੀ ਹੈ।ਭਾਸ਼ਾ ਦੀਆਂ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ ਜੋ ਇਸ ਨੂੰ ਹੋਰ ਸੰਚਾਰ ਪ੍ਰਣਾਲੀਆਂ ਨਾਲੋਂ ਵੱਖਰਾ ਕਰਦੀਆਂ ਹਨ।ਇਹ ਵਿਸ਼ੇਸ਼ ਭਾਸ਼ਾ ਦੀਆਂ ਨਹੀਂ ਸਗੋਂ ਸਰਵ ਸਾਂਝੀਆਂ ਹਨ। ਭਾਸ਼ਾ ਦੀ ਪ੍ਰਕਿਰਤੀ ਨੂੰ ਸਮਝਣ ਲਈ ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

### 1.1.6 ਭਾਸ਼ਾ ਵਿਗਿਆਨ ਪਰਿਭਾਸ਼ਾ ਅਤੇ ਖੇਤਰ

ਭਾਸ਼ਾ ਵਿਗਿਆਨ ਮਨੁੱਖੀ ਭਾਸ਼ਾ ਦੇ ਵਿਗਿਆਨਿਕ ਅਧਿਐਨ ਨੂੰ ਕਿਹਾ ਜਾਂਦਾ ਹੈ।ਵਿਸ਼ਾ ਵੰਡ ਦੇ ਪੱਖੋਂ ਇਸਨੂੰ ਭਾਸ਼ਾ - ਸੰਰਚਨਾ (ਵਿਆਕਰਨ) ਅਤੇ ਅਰਥਾਂ ਦਾ ਅਧਿਐਨ (ਸਇਮਓਨਟਿਚਸ) ਵਿੱਚ ਵੰਡਿਆ ਜਾਂਦਾ ਹੈ। ਭਾਸ਼ਾ ਵਿਗਿਆਨ ਦੇ ਅਧਿਏਤਾ ਭਾਸ਼ਾ ਵਿਗਿਆਨੀ ਕਹਾਂਦੇ ਹਨ। ਇਸ ਵਿੱਚ ਭਾਸ਼ਾ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਅਤੇ ਵਰਣਨ ਕਰਨ ਦੇ ਨਾਲ ਹੀ ਵੱਖ ਵੱਖ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾਂਦਾ ਹੈ। ਪ੍ਰਾਚੀਨ ਕਾਲ ਵਿੱਚ ਭਾਸ਼ਾ ਵਿਗਿਆਨਿਕ ਅਧਿਐਨ ਮੂਲ ਤੌਰ 'ਤੇ ਭਾਸ਼ਾ ਦੀ ਸਹੀ ਵਿਆਖਿਆ ਕਰਨ ਦੀ ਕੋਸ਼ਿਸ਼ ਦੇ ਰੂਪ ਵਿੱਚ ਸੀ। ਸਭ ਤੋਂ ਪਹਿਲਾਂ ਚੌਥੀ ਸਦੀ ਈਸਾ ਪੂਰਵ ਵਿੱਚ ਪਾਣਿਨੀ ਨੇ ਸੰਸਕ੍ਰਿਤ ਦੀ ਵਿਆਕਰਨ ਲਿਖੀ ਜਿਸ ਦਾ ਨਾਮ

ਅਸ਼ਟਅਧਿਆਈ ਹੈ।ਕਿਸੇ ਵੀ ਅਧਿਐਨ ਨੂੰ ਵਿਗਿਆਨਿਕ ਤਾਂ ਹੀ ਕਿਹਾ ਜਾ ਸਕਦਾ ਹੈ ਜੇਕਰ ਉਹ ਤੱਥਾਂ ਦੇ ਨਿਰੀਖਣ ਉੱਤੇ ਆਧਾਰਿਤ ਹੋਵੇ।

ਭਾਸ਼ਾ-ਵਿਗਿਆਨੀ ਭਾਸ਼ਾਈ ਉਚਾਰਨ ਦਾ ਜਿਵੇਂ ਨਿਰੀਖਣ ਕਰਦਾ ਹੈ, ਉਸੇ ਤਰ੍ਹਾਂ ਉਸ ਨੂੰ ਬਿਆਨ ਕਰ ਦਿੰਦਾ ਹੈ। ਉਸ ਦਾ ਕੰਮ ਸਮਾਜ ਵਿੱਚ ਵਰਤੇ ਜਾਣ ਵਾਲੇ ਉਚਾਰਨ ਪਿੱਛੇ ਕਾਰਜਸ਼ੀਲ ਨਿਯਮ ਲੱਭਣਾ ਹੈ। ਮਿਸਾਲ ਵਜੋਂ, ਜੇ ਭਾਸ਼ਾ-ਵਿਗਿਆਨੀ ਕਿਸੇ ਭਾਸ਼ਾ ਦੀ ਧੁਨੀ ਵਿਉਂਤ ਦਾ ਅਧਿਐਨ ਕਰਨ ਲੱਗਦਾ ਹੈ, ਸਭ ਤੋਂ ਪਹਿਲਾਂ ਉਹ ਧੁਨੀਆਤਮਿਕ ਵਰਗੀਕਰਨ ਕਰਦਾ ਹੈ। ਜੇਕਰ ਉਹ ਇਹ ਕਹਿੰਦਾ ਹੈ ਕਿ ਪੰਜਾਬੀ ਵਿੱਚ ਨੀਵੀਂ ਸੁਰ ਮੌਜੂਦ ਹੈ ਤਾਂ ਉਹ ਘੱਟ ਅਤੇ ਕੱਟ ਦੋ ਸ਼ਬਦਾਂ ਨੂੰ ਵਿਰੋਧ ਵਿੱਚ ਰੱਖ ਕੇ ਦੋਹਾਂ ਦੇ ਫ਼ਰਕ ਨੂੰ ਸਥਾਪਿਤ ਕਰਦਾ ਹੈ। ਕੁਝ ਕੁ ਅੰਦਾਜ਼ੇ ਤਾਂ ਪਹਿਲਾਂ ਲਾਉਣੇ ਪੈਂਦੇ ਹਨ ਅਤੇ ਫੇਰ ਉਹਨਾਂ ਨੂੰ ਟੈਸਟ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਤੱਥ ਦੀ ਹੋਂਦ ਪ੍ਰਤੱਖ ਹੋ ਸਕੇ। ਜੇਕਰ ਇਹ ਅਨੁਮਾਨ ਲਾਇਆ ਜਾਵੇ ਕਿ ਲ ਅਤੇ ਲ਼ ਵਿੱਚ ਕੋਈ ਕਾਰਜੀ ਅੰਤਰ ਨਹੀਂ ਤਾਂ ਸਮਗਰੀ ਤੋਂ ਇਸ ਬਾਰੇ ਨਿਰੀਖਣ ਕੀਤਾ ਜਾਂਦਾ ਹੈ ਜੇਕਰ ਇਹ ਧੁਨੀਆਂ ਸਾਰਥਕ ਸਿੱਧ ਹੋ ਜਾਣ ਤਾਂ ਆਪਣੇ ਵਿਚਾਰ ਬਦਲਣੇ ਪੈਂਦੇ ਹਨ। ਇੱਕ ਭਾਸ਼ਾਈ ਸਿਧਾਂਤ ਨੂੰ ਸਥਾਪਿਤ ਕਰਨ ਲਈ ਕਈ ਮਿਸਾਲਾਂ ਨੂੰ ਪਰਖਣਾ ਭਾਸ਼ਾ ਦੇ ਅਧਿਐਨ ਲਈ ਲਾਜ਼ਮੀ ਹੋ ਜਾਂਦਾ ਹੈ।

ਇਸ ਤਰ੍ਹਾਂ ਭਾਸ਼ਾ-ਵਿਗਿਆਨ ਭਾਸ਼ਾ ਦੇ ਵੱਖ-ਵੱਖ ਭਾਸ਼ਾਈ ਨਮੂਨਿਆਂ ਦੀ ਪਰਿਕਲਪਨਾ ਕਰਦੇ ਹੋਏ ਅਤੇ ਇਹਨਾਂ ਦੀ ਪੁਸ਼ਟੀ ਕਰਦੇ ਹੋਏ ਪਰਿਵਰਤਨ ਜਾਂ ਸਵੀਕ੍ਰਿਤੀ ਦੇ ਪੱਧਰ ਤੱਕ ਪਹੁੰਚਦਾ ਹੈ। ਜੇਕਰ ਭਾਸ਼ਾ-ਵਿਗਿਆਨ ਭਾਸ਼ਾ ਦਾ ਵਿਗਿਆਨ ਹੈ ਤਾਂ ਇਸ ਵਿੱਚ ਭਾਸ਼ਾ ਦਾ ਸਮੁੱਚਾ ਇਤਿਹਾਸ, ਉਸ ਦਾ ਹਰ ਰੂਪ ਭਾਸ਼ਾ-ਵਿਗਿਆਨ ਦੇ ਅਧਿਐਨ ਦਾ ਵਿਸ਼ਾ ਬਣ ਜਾਂਦਾ ਹੈ। ਭਾਸ਼ਾ-ਵਿਗਿਆਨ, ਭਾਸ਼ਾ ਦੀ ਅਜਿਹੀ ਤਸਵੀਰ ਦਰਸਾਉਂਦਾ ਹੈ ਜਿਸ ਵਿੱਚ ਭਾਸ਼ਾ ਦੇ ਭਿੰਨ ਭਿੰਨ ਅੰਗਾਂ ਅਤੇ ਸਰੂਪਾਂ ਦਾ ਵਿਵੇਚਨ ਕੀਤਾ ਜਾਂਦਾ ਹੈ, ਜਿਵੇਂ ਧੁਨੀ-ਵਿਗਿਆਨ ਵਿੱਚ ਧੁਨੀਆਂ ਦੇ ਉਚਾਰਨ ਉਹਨਾਂ ਦੀ ਪ੍ਰਕਿਰਤੀ ਬਾਰੇ ਪੂਰੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਰੂਪ-ਵਿਗਿਆਨ (ਸ਼ਬਦ-ਵਿਗਿਆਨ) ਵਿੱਚ ਧੁਨੀ ਤੋਂ ਲੈ ਕੇ ਸ਼ਬਦਾਂ ਤਕ ਦਾ ਅਧਿਐਨ ਕੀਤਾ ਜਾਂਦਾ ਹੈ।

ਭਾਸ਼ਾ-ਵਿਗਿਆਨੀ ਭਾਸ਼ਾ ਦਾ ਅਧਿਐਨ ਦੋ ਪਹਿਲੂਆਂ ਤੋਂ ਕਰਦਾ ਹੈ। ਇਤਿਹਾਸਿਕ ਅਧਿਐਨ ਅਤੇ ਸਮਕਾਲਿਕ ਅਧਿਐਨ। ਇਤਿਹਾਸਿਕ ਅਧਿਐਨ ਵਿੱਚ ਭਾਸ਼ਾ ਦੇ ਇਤਿਹਾਸਿਕ ਵਿਕਾਸ ਕ੍ਰਮ ਦੇ ਪੜਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਿਸ ਵਿੱਚ ਮੂਲਾਤਮਿਕ, ਰੂਪਾਤਮਿਕ, ਰਚਨਾਤਮਿਕ ਅਤੇ ਅਰਥਾਤਮਿਕ ਪੱਧਰਾਂ ਤੇ ਅਧਿਐਨ ਵਿੱਚ ਸਮਕਾਲੀਨ ਭਾਸ਼ਾਵਾਂ ਦੀ ਸੰਰਚਨਾ ਦਾ ਅਧਿਐਨ ਕੀਤਾ ਜਾਂਦਾ ਹੈ। ਮਿਸਾਲ ਵਜੋਂ, ਪੰਜਾਬੀ ਇੱਕ ਮਨੁੱਖੀ ਭਾਸ਼ਾ ਹੈ। ਪੰਜਾਬੀ ਨੂੰ ਮੁੱਖ ਮੰਨ ਕੇ ਉਸ ਦੀਆਂ ਕਈ ਬੋਲੀਆਂ ਮੰਨੀਆਂ ਜਾਂਦੀਆਂ ਹਨ, ਜਿਵੇਂ- ਮਾਝੀ, ਪੁਆਧੀ, ਦੁਆਬੀ, ਮਲਵਈ ਆਦਿ। ਇਹਨਾਂ ਬੋਲੀਆਂ ਨੂੰ ਪੰਜਾਬੀ ਭਾਸ਼ਾ ਦੀਆਂ ਬੋਲੀਆਂ ਮੰਨਣਾ ਇਤਿਹਾਸਿਕ ਦ੍ਰਿਸ਼ਟੀਕੋਣ ਹੈ ਜਦੋਂ ਕਿ ਹਰ ਇੱਕ ਬੋਲੀ ਨੂੰ ਵੱਖੋ-ਵੱਖਰਾ ਮੰਨ ਕੇ ਅਧਿਐਨ ਕਰਨਾ ਸਮਕਾਲਿਕ ਦ੍ਰਿਸ਼ਟੀਕੋਣ ਹੈ। ਸਮਕਾਲੀ ਦ੍ਰਿਸ਼ਟੀ ਦੇ ਅਧੀਨ ਵਰਤਮਾਨ ਵਿੱਚ ਭਿੰਨ-ਭਿੰਨ ਅਧਿਐਨ ਪੱਧਤੀਆਂ ਵਿਕਸਿਤ ਹੋਈਆਂ ਹਨ। ਵਰਣਨਾਤਮਿਕ ਸੰਰਚਨਾਤਮਿਕ, ਤੁਲਨਾਤਮਿਕ ਅਤੇ ਪ੍ਰਯੋਗਾਤਮਿਕ।

ਭਾਸ਼ਾ ਦੇ ਆਂਤਰਿਕ ਢਾਂਚੇ ਦਾ ਵਿਸ਼ਲੇਸ਼ਣ ਕਰਨ ਦੇ ਉਦੇਸ਼ ਤੋਂ ਜਿਸ ਭਾਸ਼ਾ ਅਧਿਐਨ ਪੱਧਤੀ ਦਾ ਵਿਕਾਸ ਹੋਇਆ ਉਸ ਨੂੰ ਵਰਣਨਾਤਮਿਕ ਕਿਹਾ ਗਿਆ। ਇਸੇ ਦਿਸ਼ਾ ਵਿੱਚ ਅੱਗੇ ਵਧਦਿਆਂ ਕਿਸੇ ਭਾਸ਼ਾ ਦੇ ਸੰਰਚਨਾ ਤੱਤਾਂ ਦੇ ਸੂਖ਼ਮ ਅਧਿਐਨ ਨੂੰ ਸੰਰਚਨਾਤਮਿਕ ਅਧਿਐਨ ਪੱਧਤੀ ਦਾ ਨਾਂ ਦਿੱਤਾ ਗਿਆ। ਜੇਕਰ ਦੋ ਜਾਂ ਵੱਖ ਭਾਸ਼ਾਵਾਂ ਦੀ ਬਣਤਰ ਦੀ ਆਪਸੀ ਤੁਲਨਾ ਕੀਤੀ ਜਾਵੇ ਤਾਂ ਉਹ ਅਧਿਐਨ ਤੁਲਨਾਤਮਿਕ ਅਧਿਐਨ ਅਖਵਾਉਂਦਾ ਹੈ। ਇਸੇ ਤਰ੍ਹਾਂ ਧੁਨੀਆਂ ਦੇ ਉਚਾਰਨ, ਸ਼੍ਰਵਣ ਅਤੇ ਗ੍ਰਹਿਣ ਦੀ ਸੂਖ਼ਮਤਾ ਨੂੰ ਜਾਣਨ ਲਈ ਭਿੰਨ-ਭਿੰਨ ਵਿਗਿਆਨਿਕ ਤਕਨੀਕੀ ਯੰਤਰਾਂ ਰਾਹੀਂ ਉਚਾਰਨੀ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਨੂੰ ਪ੍ਰਯੋਗਾਤਮਿਕ ਅਧਿਐਨ ਪੱਧਤੀ ਦਾ ਨਾਂ ਦਿੱਤਾ ਜਾਂਦਾ ਹੈ।

ਆਧੁਨਿਕ ਦ੍ਰਿਸ਼ਟੀ ਨੇ ਭਾਸ਼ਾ ਅਧਿਐਨ ਦੀਆਂ ਹੋਰਨਾਂ ਕਈ ਪੱਧਤੀਆਂ ਨੂੰ ਜਨਮ ਦਿੱਤਾ ਜਿਵੇਂ ਭਾਸ਼ਾ ਮਨੋ-ਵਿਗਿਆਨ, ਸਮਾਜ ਭਾਸ਼ਾ-ਵਿਗਿਆਨ, ਭਾਸ਼ਾ ਭੂਗੋਲ, ਭਾਸ਼ਾ ਅਧਿਆਪਨ ਆਦਿ। ਵੀਹਵੀਂ ਸਦੀ ਦੇ ਅਰੰਭ ਵਿੱਚ ਯੂਰਪ ਦੇ ਪ੍ਰਸਿੱਧ ਭਾਸ਼ਾ-ਵਿਗਿਆਨੀ ਸੋਸਿਊਰ ਨੇ ਆਧੁਨਿਕ ਭਾਸ਼ਾ-ਵਿਗਿਆਨ ਦੀ ਨੀਂਹ ਰੱਖੀ। ਸੋਸਿਊਰ ਮੁਤਾਬਕ 1. ਭਾਸ਼ਾ ਦਾ ਜੀਵਿਤ ਅਤੇ ਬੋਲ-ਚਾਲ ਦਾ ਰੂਪ ਅਧਿਐਨ ਲਈ ਮਹੱਤਵਪੂਰਨ ਹੈ। 2. ਭਾਸ਼ਾ ਵਿਗਿਆਨ ਸਮਕਾਲੀਨ ਅਤੇ ਇਤਿਹਾਸਿਕ ਦੋ ਤਰ੍ਹਾਂ ਦਾ ਹੁੰਦਾ ਹੈ ਪਰ ਇਸ ਵਿੱਚ ਸਮਕਾਲਿਕ ਵਧੇਰੇ ਮਹੱਤਵਪੂਰਨ ਹੈ 3. ਭਾਸ਼ਾ ਦੇ ਅਧਿਐਨ ਦਾ ਉਦੇਸ਼ ਇਸਦੀ ਅੰਦਰੂਨੀ ਬਣਤਰ ਦੀ ਖੋਜ ਕਰਨਾ ਹੈ। ਆਧੁਨਿਕ ਭਾਸ਼ਾ-ਵਿਗਿਆਨ ਨੂੰ ਗਤੀ ਪ੍ਰਦਾਨ ਕਰਨ ਵਾਲੇ ਦੂਜੇ ਭਾਸ਼ਾ-ਵਿਗਿਆਨੀ ਬੋਆਸ ਸਪੀਰ ਅਤੇ ਬਲੂਮ ਫੀਲਡ ਸਨ। ਬੋਆਸ ਨੇ ਸਮਕਾਲਿਕ ਵਰਣਨਾਤਮਿਕ ਅਧਿਐਨ ਤੇ ਬਲ ਦਿੱਤਾ। ਸਪੀਰ ਨੇ ਮਾਨਵ-ਵਿਗਿਆਨ ਅਤੇ ਸਮਾਜ-ਵਿਗਿਆਨ ਦੇ ਪਰਿਪੇਖ ਵਿੱਚ ਭਾਸ਼ਾ ਦੇ ਅਧਿਐਨ ਤੇ ਜ਼ੋਰ ਦਿੱਤਾ। ਬਲੂਮਫੀਲਡ ਨੇ ਵੀ ਵਰਣਨਾਤਮਿਕ ਭਾਸ਼ਾ-ਵਿਗਿਆਨ ਤੇ ਬਲ ਦਿੱਤਾ।

ਭਾਸ਼ਾ-ਵਿਗਿਆਨ ਦੇ ਕਈ ਸਕੂਲ ਸਨ ਜਿਵੇਂ ਬ੍ਰਿਟਿਸ਼ ਸਕੂਲ, ਲੰਦਨ ਸਕੂਲ, ਅਮਰੀਕੀ ਸਕੂਲ, ਕੋਪਨ ਹਾਗਨ ਅਤੇ ਪਰਾਗ ਸਕੂਲ।

ਭਾਸ਼ਾ ਸ਼ਾਸਤਰ ਲਿਖਤ ਇਤਿਹਾਸਕ ਸਰੋਤਾਂ ਵਿੱਚ ਲਿਖੀ ਹੋਈ ਭਾਸ਼ਾ ਦਾ ਅਧਿਐਨ ਹੈ। ਇਹ ਸਾਹਿਤ ਆਲੋਚਨਾ, ਇਤਿਹਾਸ ਅਤੇ ਭਾਸ਼ਾ ਵਿਗਿਆਨ ਦਾ ਸੁਮੇਲ ਹੈ।

20ਵੀਂ ਸਦੀ ਵਿੱਚ ਫ਼ਰਦੀਨਾ ਦ ਸੌਸਿਊਰ ਨੇ ਆਧੁਨਿਕ ਭਾਸ਼ਾ ਵਿਗਿਆਨ ਦੇ ਨੀਂਹ ਰੱਖੀ ਅਤੇ ਇਕਾਲਿਕ ਅਧਿਐਨ ਉੱਤੇ ਜ਼ੋਰ ਦਿੱਤਾ ਇਸ ਕਰ ਕੇ ਭਾਸ਼ਾ ਸ਼ਾਸਤਰ ਵਿੱਚ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ (ਦੁਕਾਲਿਕ ਅਧਿਐਨ) ਦਾ ਅਧਿਐਨ ਕੀਤਾ ਜਾਂਦਾ ਹੈ ਅਤੇ ਇਸ ਕਰ ਕੇ ਇਸਨੂੰ ਭਾਸ਼ਾ ਵਿਗਿਆਨ ਦੇ ਉਲਟ ਅਰਥਾਂ ਵਿੱਚ ਮੰਨਿਆ ਜਾਂਦਾ ਹੈ।

ਮਾਨਵ ਵਿਗਿਆਨ ਪਰਿਭਾਸ਼ਾ

ਏਰਿਕ ਬਘਿਆੜ: "'ਮਾਨਵ-ਵਿਗਿਆਨ' ਵਿਸ਼ੇ ਦੇ ਮਾਮਲਿਆਂ ਵਿਚ ਬੰਨ੍ਹ ਨਾਲੋਂ ਘੱਟ ਵਿਸ਼ਾ ਵਸਤੂ ਹੈ। ਇਹ ਇਕ ਇਤਿਹਾਸ ਹੈ, ਕੁਝ ਸਾਹਿਤ ਹੈ; ਕੁਝ ਕੁਦਰਤੀ ਵਿਗਿਆਨ, ਭਾਗ ਸਮਾਜਕ; ਇਹ ਮਨੁੱਖਾਂ ਨੂੰ ਅੰਦਰੋਂ ਅਤੇ ਬਾਹਰੋਂ ਅਧਿਐਨ ਕਰਨ ਦੀ ਕੋਸ਼ਿਸ਼ ਕਰਦਾ ਹੈ; ਇਹ ਦੋਵਾਂ ਰਇਪਰਇਸਇਨਟਸੰਗਾਂ ਨੂੰ ਦਰਸਾਉਂਦਾ ਹੈ. ਮਨੁੱਖ ਅਤੇ ਮਨੁੱਖ ਦਾ ਦਰਸ਼ਨ ਵੇਖਣਾ - ਮਨੁੱਖਤਾ ਦਾ ਸਭ ਤੋਂ ਵਿਗਿਆਨਕ, ਵਿਗਿਆਨ ਦਾ ਸਭ ਤੋਂ ਵੱਧ ਮਨੁੱਖਵਾਦੀ। "

ਜੇਮਜ਼ ਵਿਲੀਅਮ ਲੈੱਟ: "ਮਾਨਵ-ਵਿਗਿਆਨ ਨੇ ਰਵਾਇਤੀ ਤੌਰ 'ਤੇ ਆਪਣੇ ਆਪ ਨੂੰ ਮਨੁੱਖਤਾ ਦਾ ਸਭ ਤੋਂ ਵਿਗਿਆਨਕ ਅਤੇ ਵਿਗਿਆਨ ਦਾ ਸਭ ਤੋਂ ਵੱਧ ਮਾਨਵਵਾਦੀ ਮੰਨਦਿਆਂ ਇਸ ਕੇਂਦਰੀ ਮੁੱਦੇ' ਤੇ ਸਮਝੌਤਾ ਕਰਨ ਦੀ ਸਥਿਤੀ 'ਤੇ ਦਾਅ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਸਮਝੌਤਾ ਹਮੇਸ਼ਾਂ ਮਾਨਵ-ਵਿਗਿਆਨ ਤੋਂ ਬਾਹਰ ਦੇ ਲੋਕਾਂ ਲਈ ਅਜੀਬ ਲੱਗਿਆ ਹੈ ਪਰ ਅੱਜ ਇਹ ਵੱਧਦੀ ਹੀ ਅਜੀਬ ਲੱਗ ਰਹੀ ਹੈ।

### 1.1.7 ਭਾਸ਼ਾ ਵਿਗਿਆਨ ਅਤੇ ਵਿਭਿੰਨ ਅਨੁਸ਼ਾਸ਼ਨ

ਰਾਕੇਟ ਨੇ ਭਾਸ਼ਾ ਵਿਗਿਆਨ ਦੇ ਮਨੋਰਥ ਅਤੇ ਮਨੋਵਿਗਿਆਨ, ਸੰਸਕ੍ਰਿਤੀ, ਇਤਿਹਾਸ, ਦਰਸ਼ਨ, ਵਿਆਕਰਣ ਆਦਿ ਵਿਸ਼ਿਆਂ ਨਾਲ ਇਸ ਦੇ ਨਿਕਟੀ ਸਬੰਧਾਂ ਦੀ ਚਰਚਾ ਕਰਦਿਆਂ ਬੜਾ ਸੋਹਣਾ ਕਿਹਾ ਹੈ ਕਿ ਭਾਸ਼ਾ ਵਿਗਿਆਨ ਅਤੇ ਹੋਰ ਅਜਿਹੇ ਖੇਤਰਾਂ ਜਿਨ੍ਹਾਂ ਲਈ ਭਾਸ਼ਾ ਦੀ ਥੋੜ੍ਹੀ ਬਹੁਤੀ ਵਾਕਫ਼ੀ ਲਾਭਦਾਇਕ ਹੈ, ਵਿਚਕਾਰ ਇਹੋ ਜਿਹਾ ਰਿਸ਼ਤਾ ਹੈ ਜਿਹੋ ਜਿਹਾ ਰਿਸ਼ਤਾ ਕੈਮੀਕਲ ਇੰਜੀਨੀਅਰਿੰਗ ਨਾਲ ਕੈਮਿਸਟਰੀ ਦਾ ਹੁੰਦਾ ਹੈ। ਕੈਮੀਕਲ ਇੰਜੀਨੀਅਰਿੰਗ ਦੀ ਪ੍ਰਕ੍ਰਿਆ ਵਿਚ ਰੰਗ-ਰੋਗਨ ਦੀ ਜਦੋਂ ਵਰਤੋਂ ਹੁੰਦੀ ਹੈ ਅਤੇ ਰੰਗ- ਰੋਗਨ ਦੀ ਥੁੜ੍ਹ ਦੀ ਪੂਰਤੀ ਹਿੱਤ ਉਸ ਦਾ ਕੋਈ ਬਦਲ ਲੱਭਣਾ ਪੈਂਦਾ

ਹੈ ਜਾਂ ਫਿਰ ਰੰਗ-ਰੋਗਨ ਦੀ ਤਾਸੀਰ ਵਿਚ ਤਬਦੀਲੀ ਕਰਨੀ ਪੈਂਦੀ ਹੈ ਤਾਂ ਫਿਰ ਨਿਰੋਲ ਕੈਮਿਸਟਰੀ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਭਾਸ਼ਾ ਵਿਗਿਆਨ ਦਾ ਹੋਰ ਵਿਗਿਆਨਾਂ, ਮਾਨਵਿਕੀ ਵਿਸ਼ਿਆਂ ਨਾਲ ਜੋ ਸੰਬੰਧ ਹੈ, ਉਹ ਕੈਮੀਕਲ ਇੰਜੀਨੀਅਰਿੰਗ ਤੇ ਕੈਮਿਸਟਰੀ ਨਾਲੋਂ ਕਿਤੇ ਜ਼ਿਆਦਾ ਡੂੰਘਾ ਹੈ। ਭਾਸ਼ਾ ਵਿਗਿਆਨ ਜ਼ਿੰਦਗੀ ਦੇ ਹਰ ਪੱਖ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੰਬੰਧਿਤ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਇਸ ਬਾਰੇ ਸੁਚੇਤ ਹੋਈਏ ਜਾਂ ਨਾਂਹ, ਪਰੰਤੂ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਹ ਸੰਬੰਧ ਇਕ ਪੱਖੀ ਨਹੀਂ ਹੁੰਦਾ ਸਗੋਂ ਦੋ ਪੱਖੀ ਹੁੰਦਾ ਹੈ, ਕਿਤੇ ਭਾਸ਼ਾ ਵਿਗਿਆਨ ਬਾਕੀ ਵਿਸ਼ਿਆਂ ਨੂੰ ਸਾਮਗਰੀ ਮੁਹੱਈਆ ਕਰਦਾ ਹੈ ਅਤੇ ਕਿਤੇ ਇਹ ਬਾਕੀਆਂ ਕੋਲੋਂ ਸਾਮਗਰੀ ਜਾਂ ਸਹਾਇਤਾ ਗ੍ਰਹਿਣ ਕਰਦਾ ਹੈ, ਪਰੰਤੂ ਇਹ ਦੱਵੱਖ ਵਿਸ਼ਿਆਂ ਨਾਲ ਕਿੰਨਾ ਕਿੰਨਾ ਰਹਿੰਦਾ ਹੈ। ਫਿਰ ਵੀ ਇਹ ਯਕੀਨੀ ਹੈ ਕਿ ਭਾਸ਼ਾ ਵਿਗਿਆਨ ਗਿਆਨ ਵਿਗਿਆਨ ਦੇ ਬਹੁਤ ਸਾਰੇ ਵਿਸ਼ਿਆਂ ਨਾਲ ਵਿਆਪਕ ਤੌਰ ਤੇ ਜੁੜਿਆ ਹੋਇਆ ਹੈ ਕਿਉਂਕਿ ਇਹ ਕੋਈ ਓਪਰਾ, ਕਲਪਿਤ ਜਾਂ ਸੰਬੰਧਹੀਣ ਵਿਸ਼ਾ ਨਹੀਂ ਹੈ ਸਗੋਂ ਇਹ ਵੀ ਮਨੁੱਖੀ ਗਿਆਨ ਦੀਆਂ ਹੱਦਾਂ ਨੂੰ ਵਿਸ਼ਾਲ ਤੇ ਮੋਕਲਾ ਕਰਨ ਵਿਚ ਆਪਣਾ ਅਹਿਮ ਹਿੱਸਾ ਪਾਉਂਦਾ ਹੈ। ਹੁਣ ਅਸੀਂ ਮੁੱਖ-ਮੁੱਖ ਵਿਗਿਆਨਾਂ ਤੇ ਗਿਆਨ ਵਿਸ਼ਿਆਂ ਨਾਲ ਭਾਸ਼ਾ ਵਿਗਿਆਨ ਦੇ ਸੰਬੰਧਾਂ ਦੀ ਚਰਚਾ ਕਰਦੇ ਹਾਂ।

### (1) ਭਾਸ਼ਾ ਵਿਗਿਆਨ ਤੇ ਇਤਿਹਾਸ

ਇਤਿਹਾਸਕਾਰ ਨੂੰ ਭਾਸ਼ਾ ਦੀ ਬੜੀ ਲੋੜ ਹੁੰਦੀ ਹੈ ਕਿਉਂਕਿ ਮਨੁੱਖ ਦਾ ਵਿਕਾਸ ਦੱਸਣ ਲਈ ਬੀਤੀਆਂ ਘਟਨਾਵਾਂ ਜਾਂ ਹੋਣੀਆਂ ਦੇ ਪੁਨਰ ਐਕਣ ਲਈ ਜਿਹੜੀ ਸਾਮਗਰੀ ਚਾਹੀਦੀ ਹੈ ਉਹ ਕਿਸੇ ਦਸਤਾਵੇਜ਼, ਕਿਸੇ ਸ਼ਿਲਾਲੇਖ ਤੋਂ ਮਿਲਦੀ ਹੈ ਜਿਹੜੀ ਕਿ ਕਿਸੇ ਭਾਸ਼ਾ ਵਿਚ (ਲਿਪੀ ਵਿਚ ਵੀ) ਹੀ ਅੰਕਿਤ ਹੋਈ ਮਿਲਦੀ ਹੈ। ਪੁਰਾਣੀ ਪ੍ਰਾਪਤ ਭਾਸ਼ਾ ਵਿਚ ਵੀ ਇਤਿਹਾਸ ਲਈ ਕਈ ਭਾਸ਼ਾਈ ਖੰਡਰਾਤ ਮਿਲ ਜਾਂਦੇ ਹਨ ਇਸ ਤਰ੍ਹਾਂ ਭਾਸ਼ਾ ਵਿਗਿਆਨ ਇਤਿਹਾਸ ਦੀ ਮਦਦ ਕਰਦਾ ਹੈ। ਪਰੰਤੂ ਇਸ ਤੋਂ ਉਲਟ ਇਤਿਹਾਸ ਹੀ ਭਾਸ਼ਾ ਗਿਆਨ ਹਿੱਤ ਸਹਾਇਤਾ ਕਰਦਾ ਹੈ। ਪੰਜਾਬੀ ਵਿਚ ਅਨੇਕਾ ਸ਼ਬਦ ਤੇ ਮੁਹਾਵਰੇ ਵਿਦੇਸ਼ੀ ਬਲੀਆ ਵਿਚੋਂ ਆਏ ਹਨ। ਇਹ ਆਗਮਨ ਕਦੋਂ ਤੇ ਕਿਵੇਂ ਹੋਇਆ, ਇਸ ਦੀ ਸੂਚਨਾ ਸਾਨੂੰ ਇਤਿਹਾਸ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ।

### (2) ਭਾਸ਼ਾ ਵਿਗਿਆਨ ਤੇ ਸਾਹਿਤ

ਸਾਹਿਤ ਤੇ ਭਾਸ਼ਾ ਵਿਗਿਆਨ ਦਾ ਦੁਵੇਲਾ ਸੰਬੰਧ ਹੈ। ਇਕ ਪਾਸੇ ਸਾਹਿਤ, ਭਾਸ਼ਾ ਵਿਗਿਆਨ, ਖਾਸ ਕਰਕੇ ਇਤਿਹਾਸਕ ਭਾਸ਼ਾ ਵਿਗਿਆਨ (ਧਿਓਚਹਰੋਨਿਚ ਲ਼ਿਨਗੁਸਿਟਿਚ) ਨੂੰ ਸਹਾਇਕ ਸਾਮਗਰੀ ਪ੍ਰਦਾਨ ਕਰਦਾ ਹੈ ਅਤੇ ਦੂਜੇ ਭਾਸ਼ਾ ਵਿਗਿਆਨ ਸਾਹਿਤਿਕ ਕਿਰਤਾ ਨੂੰ ਸਮਝਣ ਲਈ ਸੂਝ-ਬੂਝ ਉਜਾਗਰ ਕਰਦਾ ਹੈ। ਭਾਸ਼ਾ ਦੇ ਇਸ ਵਿਲੱਖਣ ਅਤੇ ਚਮਤਕਾਰੀ ਅੰਦਾਜ਼ ਵਿਚ ਸ਼ੁੱਧ ਭਾਸ਼ਾ ਦਾ ਕਲਾਮਈ ਪ੍ਰਯੋਗ ਹੀ ਸਾਹਿਤ ਹੈ, ਪਰੰਤੂ ਇਸ ਅੰਦਾਜ ਦੇ ਪ੍ਰਯੋਗ ਨੂੰ ਨਿਖੇੜ ਕੇ, ਨਿਖਾਰ ਕੇ ਸਮਝਣ ਲਈ ਸਾਹਿਤ ਭਾਸ਼ਾ ਵਿਗਿਆਨ ਵੱਲ ਤੱਕਦਾ ਹੈ ਅਤੇ ਤਤਕਾਲੀ ਭਾਸ਼ਾ ਪ੍ਰਯੋਗਾਂ ਦੇ ਅਸਲੀ ਬੋਧ ਦੀ ਯਾਚਨਾ ਕਰਦਾ ਹੈ। ਇਸ ਤਰ੍ਹਾਂ ਸਾਹਿਤ ਭਾਸ਼ਾ ਵਿਗਿਆਨ ਦਾ ਕਦਮ-ਕਦਮ ਉੱਤੇ ਰਿਣੀ ਰਹਿੰਦਾ ਹੈ। ਭਾਸ਼ਾ ਵਿਗਿਆਨ ਪ੍ਰਾਚੀਨ ਲਿਖਤੀ ਜਾਂ ਮੌਖਿਕ ਸਾਹਿਤ ਤੋਂ ਲੋੜੀਂਦੀ ਸਾਮਗਰੀ ਲੈ ਕੇ ਆਪਣੇ ਫਾਰਮੂਲਿਆਂ ਤੇ ਵਿਧੀਆਂ ਲਈ ਯੋਗ ਦ੍ਰਿਸ਼ਟਾਂਤ ਤਲਾਸ਼ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਸਾਹਿਤ ਤੇ ਭਾਸ਼ਾ ਵਿਗਿਆਨ ਪਰਸਪਰ ਸਹਾਇਕ ਬਣਦੇ ਚਲੇ ਆ ਰਹੇ ਹਨ।

### (3) ਭਾਸ਼ਾ ਵਿਗਿਆਨ ਤੇ ਮਨੋਵਿਗਿਆਨ

ਪੰਜਾਬੀ ਬੋਲੀ ਨਿਕਾਸ ਤੇ ਵਿਕਾਸ ਵਿਚੋਂ ਉਧਿਤ ਅਰਥਾਤ ਮਨੁੱਖੀ ਭਾਸ਼ਾ ਦਾ ਹਰ ਅੰਸ਼ ਬੁਨਿਆਦੀ ਤੌਰ ਤੇ ਮਨੋਵਿਗਿਆਨ ਹੈ ਭਾਵੇਂ ਇਹ ਭਾਸ਼ਾਈ ਸਾਮਗਰੀ ਹੈ, ਮਕੈਨਕੀ ਉਚਾਰਣ ਹੈ ਜਾਂ ਧੁਨੀ ਪਰਿਵਰਤਨ ਹੈ। ਇਸ ਕਥਨ ਦਾ ਬੜਾ ਡੂੰਘਾ ਅਰਥ ਹੈ। ਇਸ ਤੋਂ ਇਹੋ ਜ਼ਾਹਿਰ ਹੁੰਦਾ ਹੈ ਕਿ ਭਾਸ਼ਾ ਸਾਡੇ ਮਨੋ ਜਗਤ ਦੀ ਸ਼ਾਬਦਿਕ ਤਸਵੀਰ ਹੈ,

ਕਿਉਂਕਿ ਸਾਡੇ ਮਨ ਵਿਚ ਜਿਹੜੀਆਂ ਤਰੰਗਾਂ, ਉਜਾਗਰ ਜਜ਼ਬੇ ਜਾਂ ਜਿਹੋ ਜਿਹੇ ਭਾਵ-ਪ੍ਰਬੰਧ ਹੁੰਦੇ ਹਨ, ਉਹ ਹੀ ਸ਼ਬਦ ਭਾਸ਼ਾ ਦਾ ਰੂਪ ਧਾਰਣ ਕਰਕੇ ਸਾਡੇ ਕੰਨ ਗੋਚਰ ਹੁੰਦੇ ਹਨ ਜਿਹੜੇ ਕਿ ਭਾਸ਼ਾ ਕਰਕੇ ਜਾਣੇ ਜਾਂਦੇ ਹਨ। ਇਹਨਾਂ ਅੱਖਰਾਂ ਵਿਚ ਭਾਸ਼ਾ ਦਾ ਮੂਲ ਸੋਮਾ ਹੀ ਮਨੋ ਸੰਸਾਰਹੈ। ਪਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਭਾਸ਼ਾ ਨੂੰ ਮਨੋਵਿਗਿਆਨ ਦੀ ਲੋੜ ਹੈ, ਅਜੋਕੇ ਮਨੋਵਿਗਿਆਨੀ ਜਿਵੇਂ ਕਿ ਫਾਇਡ, ਜੁੰਗ ਅਤੇ ਐਡਲਰ ਆਦਿ ਮਨੋਰੋਗੀ ਦੀ ਪਛਾਣ ਕਰਨ ਲਈ ਉਸ ਦੀ ਉਚਾਰੀ ਹੋਈ ਅੱਲ-ਵਲੱਲੀ ਭਾਸ਼ਾ ਵਿਚੋਂ ਕਾਰਣ ਲੱਭਦੇ ਹਨ। ਮਨੋ ਰੋਗਾਂ ਦੀਆਂ ਬ੍ਰਾਂਚਾਂ ਨੂੰ ਭਾਸ਼ਾ ਦੀ ਬੜੀ ਜ਼ਰੂਰਤ ਪੈਂਦੀ ਹੈ।

ਇਸ ਤੋਂ ਇਲਾਵਾ ਭਾਸ਼ਾ ਵਿਗਿਆਨ ਦੀ ਸੀਮੈਂਟਿਕਸ ਸ਼ਬਦਾਰਥ ਵਿਗਿਆਨ ਬ੍ਰਾਂਚ ਨਾਲ ਮਨੋਵਿਗਿਆਨ ਦਾ ਡੂੰਘਾ ਰਿਸ਼ਤਾ ਹੈ। ਸਾਰਥਕ ਸ਼ਬਦਾਂ ਪਿੱਛੇ ਅਰਥ (ਮਾਇਨਾ) ਦਾ ਜਿਹੜਾ ਸਮੁੰਦਰ ਹਿਲਰੇ ਖਾਂਦਾ ਹੈ, ਉਸ ਦਾ ਬੋਧ ਮਨ-ਵਿਗਿਆਨ ਦੀ ਮੰਗ ਕਰਦਾ ਹੈ। ਅਰਥ ਕਿਵੇਂ ਬਦਲਦਾ ਹੈ, ਅਰਥ-ਬਦਲੀ ਵਿਚ ਮਾਨਸਿਕ ਬਿਰਤੀਆਂ ਦਾ ਕੀ ਕੀ ਹਿੰਸਾ ਹੈ, ਇਨ੍ਹਾਂ ਸਾਰੀਆਂ ਗੱਲਾਂ ਦੀ ਜਾਣਕਾਰੀ ਮਨੋਵਿਗਿਆਨ ਦੀ ਸਹਾਇਤਾ ਨਾਲ ਹੀ ਸੰਭਵ ਹੈ।

### (4) ਭਾਸ਼ਾ ਵਿਗਿਆਨ ਤੇ ਸਮਾਜ-ਵਿਗਿਆਨ

ਸਮਾਜ-ਵਿਗਿਆਨ ਦਾ ਖੇਤਰ ਬੜਾ ਵਿਸਤ੍ਰਿਤ ਹੈ। ਸਮਾਜ ਮਨੋਵਿਗਿਆਨ (ਸ਼ੋਚਿਓਲ ਫਸੇਚਹੋਲੋਗੇ) ਦਾ ਸਮਾਜਕ ਵਿਗਿਆਨ (ਸ਼ੋਚਿਓਲ ਸ਼ਚਿਏਨਚਏ) ਦੇ ਤੌਰ ਤੇ ਘੇਰਾ ਬੜਾ ਵਿਸ਼ਾਲ ਹੈ। ਭਾਸ਼ਾ ਦਾ ਇਨ੍ਹਾਂ ਦੋਹਾਂ ਨਾਲ ਗੂੜਾ ਸੰਬੰਧ ਹੈ। ਸਮਾਜ-ਵਿਗਿਆਨ ਦੇ ਕਈ ਅਜਿਹੇ ਜਟਿਲ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਭਾਸ਼ਾ ਵਿਗਿਆਨ ਵਿਚ ਮਿਲਦੇ ਹਨ। ਸਾਡੇ ਸਮਾਜ ਦੀਆਂ ਰਹੁਰੀਤਾਂ ਦਾ ਗਿਆਨ, ਭਾਸ਼ਾ ਵਿਚ ਸੰਭਾਲੇ ਹੋਏ ਸ਼ਬਦਾਂ ਅਤੇ ਮੁਹਾਵਰਿਆਂ ਤੋਂ ਹੀ ਹੋ ਸਕਦਾ ਹੈ ਅਤੇ ਸਮਾਜਕ ਗ੍ਰੰਥੀਆ ਦੀ ਉਲਝਣ ਮਿਟ ਸਕਦੀ ਹੈ। ਅਸੀਂ ਜਿਸਮ ਨੂੰ ਮਿਟੀ ਕਿਉਂ ਆਖਦੇ ਹਾਂ ? ਮਨੁੱਖ ਨੂੰ ਮਿੱਟੀ ਦਾ ਪੁਤਲਾ 1 ਕਿਉਂ ਕਹਿੰਦੇ ਹਾਂ ? ਸੌਂਪ ਨੂੰ ਕੀੜਾ ਅਤੇ ਬਾਂਦਰ ਨੂੰ ਟਾਈਟਪ ਕਿਉਂ ਬੋਲਦੇ ਹਾਂ ? ਇਨ੍ਹਾਂ ਅਤੇ ਹੋਰ ਸਮਾਜਕ ਰੀਤਾ ਦੀ ਵਿਆਖਿਆ ਸਮਾਜ ਵਿਗਿਆਨ ਹੀ ਦੇ ਸਕਦਾ ਹੈ। ਸਮਾਜ ਵਿਚ ਜੋ ਕੁਝ ਵਾਪਰਦਾ ਹੈ, ਉਸ ਦਾ ਅਕਹਿ ਸੰਬੰਧ ਭਾਸ਼ਾ ਵਿਚ ਉਜਾਗਰ ਹੁੰਦਾ ਹੈ। ਇਸ ਲਈ ਸਮਾਜ-ਵਿਗਿਆਨ ਤੇ ਭਾਸ਼ਾ ਵਿਗਿਆਨ ਵਿਚ ਨੇੜੇ ਦਾ ਰਿਸ਼ਤਾ ਹੈ।

### (5) ਭਾਸ਼ਾ-ਵਿਗਿਆਨ ਤੇ ਵਿਆਕਰਣ

ਵਿਆਕਰਣ ਭਾਸ਼ਾ ਦੇ ਸ਼ੁੱਧ ਅਸ਼ੁੱਧ ਹੋਣ ਦੀ ਨਿਯਮਾਵਲੀ ਹੈ। ਵਿਆਕਰਣ ਦਾ ਮਨੋਰਥ ਕਿਸੇ ਭਾਸ਼ਾ ਦੀ ਵਿਆਖਿਆ ਕਰਨਾ ਨਹੀਂ, ਨਾ ਹੀ ਭਾਸ਼ਾ ਪੈਟਰਨ ਦਾ ਆਦਰਸ਼ ਪੇਸ਼ ਕਰਨਾ ਹੈ। ਵਿਆਕਰਣ ਤਾਂ ਯਥਾਰਥ ਦੀ ਦ੍ਰਿਸ਼ਟੀ ਤੋਂ ਪ੍ਰਚਲਿਤ ਭਾਸ਼ਾ ਦਾ ਕਬਰ ਨਿਯਮਨ ਕਰਨਾ ਹੈ, ਅਰਥਾਤ ਨਿਯਮ ਉਲੀਕਦਾ ਹੈ, ਪਰੰਤੂ ਇਸ ਦੇ ਉਲਟ ਭਾਸ਼ਾ ਵਿਗਿਆਨ ਭਾਸ਼ਾ ਦੀ ਸਮੁੱਚੀ ਸ਼ਖ਼ਸੀਅਤ ਦੀ ਘੋਖ ਕਰਦਾ ਹੈ।

### (6) ਭਾਸ਼ਾ ਵਿਗਿਆਨ ਤੇ ਕੁਦਰਤੀ ਵਿਗਿਆਨ

ਫ਼ਿਜ਼ਿਕਸ ਤੇ ਭਾਸ਼ਾ ਵਿਗਿਆਨ ਵਿਚ ਇਕ ਤਰਫ਼ਾ ਸੰਬੰਧ ਹੀ ਪ੍ਰਤੀਤ ਹੁੰਦਾ ਹੈ। ਫ਼ਿਜ਼ਿਕਸ ਤੋਂ ਭਾਸ਼ਾ- ਵਿਗਿਆਨ ਸਹਾਇਤਾ ਗ੍ਰਹਿਣ ਕਰਦਾ ਹੈ। ਧੁਨੀ ਵਿਗਿਆਨ ਵਿਚ ਇਸ ਦਾ ਖ਼ਾਸ ਸਹਿਯੋਗ ਹੈ। ਧੁਨੀਆਂ ਦੇ ਉਚਾਰਣ ਤੋਂ ਪਿੱਛੋਂ ਧਨੀ ਲਹਿਰਾਂ ਦਾ ਸੰਚਾਰ ਤੇ ਗ੍ਰਹਿਣ ਭੌਤਿਕੀ ਦਾ ਵਿਸ਼ਾ ਹੈ ਅਤੇ ਸ਼ੋਨਦ ਸਿਰਲੇਖ ਅਧੀਨ ਇਸ ਦਾ ਅਧਿਐਨ ਕੀਤਾ ਜਾਂਦਾ ਹੈ। ਮਨੁੱਖੀ ਸੰਘ ਚੋਂ ਪੈਦਾ ਹੋਈ ਆਵਾਜ਼ ਕੰਨ ਨੂੰ ਗੋਚਰੀ ਬਣਨ ਤਕ ਕਿਹੜੇ ਕਿਹੜੇ ਪੜਾਵਾਂ ਜਾਂ ਪਰਿਸਥਿਤੀਆਂ ਵਿਚੋਂ ਦੀ ਗੁਜ਼ਰਦੀ ਹੈ, ਇਸ ਦਾ ਵਿਸ਼ਲੇਸ਼ਣ ਫ਼ਿਜ਼ਿਕਸ ਦੀ ਸਹਾਇਤਾ ਨਾਲ ਹੀ ਸੰਭਵ ਹੈ। ਅੁਦਿਟੋਰੇ ਪਹੋਣਇਟਿਸ ਵਿਚ ਫ਼ਿਜ਼ਿਕਸ ਦਾ ਖਾਸ ਸਹਿਯੋਗ ਹੈ। ਕੁਦਰਤੀ ਵਿਗਿਆਨ ਦੀ ਗੱਲ ਕਰਨਾ ਉਹਨਾਂ ਪ੍ਰਸ਼ਨਾਂ ਦੀ ਗੱਲ ਕਰਨਾ ਹੈ ਜੋ ਮਨੁੱਖ ਸਵੇਰ ਤੋਂ ਹੀ ਬ੍ਰਹਿਮੰਡ ਬਾਰੇ ਪੁੱਛਦੇ ਆ ਰਹੇ ਹਨ, ਸ਼ਾਇਦ ਸਾਰੇ ਵਿਗਿਆਨ ਵਿਚੋਂ ਸਭ ਤੋਂ ਪੁਰਾਣੇ

ਹੋਣ.ਕੁਦਰਤੀ ਵਿਗਿਆਨ ਉਹ ਸਭ ਕੁਝ ਹੈ ਜੋ ਵਿਗਿਆਨਕ ਸ਼ਾਸਤਰਾਂ ਦਾ ਸਮੂਹ ਹੈ ਜੋ ਇਕ ਆਮ ਵਿਸ਼ੇਸ਼ਤਾ ਦੇ ਤੌਰ ਤੇ ਹੈ ਕੁਦਰਤੀ (ਪਦਾਰਥਕ) ਸੰਸਾਰ ਦੇ ਅਧਿਐਨ ਦੇ ਇਕ ਵਿਸ਼ਾ ਵਜੋਂ ਅਤੇ ਵਰਤਾਰੇ ਜੋ ਇਸ ਵਿੱਚ ਵਾਪਰਦੇ ਹਨ.

### (7) ਭਾਸ਼ਾ-ਵਿਗਿਆਨ ਤੇ ਸਰੀਰ-ਵਿਗਿਆਨ

ਭਾਸ਼ਾ ਦੀਆਂ ਧੁਨੀਆਂ ਮਨੁੱਖੀ ਸਰੀਰ ਦੇ ਭਿੰਨ-ਭਿੰਨ ਅੰਗਾਂ ਦੀਆਂ ਕ੍ਰਿਆਵਾਂ ਦੇ ਸਿੱਟੇ ਹਨ। ਇਹ ਉਚਾਰਕ ਅੰਗ ਕਿਸੇ ਤਰ੍ਹਾਂ ਕਿਨ੍ਹਾਂ ਹਾਲਤਾਂ ਅਧੀਨ ਭਿੰਨ ਭਿੰਨ ਧੁਨੀਆਂ ਦਾ ਉਚਾਰਣ ਕਰਦੇ ਹਨ, ਇਨ੍ਹਾਂ ਸਾਰੀਆਂ ਗੱਲਾਂ ਦੀ ਜਾਣਕਾਰੀ ਸ਼ਰੀਰ-ਵਿਗਿਆਨ (ਫਹੇਸਿੋਲੋਗੇ) ਤੋਂ ਪ੍ਰਾਪਤ ਹੁੰਦੀ ਹੈ। ਸੰਘ, ਤਾਲ, ਮੂਰਧਾ, ਦੰਦ, ਬੁਲ੍ਹ, ਨਾਸਾਂ, ਜੀਤ, ਸਵਾਸ ਨਲੀ ਸਾਰਿਆਂ ਦੀ ਬਣਤਰ ਅਤੇ ਕ੍ਰਿਆ ਦਾ ਬੋਧ ਧੁਨੀ ਉਚਾਰਣ ਵਿਗਿਆਨ ਲਈ ਬੜਾ ਲਾਭਕਾਰੀ ਸਿੱਧ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ ਭਾਸ਼ਾ ਵਿਗਿਆਨ ਦਾ ਭੂਗੋਲ, ਫਿਲਾਸਫ਼ੀ ਤਰਕ-ਵਿਦਿਆ, ਕਲਚਰ, ਇੰਜਨੀਅਰਿੰਗ, ਕੰਪਿਊਟਰ, ਸੁਹਜ ਸ਼ਾਸਤਰ, ਸੰਗੀਤ ਕਲਾ, ਰੇਡੀਓ, ਟੈਲੀਵਿਜ਼ਨ, ਫਿਲਮ ਕਲਾ, ਨਾਟ-ਸ਼ਾਸਤਰ ਆਦਿ ਵਿਗਿਆਨਾਂ ਤੇ ਕਲਾਵਾਂ ਨਾਲ ਬੜਾ ਰੋਚਕ ਸੰਬੰਧ ਹੈ।

### (8) ਭਾਸ਼ਾ-ਵਿਗਿਆਨ ਤੇ ਮਾਨਵ ਵਿਗਿਆਨ

ਮਾਈਕਲ ਸਕੁਲਿਨ: "ਮਾਨਵ-ਵਿਗਿਆਨੀ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰਦੇ ਹਨ:" ਮਨੁੱਖ ਧਰਤੀ 'ਤੇ ਇਸ ਸਮੇਂ ਪਾਈਆਂ ਜਾ ਰਹੀਆਂ ਮਨੁੱਖ ਸਭਿਆਚਾਰਾਂ ਦੀ ਵਿਭਿੰਨਤਾ ਨੂੰ ਕਿਵੇਂ ਸਮਝਾ ਸਕਦਾ ਹੈ ਅਤੇ ਉਹ ਕਿਵੇਂ ਵਿਕਸਿਤ ਹੋਏ ਹਨ? "ਇਹ ਦੱਸਦੇ ਹੋਏ ਕਿ ਸਾਨੂੰ ਅਗਲੀ ਪੀੜ੍ਹੀ ਜਾਂ ਦੋ ਦੇ ਅੰਦਰ ਤੇਜ਼ੀ ਨਾਲ ਬਦਲਣਾ ਪਏਗਾ, ਇਹ ਬਹੁਤ ਹੈ ਮਾਨਵ ਵਿਗਿਆਨੀਆਂ ਲਈ ਪਣਰੁਕਵਾਂ ਪ੍ਰਸ਼ਨ. "ਮਾਨਵ ਵਿਗਿਆਨ ਵਿਸ਼ਵ ਭਰ ਵਿੱਚ ਮਨੁੱਖੀ ਵਿਭਿੰਨਤਾ ਦਾ ਅਧਿਐਨ ਹੈ। ਮਾਨਵ ਵਿਗਿਆਨੀ ਸਮਾਜਿਕ ਸੰਸਥਾਵਾਂ, ਸਭਿਆਚਾਰਕ ਵਿਸ਼ਵਾਸਾਂ ਅਤੇ ਸੰਚਾਰ ਸ਼ੈਲੀਆਂ ਵਿੱਚ ਅੰਤਰ-ਸਭਿਆਚਾਰਕ ਅੰਤਰ ਨੂੰ ਵੇਖਦੇ ਹਨ। ਉਹ ਅਕਸਰ ਹਰੇਕ ਸਭਿਆਚਾਰ ਨੂੰ ਦੂਜੇ ਵਿੱਚ" ਅਨੁਵਾਦ ’’ਕਰਕੇ ਸਮੂਹਾਂ ਵਿਚਕਾਰ ਸਮਝ ਵਧਾਉਣ ਦੀ ਕੋਸ਼ਿਸ਼ ਕਰਦੇ ਹਨ, ਉਦਾਹਰਣ ਲਈ। ਆਮ, ਸਪੱਸ਼ਟ-ਮਨਜ਼ੂਰ ਧਾਰਨਾਵਾਂ ਦੀ ਸਪੈਲਿੰਗ ਕਰਕੇ. "ਮਾਨਵ-ਵਿਗਿਆਨ ਵਿਵਹਾਰ ਦੇ ਸਿਧਾਂਤਾਂ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਸਾਰੇ ਮਨੁੱਖੀ ਭਾਈਚਾਰਿਆਂ ਤੇ ਲਾਗੂ ਹੁੰਦੇ ਹਨ. ਇੱਕ ਮਾਨਵ-ਵਿਗਿਆਨੀ, ਸਰੀਰ ਦੇ ਆਕਾਰ ਅਤੇ ਅਕਾਰ, ਰਿਵਾਜ, ਕਪੜੇ, ਭਾਸ਼ਣ, ਧਰਮ ਅਤੇ ਵਿਸ਼ਵਵਿਆਪੀ ਵਿੱਚ ਵਿਭਿੰਨਤਾ ਆਪਣੇ ਆਪ ਵਿੱਚ ਵੇਖੀ ਜਾਂਦੀ ਹੈ - ਕਿਸੇ ਇੱਕ ਪਹਿਲੂ ਨੂੰ ਸਮਝਣ ਲਈ ਇੱਕ ਹਵਾਲਾ ਦਾ ਇੱਕ ਫਰੇਮ ਪ੍ਰਦਾਨ ਕਰਦਾ ਹੈ.

### (9) ਭਾਸ਼ਾ-ਵਿਗਿਆਨ ਤੇ ਦਰਸ਼ਨ

ਦਰਸ਼ਨ ਸ਼ਾਸਤਰ  ਜਾਂ ਫਿਲਾਸਫੀ ਵਾਸਤਵਿਕਤਾ, ਹੋਂਦ, ਗਿਆਨ, ਕੀਮਤਾਂ, ਕਾਰਣਾਂ, ਮਨ, ਅਤੇ ਭਾਸ਼ਾ ਦੀ ਸਰਵ ਸਧਾਰਨ ਅਤੇ ਬੁਨਿਆਦੀ ਫਿਤਰਤ ਦਾ ਅਧਿਐਨ ਹੈ। ਇਹ ਗਿਆਨ ਦੀ ਉਹ ਸਾਖਾ ਹੈ ਜੋ ਪਰਮ ਸੱਚ ਅਤੇ ਕੁਦਰਤ ਦੇ ਆਮ ਨਿਯਮਾਂ ਅਤੇ ਉਹਨਾਂ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕਰਦੀ ਹੈ।  ਦਾਰਸ਼ਨਕ ਚਿੰਤਨ ਮੂਲ ਤੌਰ 'ਤੇ ਜੀਵਨ ਦੇ ਅਰਥਾਂ ਦੀ ਖੋਜ ਦਾ ਨਾਮ ਹੈ। ਐਸੇ ਮਸਲਿਆਂ ਦੇ ਉੱਤਰ ਲਭਣ ਲਈ ਇਸਦੀ ਪਹੁੰਚ ਆਮ ਲੋਕਾਂ ਦੀ ਸਰਸਰੀ ਪਹੁੰਚ ਨਾਲੋਂ ਵੱਖਰੀ, ਆਲੋਚਨਾਤਮਕ, ਪ੍ਰਣਾਲੀਬਧ ਅਤੇ ਤਰਕਸ਼ੀਲ ਹੁੰਦੀ ਹੈ।।2॥ ਅਸਲ ਵਿੱਚ ਦਰਸ਼ਨ ਸ਼ਾਸਤਰ ਕੁਦਰਤ ਅਤੇ ਸਮਾਜ, ਅਤੇ ਮਨੁੱਖੀ ਚਿੰਤਨ ਅਤੇ ਸੰਗਿਆਨ ਦੇ ਆਮ ਨਿਯਮਾਂ ਦਾ ਵਿਗਿਆਨ ਹੈ। ਦਰਸ਼ਨ ਸ਼ਾਸਤਰ ਸਮਾਜਕ ਚੇਤਨਾ ਦੇ ਬੁਨਿਆਦੀ ਰੂਪਾਂ ਵਿੱਚੋਂ ਇੱਕ ਹੈ।" ਇਨ੍ਹਾਂ ਅਰਥਾਂ ਵਿੱਚ ਫਿਲਾਸਫਰ ਅਤੇ ਫਿਲਾਸਫੀ ਪਦਾਂ ਦਾ ਪ੍ਰਯੋਗ ਸਰਵਪ੍ਰਥਮ ਪਾਇਥਾਗੋਰਸ ਨੇ ਕੀਤਾ ਸੀ।" ਵਿਸ਼ੇਸ਼ ਅਨੁਸ਼ਾਸਨ ਅਤੇ ਵਿਗਿਆਨ ਵਜੋਂ ਇਸ ਨੂੰ ਪਲੈਟੋ ਨੇ ਵਿਕਸਿਤ ਕੀਤਾ ਸੀ। ਇਸਦੀ ਉਤਪੱਤੀ ਦਾਸ ਸਮਾਜ ਵਿੱਚ ਇੱਕ ਅਜਿਹੇ ਵਿਗਿਆਨ ਵਜੋਂ ਹੋਈ ਜਿਸਨੇ ਵਸਤੂਗਤ

ਜਗਤ ਅਤੇ ਖੁਦ ਆਪਣੇ ਬਾਰੇ ਮਨੁੱਖ ਦੇ ਕੁੱਲ ਗਿਆਨ ਨੂੰ ਇੱਕ ਕੀਤਾ ਸੀ। ਇਹ ਮਨੁੱਖੀ ਇਤਹਾਸ ਦੇ ਆਰੰਭਕ ਪੜਾਵਾਂ ਵਿੱਚ ਗਿਆਨ ਦੇ ਵਿਕਾਸ ਦੇ ਨੀਵੇਂ ਪੱਧਰ ਦੇ ਕਾਰਨ ਐਨ ਸੁਭਾਵਕ ਸੀ। ਸਮਾਜਿਕ ਉਤਪਾਦਨ ਦੇ ਵਿਕਾਸ ਅਤੇ ਵਿਗਿਆਨਕ ਗਿਆਨ ਦੇ ਇਕੱਤਰੀਕਰਨ ਦੀ ਪ੍ਰਕਿਰਿਆ ਵਿੱਚ ਭਿੰਨ ਭਿੰਨ ਵਿਗਿਆਨ ਇੱਕੋ ਸਾਂਝੇ ਰੂਪ ਨਾਲੋਂ ਅੱਡ ਹੁੰਦੇ ਗਏ ਅਤੇ ਦਰਸ਼ਨ ਸ਼ਾਸਤਰ ਵੀ ਇੱਕ ਸੁਤੰਤਰ ਵਿਗਿਆਨ ਵਜੋਂ ਵਿਕਸਿਤ ਹੋਣ ਲਗਾ। ਇੱਕ ਆਮ ਸੰਸਾਰ ਦ੍ਰਿਸ਼ਟੀਕੋਣ ਦਾ ਨਿਰਮਾਣ ਕਰਨ ਅਤੇ ਆਮ ਆਧਾਰਾਂ ਅਤੇ ਨਿਯਮਾਂ ਦੀ ਨਿਸ਼ਾਨਦੇਹੀ ਕਰਨ, ਯਥਾਰਥ ਦੇ ਚਿੰਤਨ ਦੀ ਤਰਕਸ਼ੀਲ ਵਿਧੀ ਅਤੇ ਸੰਗਿਆਨ ਦੇ ਸਿਧਾਂਤ ਵਿਕਸਿਤ ਕਰਨ ਦੀ ਲੋੜ ਦੀ ਪੂਰਤੀ ਲਈ ਦਰਸ਼ਨ ਸ਼ਾਸਤਰ ਦਾ ਇੱਕ ਵਿਸ਼ੇਸ਼ ਅਨੁਸ਼ਾਸਨ ਵਜੋਂ ਜਨਮ ਹੋਇਆ। ਅੱਡਰੇ ਵਿਗਿਆਨ ਵਜੋਂ ਦਰਸ਼ਨ ਦਾ ਬੁਨਿਆਦੀ ਪ੍ਰਸ਼ਨ ਪਦਾਰਥ ਦੇ ਨਾਲ ਚੇਤਨਾ ਦੇ ਸੰਬੰਧ ਦੀ ਪ੍ਰਸ਼ਨ ਹੈ।

1.1.18 ਅਭਿਆਸ ਲਈ ਪ੍ਰਸ਼ਨ

1. ਭਾਸ਼ਾ ਕੀ ਹੈ,ਇਸ ਦੇ ਸਿਧਾਂਤਕ ਪੱਖਾਂ ਉੱਪਰ ਚਾਨਣਾ ਪਾਉ?
2. ਭਾਸ਼ਾ ਦੀ ਪ੍ਰਕਿਰਤੀ ਤੇ ਪ੍ਰਕਾਰਜ ਕੀ ਹੈ?
3. ਭਾਸ਼ਾ ਦੀ ਭੂਮਿਕਾ ਨੂੰ ਦਰਸਾਉ?
4. ਭਾਸ਼ਾ ਦੇ ਅੰਤਰ-ਸਬੰਧਾਂ ਬਾਰੇ ਚਰਚਾ ਕਰੋ?

## 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


| | | | |
|---|---|---|---|
| ਹਰਕੀਰਤ ਸਿੰਘ | 2000 | ਭਾਸ਼ਾ ਅਤੇ ਭਾਸ਼ਾ ਵਿਗਿਆਨ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਸੁਖਵਿੰਦਰ ਸਿੰਘ ਸੰਘਾ | 1998 | ਭਾਸ਼ਾ ਵਿਗਿਆਨ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |
| ਸਿੰਘ; ਜੀ. ਬੀ. | 1950 | ਗੁਰਮੁਖੀ ਲਿੱਪੀ ਦਾ ਜਨਮ ਅਤੇ ਵਿਕਾਸ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਸਿੰਘ; ਹ. | 1966 | ਪੰਜਾਬੀ ਬਾਰੇ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**M.A (PUNJABI) SEMESTER-II**
**ਤੇਹਰਵਾਂ ਪਰਚਾ**
**ਯੂਨਿਟ-ਤੀਸਰਾ**
**ਸੌਸਿਊਰ ਅਤੇ ਆਧੁਨਿਕ ਭਾਸ਼ਾ ਵਿਗਿਆਨ**


1.1 ਭੂਮਿਕਾ
1.1.1 ਪਾਠ ਦਾ ਮੰਤਵ
1.1.2 ਸੌਸਿਊਰ ਅਤੇ ਆਧੁਨਿਕ ਭਾਸ਼ਾ ਵਿਗਿਆਨ
1.1.3 ਸੌਸਿਊਰ ਦੇ ਭਾਸ਼ਾ ਵਿਗਿਆਨਕ ਸੰਕਲਪ
1.1.4 ਚਿਹਨ, ਚਿਹਨਕ ਤੇ ਚਿਹਨਤ
1.1.5 ਭਾਸ਼ਾ ਅਤੇ ਬੋਲੀ
1.1.6 ਇਕਾਲਕ ਅਤੇ ਬਹੁਕਾਲਕ ਅਧਿਐਨ
1.1.7 ਕੜੀਦਾਰ ਅਤੇ ਲੜੀਦਾਰ ਸੰਬੰਧ
1.1.8 ਚਿਹਨ ਵਿਗਿਆਨ
1.1.9 ਅਭਿਆਸ ਲਈ ਪ੍ਰਸ਼ਨ
1.1.10 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


## 1.1 ਭੂਮਿਕਾ

ਫ਼ਰਦੀਨਾ ਦ ਸੌਸਿਊਰ ਇੱਕ ਸਵਿੱਸ ਭਾਸ਼ਾ ਵਿਗਿਆਨੀ ਸੀ। ਉਸਦਾ ਦਾ ਜਨਮ 1857 ਈ: ਵਿੱਚ ਜਨੇਵਾ ਵਿੱਚ ਹੋਇਆ। ਚੌਦਾਂ ਸਾਲ ਦੀ ਛੋਟੀ ਉਮਰੇ ਹੀ ਚੋਖੀ ਪ੍ਰਤਿਭਾ ਅਤੇ ਬੌਧਿਕ ਸਮਰਥਾ ਦੇ ਉਸਦੇ ਤਕੜੇ ਆਸਾਰ ਨਜ਼ਰ ਆਉਣ ਲੱਗ ਪਏ ਸਨ। ਉਸ ਦੇ ਪਿਤਾ ਇੱਕ ਪ੍ਰਸਿੱਧ ਪ੍ਰਕਿਰਤਕ ਵਿਗਿਆਨੀ ਸਨ। ਇਸ ਲਈ ਉਹਨਾਂ ਦੀ ਪ੍ਰਬਲ ਇੱਛਾ ਸੀ ਕਿ ਸੌਸਿਊਰ ਵੀ ਇਸ ਖੇਤਰ ਵਿੱਚ ਆਪਣਾ ਅਧਿਐਨ-ਕਾਰਜ ਕਰੇ। ਪਰ ਸੌਸਿਊਰ ਦੀ ਰੁਚੀ ਭਾਸ਼ਾ ਸਿੱਖਣ ਦੇ ਵੱਲ ਜਿਆਦਾ ਸੀ। ਇਹੀ ਕਾਰਨ ਸੀ ਕਿ ਜੇਨੇਵਾ ਯੂਨੀਵਰਸਿਟੀ ਵਿੱਚ 1875 ਵਿੱਚ ਭੌਤਿਕ ਸ਼ਾਸਤਰ ਅਤੇ ਰਸਾਇਣ ਸ਼ਾਸਤਰ ਵਿੱਚ ਪਰਵੇਸ਼ ਹੋਣ ਤੋਂ ਪਹਿਲਾਂ ਹੀ ਉਹ ਗਰੀਕ ਭਾਸ਼ਾ ਦੇ ਨਾਲ-ਨਾਲ ਫ਼ਰਾਂਸੀਸੀ, ਜਰਮਨ, ਅੰਗਰੇਜ਼ੀ ਅਤੇ ਲੈਟਿਨ ਭਾਸ਼ਾਵਾਂ ਤੋਂ ਵਾਕਫ਼ ਹੋ ਚੁੱਕਾ ਸੀ ਅਤੇ 1872 ਵਿੱਚ “ਭਾਸ਼ਾਵਾਂ ਦੀ ਸਧਾਰਨ ਵਿਵਸਥਾ” ਨਾਮਕ ਲੇਖ ਲਿਖ ਚੁੱਕਾ ਸੀ। ਪੰਦਰਾਂ ਸਾਲ ਦੀ ਉਮਰ ਵਿੱਚ ਲਿਖੇ ਇਸ ਲੇਖ ਵਿੱਚ ਉਸ ਨੇ ਇਹ ਦਰਸਾਉਣ ਦਾ ਜਤਨ ਕੀਤਾ ਕਿ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਦੇ ਮੂਲ ਵਿੱਚ ਤਿੰਨ ਆਧਾਰਭੂਤ ਵਿਅੰਜਨਾਂ ਦੀ ਵਿਵਸਥਾ ਹੈ।

**1.1.2 ਪਾਠ ਦਾ ਮੰਤਵ:** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਫ਼ਰਦੀਨਾ ਦ ਸੌਸਿਊਰ ਦੇ ਭਾਸ਼ਾਈ ਸੰਕਲਪਾਂ ਨੂੰ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਸੌਸਿਊਰ ਨੇ ਜਿੱਥੇ ਭਾਸ਼ਾਈ ਸੰਕਲਪਾਂ ਦੀ ਸਿੱਧਾਂਤਕ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਸੌਸਿਊਰ ਦੇ ਭਾਸ਼ਾਈ ਸੰਕਲਪਾਂ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ।

## 1.1.2 ਸੌਸਿਊਰ ਅਤੇ ਆਧੁਨਿਕ ਭਾਸ਼ਾ ਵਿਗਿਆਨ

ਸੌਸਿਊਰ ਨੂੰ 20ਵੀਂ ਸਦੀ ਦੇ ਭਾਸ਼ਾ ਵਿਗਿਆਨ ਦਾ ਪਿਤਾ ਮੰਨਿਆ ਜਾਂਦਾ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਉਸ ਨੇ ਭਾਸ਼ਾਵਾਂ ਦੇ ਸਿਸਟਮੀ ਅਧਿਐਨ ਨੂੰ ਅਜਿਹੀ ਨਵ-ਵਿਵਸਥਾ ਪ੍ਰਦਾਨ ਕੀਤੀ, ਜਿਸ ਸਦਕਾ ਵੀਹਵੀਂ ਸਦੀ ਦੇ ਭਾਸ਼ਾ ਵਿਗਿਆਨ ਵਿੱਚ ਨਵੀਆਂ ਮਹੱਤਵਪੂਰਨ ਪ੍ਰਾਪਤੀਆਂ ਸੰਭਵ ਹੋ ਸਕੀਆਂ। ਪਹਿਲੀ ਗੱਲ , ਸੌਸਿਊਰ ਨੇ ਮਨੁੱਖੀ ਵਤੀਰੇ ਦੇ ਅਧਿਐਨ ਨੂੰ ਨਵੇਂ ਧਰਾਤਲ ਉਤੇ ਖੜਾ ਕਰਕੇ ਇਹ ਸਥਾਪਿਤ ਕੀਤਾ ਕਿ ਮਨੁੱਖ ਅਤੇ ਉਸ ਦੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ , ਜੋ ਮਨੁੱਖੀ ਵਤੀਰੇ ਨੂੰ ਪਦਾਰਥਕ ਜਗਤ ਦੇ ਘਟਨਾ-ਕ੍ਰਮ ਦੇ ਸਮਾਨਾਂਤਰ ਘਟਨਾਵਾਂ ਦੀ ਇਕ ਲੜੀ ਸਮਝ ਲਿਆ ਜਾਵੇ । ਸਮਾਜ ਵਿਚ ਮਨੁੱਖੀ ਕਾਰਜ ਅਤੇ ਵਸਤਾਂ ਦੇ ਅਰਥਾਂ ਨੂੰ ਨਜ਼ਰਅੰਦਾਜ਼ ਕਰਕੇ ਅਸੀਂ ਸਿਰਫ਼ ਭੌਤਿਕ ਘਟਨਾਵਾਂ ਦੇ ਅਧਿਐਨ ਵਲ ਹੀ ਰੁਚਿਤ ਹੁੰਦੇ ਹਾਂ । ਦੂਜੀ ਗੱਲ, ਉਸ ਨੇ ਚਿਹਨ-ਵਿਗਿਆਨ , ਚਿਹਨ-ਪ੍ਰਬੰਧ ਅਤੇ ਸੰਰਚਨਾਵਾਦ ਨੂੰ ਉੱਨਤ ਕਰਨ ਵਿਚ ਮਦਦ ਕੀਤੀ ਜੋ ਕਿ ਸਮਕਾਲੀ ਮਾਨਵ-ਸ਼ਾਸਤਰ, ਸਾਹਿਤ-ਸਮੀਖਿਆ ਅਤੇ ਭਾਸ਼ਾ ਵਿਗਿਆਨ ਵਿਚ ਇਕ ਮਹੱਤਵਪੂਰਣ ਪਰਵਿਰਤੀ ਦੇ ਰੂਪ ਵਿਚ ਦ੍ਰਿਸ਼ਟੀਗਤ ਹੁੰਦੇ ਹਨ।ਤੀਜੀ ਗੱਲ, ਆਪਣੀਆਂ ਵਿਧੀਮੂਲਕ ਟਿੱਪਣੀਆਂ ਅਤੇ ਭਾਸ਼ਾ ਪ੍ਰਤੀ ਸਾਧਾਰਣ ਪਹੁੰਚ ਵਿਚ ਉਸ ਨੇ ਆਧੁਨਿਕ ਵਿਚਾਰਧਾਰਾ ਦੇ ਤਰਕਸੰਗਤ ਪੈਂਤੜਿਆਂ ਸੰਬੰਧੀ ਆਪਣੇ ਵਿਚਾਰ ਸਪੱਸ਼ਟ ਕੀਤੇ ਅਤੇ ਇਹ ਧਾਰਣਾ ਪੇਸ਼ ਕੀਤੀ ਕਿ ਬਿਨਾਂ ਕਿਸੇ ਦ੍ਰਿਸ਼ਟੀਕੋਣ ਨੂੰ ਅਪਣਾਇਆਂ ਵਸਤੂ-ਜਗਤ ਦਾ ਨਿਰਪੇਖ ਰੱਬ ਵਰਗਾ ਦ੍ਰਿਸ਼ ਪ੍ਰਤੱਖਣ ਦਾ ਕੇਂਦਰ-ਬਿੰਦੂ ਨਹੀਂ ਬਣਾਇਆ ਜਾ ਸਕਦਾ, ਅਤੇ ਇਸ ਦ੍ਰਿਸ਼ਟੀਕੋਣ ਦੇ ਅੰਤਰਗਤ ਹੀ ਵਸਤੂਆਂ ਉਨ੍ਹਾਂ ਦੇ ਅੰਤਰ-ਸੰਬੰਧਾਂ ਦੁਆਰਾ ਪਰਿਭਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਆਖ਼ਰੀ ਗੱਲ , ਸੌਸਿਊਰ ਦਾ ਭਾਸ਼ਾ-ਵਿਵੇਚਨ ਉਨ੍ਹਾਂ ਸਮੱਸਿਆਵਾਂ ਵਲ ਧਿਆਨ ਖਿੱਚਦਾ ਹੈ ।ਜਿਹੜੀਆਂ ਮਨੁੱਖ, ਖ਼ਾਸ ਤੌਰ ਤੇ ਭਾਸ਼ਾ ਅਤੇ ਮਨੁੱਖੀ ਮਨ ਦੇ ਗੂੜੇ ਸੰਬੰਧ ਬਾਰੇ ਚਿੰਤਨ ਦੀਆਂ ਨਵੀਆਂ ਵਿਧੀਆਂ ਨਾਲ ਜੁੜੀਆਂ ਹੋਈਆਂ ਹਨ। ਭਾਸ਼ਾ-ਵਿਗਿਆਨ , ਸਮਾਜ ਵਿਗਿਆਨ , ਚਿਹਨ-ਵਿਗਿਆਨ ਅਤੇ ਸੰਰਚਨਾਵਾਦ ਨੂੰ ਦਿੱਤਾ ਇਹ ਯੋਗਦਾਨ ਸੌਸਿਊਰ ਨੂੰ ਆਧੁਨਿਕ ਬੁੱਧੀ-ਜੀਵੀ ਇਤਿਹਾਸ ਵਿੱਚ ਇੱਕ ਮੋਢੀ ਦਾ ਦਰਜਾ ਦਿੰਦਾ ਹੈ।

ਸੌਸਿਊਰ ਆਪਣੇ ਤੋਂ ਪਹਿਲਾਂ ਹੋ ਚੁੱਕੇ ਭਾਸ਼ਾ-ਵਿਗਿਆਨਿਕ ਅਧਿਐਨ ਨਾਲ ਸੰਤੁਸ਼ਟ ਨਹੀਂ ਸੀ ਕਿਉਂਕਿ ਉਸ ਦੇ ਮਤ ਅਨੁਸਾਰ ਭਾਸ਼ਾ-ਵਿਗਿਆਨ ਨੇ ਕਦੇ ਵੀ ਵਿਚਾਰ ਅਧੀਨ ਵਸਤੂ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰਨ ਦਾ ਜਤਨ ਨਹੀਂ ਕੀਤਾ ਅਤੇ ਅਜਿਹੇ ਜਤਨ ਦੀ ਅਣਹੋਂਦ ਵਿਚ ਕੋਈ ਵੀ ਵਿਗਿਆਨ ਸਹੀ ਵਿਧੀ ਦਾ ਨਿਰਮਾਣ ਨਹੀਂ ਕਰ ਸਕਦਾ। ਇਸ ਲਈ ਸੌਸਿਊਰ ਆਪਣੀ ਗੱਲ ਭਾਸ਼ਾ ਤੋਂ ਆਰੰਭ ਕਰਦਾ ਹੈ । ਭਾਸ਼ਾ ਕੀ ਹੈ ? ਸੌਸਿਊਰ ਦੇ ਮਤ ਅਨੁਸਾਰ ਭਾਸ਼ਾ ਇਕ ਚਿਹਨ-ਪ੍ਰਬੰਧ ਹੈ । ਸ਼ੋਰੀਲੀਆਂ ਧੁਨੀਆਂ ਨੂੰ ਸਿਰਫ਼ ਉਦੋਂ ਹੀ ਭਾਸ਼ਾ ਮੰਨਿਆ ਜਾ ਸਕਦਾ ਹੈ , ਜਦੋਂ ਉਹ ਵਿਚਾਰ ਪ੍ਰਗਟ ਕਰਨ ਜਾਂ ਵਿਚਾਰਾਂ ਦਾ ਸੰਚਾਰ ਕਰਨ।ਅਜਿਹਾ ਨਾ ਹੋਣ ਦੀ ਸੂਰਤ ਵਿਚ ਅਜਿਹੀਆਂ ਧੁਨੀਆਂ ਨਿਰਾ ਸ਼ੋਰ ਹਨ ਅਤੇ ਵਿਚਾਰਾਂ ਦਾ ਸੰਚਾਰ ਕਰਨ ਲਈ ਉਨ੍ਹਾਂ ਦਾ ਮਰਯਾਦਾਵਾਂ ਦੇ ਇਕ ਪ੍ਰਬੰਧ,ਚਿਹਨਾਂ ਦੇ ਇਕ ਪ੍ਰਬੰਧ ਦਾ ਅੰਗ ਹੋਣਾ ਵੀ ਲਾਜ਼ਮੀ ਹੈ।ਚਿਹਨ ਇਕ ਅਜਿਹੇ ਰੂਪ ਦਾ ਸਮੂਹ ਹੈ, ਜੋ ਚਿਹਨੀਕਰਣ ਕਰਦਾ ਹੈ,ਜਿਸ ਨੂੰ ਸੌਸਿਊਰ ਚਿਹਨਕ (siginifed) ਆਖਦਾ ਹੈ ਅਤੇ ਵਿਚਾਰ ਨੂੰ ਚਿਹਨਿਤ (siginifer) ਕਹਿੰਦਾ ਹੈ । ਭਾਵੇਂ ਅਸੀਂ ਚਿਹਨਕ ਅਤੇ ਚਿਹਨਿਤ ਬਾਰੇ ਇਉਂ ਗੱਲ ਕਰ ਰਹੇ ਹੋਈਏ ਜਿਵੇਂ ਦੋਹਾਂ ਦਾ ਸ਼ੁੱਧ ਸੁਤੰਤਰ ਅਸਤਿਤਵ ਹੋਵੇ, ਪਰ ਇਨ੍ਹਾਂ ਦੀ ਹੋਂਦ ਚਿਹਨ ਦੇ ਦੋ ਹਿੱਸਿਆਂ ਦੇ ਰੂਪ ਵਿਚ ਹੀ ਹੈ । ਚਿਹਨ ਭਾਸ਼ਾ ਦਾ ਕੇਂਦਰੀ ਸੱਚ ਹੈ , ਇਸ ਲਈ ਚਿਹਨ ਦੀ ਪ੍ਰਕ੍ਰਿਤੀ ਨੂੰ ਪਛਾਣਨਾ ਜ਼ਰੂਰੀ ਹੋ ਜਾਂਦਾ ਹੈ।

ਸੌਸਿਊਰ ਦੇ ਭਾਸ਼ਾ-ਸਿੱਧਾਂਤ ਦਾ ਪਹਿਲਾ ਨਿਯਮ ਚਿਹਨ ਦੇ ਲਾਜ਼ਮੀ ਗੁਣ ਨਾਲ ਸੰਬੰਧਿਤ ਹੈ । ਭਾਸ਼ਕ ਚਿਹਨ ਆਪਹੁਦਰਾ ਹੁੰਦਾ ਹੈ । ਚਿਹਨਕ ਅਤੇ ਚਿਹਨਿਤ ਦਾ ਇਕ ਖ਼ਾਸ ਜੁੱਟ ਆਪਹੁਦਰੀ ਹੋਂਦ ਹੈ । ਇਹ ਭਾਸ਼ਾ ਦਾ ਅਤੇ ਭਾਸ਼ਕ-ਵਿਧੀ ਦਾ ਕੇਂਦਰੀ ਸੱਚ ਹੈ । ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਚਿਹਨ ਦੇ ਆਪਹੁਦਰੇ ਹੋਣ ਤੋਂ ਸੌਸਿਊਰ ਦਾ ਕੀ ਭਾਵ ਹੈ ? ਇਸ ਦਾ ਇਕ ਸਾਧਾਰਣ ਉੱਤਰ ਇਹ ਹੋ ਸਕਦਾ ਹੈ ਕਿ ਚਿਹਨਕ ਅਤੇ ਚਿਹਨਿਤ ਵਿਚਕਾਰ ਕੋਈ ਕੁਦਰਤੀ ਜਾਂ ਅਮਿਟ ਸੰਬੰਧ ਨਹੀਂ । ਮੈਂ ਕਿਉਂਕਿ ਪੰਜਾਬੀ ਬੋਲਦਾ ਹਾਂ ਇਸ ਲਈ ਮੈਂ ਇਕ ਖ਼ਾਸ ਕਿਸਮ ਦੇ ਚਿੱਤਰ

ਲਈ ਤਸਵੀਰ ਚਿਹਨਕ ਵਰਤਦਾ ਹਾਂ ਪਰ ਇਸ ਦਾ ਅਰਥ ਇਹ ਨਹੀਂ ਕਿ ਜੇ ਮੈਂ ਚਿੱਤਰ ਦੇ ਲਈ ਤਸਵੀਰ ਚਿਹਨਕ ਦੀ ਥਾਂ ਮੂਰਤ ਜਾਂ ਫੋਟੋ ਚਿਹਨਕਾਂ ਦਾ ਪ੍ਰਯੋਗ ਕਰਨਾ ਉਚਿਤ ਸਮਝਾਂ ਜਿਨ੍ਹਾਂ ਦੇ ਧੁਨੀਮ ਪਹਿਲੇ ਚਿਹਨਕ ਨਾਲੋਂ ਬਿਲਕੁਲ ਵੱਖਰੇ ਹਨ, ਤਾਂ ਇਨ੍ਹਾਂ ਦੀ ਵਰਤੋਂ 'ਤਸਵੀਰ' ਚਿਹਨਤ/ਸੰਕਲਪ ਦੇ ਪ੍ਰਗਟਾਉਣ ਲਈ ਨਹੀਂ ਕੀਤੀ ਜਾ ਸਕਦੀ। ਸਪੱਸ਼ਟ ਹੈ ਕਿ ਚਿਹਨਕ ਤੇ ਚਿਹਨਿਤ ਦਾ ਸੰਬੰਧ ਨਾ ਕੁਦਰਤੀ ਹੈ ਅਤੇ ਨਾ ਹੀ ਅਮਿਟ ਹੈ।

ਉਸ ਨੇ ਆਪਣਾ ਅਧਿਐਨ ਕਾਰਜ ਜੇਨੇਵਾ, ਪੈਰਿਸ ਅਤੇ ਲੇਪਜਿੰਗ ਵਿੱਚ ਸੰਸਕ੍ਰਿਤ ਅਤੇ ਤੁਲਨਾਤਮਕ ਭਾਸ਼ਾ ਵਿਗਿਆਨ ਦੇ ਅੰਤਰਗਤ ਮੁਕੰਮਲ ਕੀਤਾ। ਨਾਲ ਹੀ ਨਾਲ ਉਹ ਲੇਪਜਿੰਗ ਯੂਨੀਵਰਸਿਟੀ ਵਿੱਚ ਨਵੇਂ ਵਿਆਕਰਣਕਾਰਾਂ (ਬਰੁਗਮੈਨ ਅਤੇ ਕਾਰਲ) ਦੇ ਸੰਪਰਕ ਵਿੱਚ ਆਇਆ। ਇੱਕੀ ਸਾਲ ਦੀ ਉਮਰ ਵਿੱਚ ਉਸ ਨੇ ਯੂਰਪੀ ਭਾਸ਼ਾਵਾਂ ਦੀ ਆਧਾਰਭੂਤ ਵਿਵਸਥਾ ਉੱਤੇ ਲੇਖ ਲਿਖਿਆ। ਇਸ ਲੇਖ ਦੇ ਅਨੁਸਾਰ ਉਸ ਨੇ ਅਨੇਕ ਆਧਾਰਭੂਤ ਸੰਕਲਪਨਾਵਾਂ ਉੱਤੇ ਨਾ ਕੇਵਲ ਸਿਧਾਂਤਕ ਚੋਟ ਕੀਤੀ ਬਲਕਿ ਭਾਸ਼ਾ-ਸਬੰਧੀ ਖੋਜ ਦੇ ਖੇਤਰ ਵਿੱਚ ਪ੍ਰਣਾਲੀਗਤ ਵਿਸ਼ਲੇਸ਼ਣ ਦੀ ਗੱਲ ਵੀ ਉਠਾਈ।

ਉਸ ਦਾ ਦੂਜਾ ਆਧਾਰ ਕੰਮ ਡਾਕਟਰੇਟ ਦੀ ਉਪਾਧੀ ਲਈ ਪੇਸ਼ ਸ਼ੋਧ-ਪ੍ਰਬੰਧ ਸੀ। ਉਸ ਦੀ ਖੋਜ ਦਾ ਵਿਸ਼ਾ "ਸੰਸਕ੍ਰਿਤ ਭਾਸ਼ਾ ਵਿੱਚ ਸੰਬੰਧਕਾਰਕ ਦੀ ਪ੍ਰਕਿਰਤੀ ਅਤੇ ਪ੍ਰਯੋਗ" ਸੀ। ਡਾਕਟਰੇਟ ਦੀ ਉਪਾਧੀ ਦੇ ਬਾਅਦ ਉਹ ਜਰਮਨੀ ਵਿੱਚ ਹੋਰ ਜਿਆਦਾ ਨਹੀਂ ਰੁਕਿਆ ਕਿਉਂਕਿ ਉਸਨੂੰ ਜਰਮਨੀ ਦਾ ਸਮਾਜਕ ਅਤੇ ਅਕੈਡਮਿਕ ਮਾਹੌਲ ਪਸੰਦ ਨਹੀਂ ਆਇਆ।

1880 ਵਿੱਚ ਸੌਸਿਊਰ ਜਰਮਨੀ ਛੱਡਕੇ ਫ਼ਰਾਂਸ ਆ ਗਿਆ। ਪੈਰਿਸ ਵਿੱਚ ਉਸ ਨੇ ਲਗਭਗ ਦਸ ਸਾਲਾਂ ਤੱਕ ਇਤਿਹਾਸਿਕ ਭਾਸ਼ਾ ਵਿਗਿਆਨ ਦਾ ਅਧਿਐਨ ਕੀਤਾ। ਬਾਅਦ ਵਿੱਚ ਉਹ ਪੈਰਿਸ ਦੀ ਭਾਸ਼ਾ ਵਿਗਿਆਨ ਸਬੰਧੀ ਸੰਸਥਾ ਦਾ ਮੈਂਬਰ ਬਣਿਆ। ਜਰਮਨੀ ਤੋਂ ਪਰਤਣ ਦੇ ਬਾਅਦ ਜਵਾਨ ਭਾਸ਼ਾ ਵਿਗਿਆਨੀ ਸੌਸਿਊਰ ਨੇ ਇੱਕ ਸਰਗਰਮ ਮੈਂਬਰ ਵਜੋਂ ਸਮਾਜ ਵਿੱਚ ਆਪਣਾ ਮਹੱਤਵਪੂਰਨ ਸਥਾਨ ਬਣਾ ਲਿਆ। ਗਿਆਰਾਂ ਸਾਲ ਉਹ ਇੱਕ ਪ੍ਰਸਿੱਧ ਖੋਜ ਸੰਸਥਾ ਵਿੱਚ ਪੜ੍ਹਾਉਂਦਾ ਰਿਹਾ। ਇਸ ਦੌਰਾਨ ਉਸ ਦਾ ਨਾਮ (ਲੀਜਨ ਆਫ਼ ਆਨਰ) ਪੈ ਗਿਆ।ਜਦੋਂ 1891 ਵਿੱਚ ਜਨੇਵਾ ਤੋਂ ਪ੍ਰੋਫ਼ੈਸਰੀ ਦੀ ਪੇਸ਼ਕਸ਼ ਹੋਈ,ਉਹ ਵਾਪਸ ਪਰਤ ਆਇਆ। ਇਥੇ ਹੀ ਜੇਨੇਵਾ ਯੂਨੀਵਰਸਿਟੀ ਵਿੱਚ ਉਸ ਨੂੰ ਸਧਾਰਨ ਭਾਸ਼ਾ ਵਿਗਿਆਨ ਪੜ੍ਹਾਉਣ ਦਾ ਮੌਕਾ ਪ੍ਰਾਪਤ ਹੋਇਆ। ਉਸਨੇ ਇਸ ਵਿਸ਼ੇ ਵਿੱਚ 1907, 1909 ਅਤੇ 1911 ਵਿੱਚ ਤਿੰਨ ਵਾਰ ਅਧਿਆਪਨ ਕਾਰਜ ਕੀਤਾ। ਇਹ ਲੈਕਚਰ ਲੜੀ ਹੀ ਉਹਨਾਂ ਦੀ ਕਿਤਾਬ ਦਾ ਆਧਾਰ ਬਣੀ, ਜਿਸਨੂੰ ਉਸ ਦੇ ਦੋ ਪ੍ਰਬੁੱਧ ਸਾਥੀਆਂ ਨੇ 1913 ਵਿੱਚ 'ਕੋਰਸ ਇੰਨ ਜਰਨਲ ਲਿੰਗੁਇਸਟਿਕ' ਨਾਮਕ ਜਰਨਲ ਵਿੱਚ ਸੰਪਾਦਤ ਕੀਤਾ। ਸੌਸਿਊਰ ਦੇ ਨੋਟਸ ਨਾਂਹ ਦੇ ਬਰਾਬਰ ਸੀ, ਨਾ ਹੀ ਸੌਸਿਊਰ ਨੇ ਆਪਣੇ ਜੀਵਨ ਵਿੱਚ ਕੋਈ ਕਿਤਾਬ ਲਿਖੀ।

ਫਰਵਰੀ 1913 ਵਿੱਚ 53 ਸਾਲ ਦੀ ਉਮਰ ਵਿੱਚ ਸੌਸਿਊਰ ਦੀ ਮੌਤ ਹੋ ਗਈ। ਆਪਣੇ ਜੀਵਨ ਕਾਲ ਵਿੱਚ ਸੌਸਿਊਰ ਨੇ ਆਪ ਬਹੁਤ ਘੱਟ ਲਿਖਿਆ। ਡਾਕਟਰੇਟ ਉਪਾਧੀ ਲਈ ਲਿਖੇ ਗਏ ਆਪਣੇ ਜਾਂਚ ਗਰੰਥ ਦੇ ਇਲਾਵਾ ਉਸ ਨੇ ਕੋਈ ਕਿਤਾਬ ਨਹੀਂ ਲਿਖੀ, ਪਰ ਉਸ ਦੁਆਤਾ ਲਿਖੇ ਗਏ ਉਸ ਦੇ ਇੱਕ ਪੱਤਰ ਤੋਂ ਇਹ ਸੰਕੇਤ ਜ਼ਰੂਰ ਪ੍ਰਾਪਤ ਹੁੰਦਾ ਹੈ ਕਿ ਉਹ ਭਾਸ਼ਾ ਵਿਗਿਆਨ ਉੱਤੇ ਇੱਕ ਸਿਧਾਂਤਕ ਕਿਤਾਬ ਲਿਖਣਾ ਚਾਹੁੰਦਾ ਸੀ।

ਪੱਛਮ ਵਿੱਚ ਵੀਹਵੀਂ ਸਦੀ ਵਿੱਚ ਫਰਦੀਨਾ ਦਾ ਸੌਸਿਊਰ ਨੇ ਭਾਸ਼ਾ ਵਿਗਿਆਨ ਦੇ ਆਧਾਰਾਂ ਨੂੰ ਪੇਸ਼ ਕੀਤਾ ਤੇ ਉਹ ਹੀ ਸੰਰਚਨਾਵਾਦ ਦੇ ਮੁੱਢਲੇ ਸੰਕਲਪ ਬਣੇ। ਸੌਸਿਊਰ ਭਾਸ਼ਾ ਵਿਗਿਆਨ ਦਾ ਮੋਢੀ ਹੈ। ਉਸਨੇ ਭਾਸ਼ਾ ਵਿਗਿਆਨ ਵਿੱਚ ਇਤਿਹਾਸਿਕ ਭਾਸ਼ਾ ਵਿਗਿਆਨ ਦੇ ਸਮਾਨੰਤਰ ਸੰਰਚਨਾਤਮਕ ਭਾਸ਼ਾ ਵਿਗਿਆਨ ਦੀ ਨੀਂਹ ਰੱਖੀ। ਉਸ ਦੇ ਭਾਸ਼ਾ ਸੰਬੰਧੀ ਨੇਮਾਂ ਨੇ ਭਾਸ਼ਾ ਵਿਗਿਆਨਕ ਚਿੰਤਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਇਨ੍ਹਾਂ ਭਾਸ਼ਕ ਨੇਮਾਂ ਨੂੰ ਆਧਾਰ ਬਣਾ ਕੇ ਕੁਝ ਸਾਹਿਤ ਚਿੰਤਕਾਂ ਨੇ ਸਾਹਿਤ ਅਧਿਐਨ ਦੇ 'ਸੰਰਚਨਾਵਾਦੀ' ਸਿਧਾਂਤ ਦੀ ਸਥਾਪਨਾ ਕੀਤੀ। ਸੰਰਚਨਾਵਾਦੀ ਅਧਿਐਨ ਵਿਧੀ, ਸੌਸਿਊਰ ਦੇ ਭਾਸ਼ਾਈ ਸੰਕਲਪਾਂ ਉੱਤੇ ਉਸਾਰਿਆ ਗਿਆ ਅਜਿਹਾ ਸਿਸਟਮ ਹੈ, ਜਿਸ ਦਾ ਉਦੇਸ਼, ਸਾਹਿਤ ਰਚਨਾ ਵਿੱਚ ਕਾਰਜਸ਼ੀਲ ਉਨ੍ਹਾਂ ਜੁਗਤਾਂ ਦਾ ਅਧਿਐਨ ਕਰਨਾ ਹੈ।ਜਿਸ ਨਾਲ 'ਸਾਹਿਤ ਦੀ ਸਾਹਿਤਕਤਾ' ਜਨਮ ਲੈਂਦੀ ਹੈ।

### 1.1.3 ਸੌਸਿਊਰ ਦੇ ਭਾਸ਼ਾ ਵਿਗਿਆਨਕ ਸੰਕਲਪ

ਸੌਸਿਊਰ ਦੇ ਭਾਸ਼ਾ ਚਿੰਤਨ ਵਿਚੋਂ ਉਪਜੇ ਪ੍ਰਮੁੱਖ ਸੰਕਲਪਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1.ਚਿਹਨ,ਚਿਹਨਕ ਅਤੇ ਚਿਹਨਤ

2. ਭਾਸ਼ਾ ਅਤੇ ਬੋਲੀ

3. ਕੜੀਦਾਰ ਅਤੇ ਲੜੀਦਾਰ ਸੰਬੰਧ

4.ਇਕਾਲਕ ਅਤੇ ਦੁਕਾਲਕ ਅਧਿਐਨ

ਸੌਸਿਊਰ ਦੀ ਪੁਸਤਕ 'ਕੋਰਸ ਇੰਨ ਜਰਨਲ ਲਿੰਗੁਇਸਟਿਕ' 1916 ਵਿੱਚ ਪ੍ਰਕਾਸ਼ਿਤ ਕੀਤੀ ਗਈ।ਇਸ ਦਾ ਅੰਗ੍ਰੇਜ਼ੀ ਅਨੁਵਾਦ 1959 ਵਿਚ ਛਿਪਆ। ਸੌਸਿਊਰ ਦੇ ਸੰਰਚਨਾਤਮਕ ਭਾਸ਼ਾ ਚਿੰਤਨ ਨੂੰ ਲਾਗੂ ਕਰਕੇ ਵੱਖ-ਵੱਖ ਭਾਸ਼ਾ ਵਿਗਿਆਨੀਆਂ ਅਤੇ ਸਾਹਿਤ ਸ਼ਾਸਤਰੀਆਂ ਨੇ ਸੰਰਚਨਾਵਾਦੀ ਅਧਿਐਨ ਦੀ ਸਥਾਪਨਾ ਕੀਤੀ। ਸੌਸਿਊਰ ਦੀ ਇਸ ਪੁਸਤਕ ਰਾਹੀਂ ਲੈਂਗ, ਪੈਰੋਲ ਸਿਸਟਮ ਆਦਿ ਆਧੁਨਿਕ ਧਾਰਨਾਵਾਂ ਦਾ ਪਤਾ ਲੱਗਦਾ ਹੈ।

### 1.1.4 ਚਿਹਨ:ਚਿਹਨਕ ਅਤੇ ਚਿਹਨਤ

ਸੰਰਚਨਾਵਾਦ ਦੇ ਸੰਕਲਪਗਤ ਖੇਤਰ ਵਿਚ ਚਿੰਨ੍ਹ ਸੰਬੰਧੀ ਵਿਸਤ੍ਰਿਤ ਚਰਚਾ ਕੀਤੀ ਗਈ ਹੈ ਅਤੇ ਇਹਨਾਂ ਸਿਧਾਂਤਕ ਧਾਰਨਾਵਾਂ ਦੇ ਆਧਾਰ 'ਤੇ ਸੌਸਿਊਰ ਭਾਸ਼ਾ ਦੀ ਸੰਰਚਨਾ ਸੰਬੰਧੀ ਆਪਣਾ ਚਿੰਤਨ ਪੇਸ਼ ਕਰਦਾ ਹੈ। ਸੌਸਿਊਰ ਅਨੁਸਾਰ ਚਿਹਨ ਦੇ ਦੋ ਅਨਿੱਖੜ ਪਹਿਲੂ ਚਿਹਨਕ ਅਤੇ ਚਿਹਨਤ ਹਨ। ਭਾਸ਼ਾ ਵਿਗਿਆਨਕ ਚਿਹਨ ਇੱਕ ਵਸਤੂ ਅਤੇ ਉਸ ਦਾ ਨਾਮ ਨਹੀਂ ਸਗੋਂ ਇੱਕ ਸੰਕਲਪ ਅਤੇ ਉਚਾਰ ਬਿੰਬ ਦਾ ਸੰਯੋਜਨ ਹੈ।

ਸੌਸਿਊਰ ਦੇ ਅਨੁਸਾਰ ਸ਼ਬਦ ਕੇਵਲ ਚਿਹਨ ਹੈ, ਭਾਵੇਂ ਉਹ ਬੋਲਿਆ ਜਾਵੇ ਜਾਂ ਲਿਖਿਆ ਜਾਵੇ। ਜਿਹੜਾ ਦੋ ਪੱਖਾਂ ਨਾਲ ਬਣਿਆ ਹੋਇਆ ਹੈ, ਉਹ ਚਿਹਨ ਦੇ ਇਕ ਪੱਖ ਨੂੰ ਚਿਹਨਕ ਕਹਿੰਦਾ ਹੈ। ਦੂਸਰੇ ਪੱਖ ਨੂੰ ਚਿਹਨਤ ਆਖਦਾ ਹੈ।

ਸੌਸਿਊਰ ਅਨੁਸਾਰ ਚਿਹਨ ਸਮੂਰਤ ਇਕਾਈ ਹੈ ਜੋ ਆਪਹੁਦਰੀ ਅਤੇ ਇਕਿਹਰੇ ਚਿਰਤਰ ਦੀ ਧਾਰਣੀ ਹੈ।ਸੌਸਿਊਰ ਨੇ ਚਿਹਨਕ ਅਤੇ ਚਿਹਨਤ ਦੇ ਸੰਬੰਧਾਂ ਨੂੰ ਹੀ ਆਪਹੁਦਰਾ ਕਿਹਾ ਹੈ। ਚਿਹਨ ਅਤੇ ਚਿਹਨਕ ਦਾ ਸੰਬੰਧ ਆਪਹੁਦਰਾ ਅਤੇ ਮਨਮਰਜ਼ੀ ਦਾ ਹੈ। ਉਦਾਹਰਣ ਵਜੋਂ ਜਦੋਂ ਅਸੀਂ ਟਰੈਫਿਕ ਨਿਯਮਾਂ ਦੀ ਗੱਲ ਕਰਦੇ ਹਾਂ ਤਾਂ 'ਲਾਲ' ਰੰਗ ਦੀ ਬੱਤੀ ਤੇ 'ਰੁਕੋ' ਵਿਚ ਕੋਈ ਸੁਭਾਵਕ ਸੰਬੰਧ ਨਹੀਂ ਭਾਵੇਂ ਇਹ ਸੰਬੰਧ ਕਿਨ੍ਹਾਂ ਵੀ ਸੁਭਾਵਿਕ ਪ੍ਰਤੀਕ ਨਾ ਹੋਵੇ, ਅਜਿਹੀ ਸਥਿਤੀ ਭਾਸ਼ਾ ਦੇ ਭਾਸ਼ਾਈ ਪ੍ਰਬੰਧ ਅਤੇ ਉਸਦੇ ਅੰਦਰ ਸ਼ਬਦਾਂ ਦੀ ਪ੍ਰਕ੍ਰਿਆ ਦੀ ਹੈ।

ਭਾਸ਼ਾ ਵਿਸ਼ਵ ਦੇ ਚਿਹਨ-ਪ੍ਰਬੰਧਾਂ ਵਿਚੋਂ ਸਿਰਫ਼ ਇੱਕ ਪ੍ਰਬੰਧ ਹੈ।ਇਸ ਲਈ ਸਪਸ਼ਟ ਹੁੰਦਾ ਹੈ ਕਿ ਸੰਰਚਨਾਵਾਦ ਅਤੇ ਚਿਹਨ ਵਿਗਿਆਨ ਦਾ ਸਿਧਾਂਤਕ ਆਧਾਰ ਇਕੋ ਹੈ। ਭਾਵ ਇਹ ਕਿ ਚਿਹਨ ਕੁਦਰਤੀ ਅਰਥ ਨਹੀਂ ਰੱਖਦਾ ਸਗੋਂ ਅਮੂਰਤ ਪ੍ਰਬੰਧ ਵਿਚ ਸੰਬੰਧਾਂ ਦੇ ਕਾਰਣ ਸਾਰਥਕ ਬਣਦਾ ਹੈ।

### 1.1.5 ਭਾਸ਼ਾ ਅਤੇ ਬੋਲੀ (ਲਾਂਗ ਅਤੇ ਪੈਰੋਲ)

ਸੌਸਿਊਰ ਨੇ ਭਾਸ਼ਾਈ ਸਿਸਟਮ ਦੇ ਦੋ ਕੇਂਦਰੀ ਅੰਗ ਸਵੀਕਾਰ ਕਰਕੇ ਭਾਸ਼ਾ ਦੇ ਸੰਗਠਨ ਨੂੰ ਪਰਿਭਾਸ਼ਿਤ ਕੀਤਾ ਹੈ। ਉਸ ਅਨੁਸਾਰ ਲਾਂਗ ਭਾਸ਼ਾ ਦਾ ਉਹ ਵਿਆਪਕ ਸਾਮਾਨਯ ਅਮੂਰਤ ਨਿਯਮ ਪ੍ਰਬੰਧ ਹੈ,ਜਿਹੜੀ ਸਮੂਹਿਕ, ਸਮਾਜਕ,ਵਿਆਪਕ

ਅਤੇ ਲਾਜ਼ਮੀ ਲੱਛਣਾਂ ਦਾ ਧਾਰਨੀ ਹੈ,ਜਿਸ ਨੂੰ ਕੋਈ ਵਿਅਕਤੀ ਆਪਣੇ ਆਪ ਸਿਰਜਣ ਜਾਂ ਬਦਲਣ ਦੇ ਸਮਰਥ ਨਹੀਂ ਹੁੰਦਾ,ਇਹ ਸਮੂਹ ਭਾਈਚਾਰੇ ਦੇ ਆਪਸੀ ਸਮਝੌਤੇ ਵਾਂਗ ਹੈ।ਪੈਰੋਲ ਇੱਕ ਵਿਅਕਤੀਗਤ ਉਚਾਰ ਹੈ,ਇਹ ਇੱਛਾਮੂਲਕ ਅਤੇ ਬੌਧਿਕ ਹੈ।ਜਿਸ ਦੇ ਅੱਗੋਂ ਪਹਿਲੂ ਹੈ, ਪਹਿਲਾ ਵਕਤੇ ਵੱਲੋਂ ਆਪਣੇ ਵਿਚਾਰ ਪ੍ਰਗਟਾਉਣ ਲਈ ਵਰਤੇ ਜਾਂਦੇ ਭਾਸ਼ਾਈ ਕੋਡਾਂ ਦਾ ਸੰਯੋਜਨ (Comibnaiton) ਅਤੇ ਦੂਸਰਾ ਮਨੋ-ਭੌਤਿਕ ਮੈਕਾਨਿਜਮ ਜਿਹੜਾ ਇਸ ਸੰਯੋਜਨ ਨੂੰ ਬਾਹਰੀਕਰਣ ਪ੍ਰਦਾਨ ਕਰਦਾ ਹੈ। ਲਾਂਗ Homogenlous ਹੈ, ਜਦਕਿ Parle heterogenlous ਹੈ।ਇਸੇ ਸੰਬੰਧ ਵਿੱਚ ਸੌਸਿਊਰ ਦੁਆਰਾ ਇੱਕ ਹੋਰ ਵਖਰੇਵਾਂ (Lang Language) ਅਤੇ Languge (Human speech) ਨੂੰ ਦ੍ਰਿਸ਼ਟੀਗੋਚਰ ਕਰਨਾ ਵੀ ਨਿਹਾਇਤ ਜ਼ਰੂਰੀ ਹੈ। ਲਾਂਗ ਸਮੂਹਿਕ ਵਰਤਾਰਾ ਹੋਣ ਕਾਰਨ ਮੁਕਾਬਲਤਨ ਅਧਿਕ ਸਥਿਰ ਰਹਿੰਦਾ ਹੈ, ਜਦਕਿ ਪੈਰੋਲ ਵਿਅਕਤੀਗਤ ਉਚਾਰ ਹੋਣ ਕਾਰਨ ਅਧਿਕ ਬਦਲਵੇਂ ਸਰੂਪ ਦੀ ਧਾਰਨੀ ਹੈ।

ਲਾਂਗ ਦਾ ਸਰੋਕਾਰ ਅੰਤਰਨਿਹਿਤ ਅਚੇਤਨ ਨਿਯਮਾਂ ਨਾਲ ਹੈ, ਜਦਕਿ ਪੈਰੋਲ ਸਥੂਲ ਭੌਤਿਕ ਪ੍ਰਗਟਾਵਾ ਇਸੇ ਸਦਕਾ ਹੀ ਲਾਂਗ ਇਕ ਸਮਾਜਕ ਸੰਸਥਾ ਦਾ ਸਰੂਪ ਰੱਖਦੀ ਹੈ ਅਤੇ ਪੈਰੋਲ ਇਸ ਸੰਸਥਾ ਤੇ ਆਸ਼ਿਰਤ ਇੱਕ ਵਿਅਕਤੀਗਤ ਨਿਭਾਓ ਹੈ।

ਸਭਿਆਚਾਰ ਦੀ ਆਮ ਧਾਰਾਵਾਂ ਨੂੰ ਜੇ ਇੱਕ ਸੰਪੂਰਨ ਪ੍ਰਬੰਧ ਦੀ ਅਮੂਰਤ ਧਾਰਣਾ ਦੇ ਰੂਪ ਵਿਚ ਵਿਸਤਾਰ,ਦਿੱਤਾ ਜਾਵੇ ਜੋ ਧਰਮ,ਸਭਿਆਚਾਰ, ਪੌਰਾਣਿਕ ਕਿੱਸੇ ਕਹਾਣੀਆਂ, ਰਾਜਨੀਤਕ ਪ੍ਰਬੰਧ, ਰਹਿਣ-ਸਹਿਣ, ਸਮਾਜਕਤਾ ਭਾਸ਼ਾ ਤੇ ਸਾਹਿਤਕ ਪਰੰਪਰਾ ਦੀ ਸਾਰੀ ਉਪਸਿਥਤੀ ਅਤੇ ਸੰਭਾਵਨਾਵਾਂ ਉੱਤੇ ਹਾਵੀ ਹੋਵੇ, ਤਾਂ ਸਭਿਆਚਾਰ ਦੀ ਇਹ ਸਮੁੱਚੀ ਧਾਰਣਾ ਸੌਸਿਊਰ ਦੀ ਅਮੂਰਤ ਭਾਸ਼ਾ ਸੰਕਲਪਨਾ ਜਾਂ 'ਲਾਂਗ' ਦੇ ਸਿਧਾਂਤਕ ਮਾਡਲ ਦੇ ਸਾਮਾਨ ਹੋਵੇਗੀ ਇਸਦੀ ਤੁਲਨਾ ਵਿੱਚ ਕੋਈ ਇਕ ਪ੍ਰਗਟਾਉ ਰੂਪ ਜਾਂ ਕਲਾ ਕਿਰਤ ਅਰਥਾਤ ਨਾਵਲ, ਕਹਾਣੀ, ਕਵਿਤਾ ਵਿਅਕਤੀਗਤ ਉਚਾਰ ਪਓਰੋਲਏ ਦੇ ਸਮਾਨ ਹੈ।

ਸੌਸਿਊਰ ਦੇ ਇਨ੍ਹਾਂ ਉਪਰੋਕਤ ਦਿੱਤੇ ਭਾਸ਼ਾ ਵਿਗਿਆਨਕ ਮਾਡਲ ਦੇ ਸੰਕਲਪਾਂ ਉੱਪਰ ਹੀ ਸੰਰਚਨਾਵਾਦੀ ਪ੍ਰਣਾਲੀ ਅਧਾਰਿਤ ਹੈ। ਸੰਰਚਨਾਵਾਦ ਸਿਰਫ਼ ਭਾਸ਼ਾ ਵਿਗਿਆਨ ਹੀ ਨਹੀਂ ਬਲਕਿ ਮਾਨਵ-ਵਿਗਿਆਨ, ਸਮਾਜ ਸ਼ਾਸਤਰ,ਚਿਹਨ-ਵਿਗਿਆਨ ਦੇ ਅਧਿਐਨ ਆਦਿ ਲਈ ਵੀ ਵਰਤੀ ਜਾਂਦੀ ਪ੍ਰਣਾਲੀ ਜਾਂ ਅਧਿਐਨ ਵਿਧੀ ਹੈ।

### 1.1.6 ਇਕਾਲਕ ਅਤੇ ਬਹੁਕਾਲਕ ਅਧਿਐਨ

ਸੌਸਿਊਰ ਦੁਆਰਾ ਭਾਸ਼ਾ ਵਿਗਿਆਨ ਦੇ ਦਿੱਤੇ ਸੰਕਲਪਾਂ ਵਿੱਚ ਇਕਾਲਕ ਅਤੇ ਦੁਕਾਲਕ ਸੰਕਲਪ ਵੀ ਸ਼ਾਮਿਲ ਹਨ। ਸੌਸਿਊਰ ਅਨੁਸਾਰ ਇਕਾਲਕੀ ਤੇ ਦੁਕਾਲਕੀ ਦ੍ਰਿਸ਼ਟੀਆਂ ਦਾ ਵਿਰੋਧ ਨਿਰਪੇਖ ਹੈ ਅਤੇ ਇਨ੍ਹਾਂ ਵਿਚ ਆਦਾਨ-ਪ੍ਰਦਾਨ ਸੰਭਵ ਨਹੀਂ। ਸੌਸਿਊਰ ਭਾਸ਼ਾ ਦੀ ਇਤਿਹਾਸਿਕ ਪਹੁੰਚ ਨਾ ਨਕਾਰਿਦਆਂ ਇਕਾਲਕ ਵਿਧੀ ਦੀ ਮਹੱਤਤਾ ਨੂੰ ਵੀ ਸਵੀਕਾਰਦਾ ਹੈ।ਇਕਕਾਲਕਤਾ ਦੀ ਦ੍ਰਿਸ਼ਟੀ ਦਾ ਅਧਿਐਨ ਕੋਈ ਇਕ ਵਿਸ਼ੇਸ਼ ਕਾਲ ਬਿੰਦੂ ਹੁੰਦਾ ਹੈ। ਬਹੁਕਾਲਕਤਾ ਦੀ ਦ੍ਰਿਸ਼ਟੀ ਕਿਸੇ ਕਾਲ ਬਿੰਦੂ ਤੱਕ ਸੀਮਿਤ ਨਹੀਂ ਰਹਿੰਦੀ ਸਗੋਂ ਦੂਸਰੇ ਕਾਲ-ਬਿੰਦੂਆਂ ਤੱਕ ਆਪਣਾ ਅਧਿਐਨ ਵਿਸਤਾਰਦੀ ਹੈ।ਇਹ ਇਤਿਹਾਸਕ ਵਿਕਾਸ ਕ੍ਰਮ ਨੂੰ ਉਲੀਕਦੀ ਹੈ।ਇਹ ਇਕ ਪਰੰਪਰਾ ਨੂੰ ਉਸਾਰ ਕੇ ਉਸ ਵਿਚ ਕਿਸੇ ਭਾਸ਼ਾ ਪ੍ਰਬੰਧ/ਬਣਤਰ ਦਾ ਅਧਿਐਨ ਕਰਦੀ ਹੈ। ਦੋਹਾਂ ਦੇ ਨਿਖੇੜ ਬਾਰੇ ਨਿਮਨ ਲਿਖਤ ਕਥਨ ਉਲੇਖ ਯੋਗ ਹੈ, ਇਕ ਕਾਲਕ ਅਧਿਐਨ ਵਿਧੀ ਕਿਸੇ ਵੀ ਵਿਸ਼ੇਸ਼ ਅਤੇ ਨਿਸ਼ਚਤ ਕਾਲ ਵਿਚ ਭਾਸ਼ਾ ਪ੍ਰਬੰਧ ਦੀ ਬਣਤਰ/ਸੰਰਚਨਾ ਦਾ ਸਰਬਪੱਖੀ ਅਧਿਐਨ ਕਰਦੀ ਹੈ ਪਰੰਤੂ ਬਹੁਕਾਲਕ ਅਧਿਐਨ ਵਿਧੀ ਭਾਸ਼ਾ ਪ੍ਰਬੰਧ ਦੇ ਕਿਸੇ ਵਿਸ਼ੇਸ਼ ਤੱਤ ਦੇ ਵਿਕਾਸ ਦਾ ਇਤਿਹਾਸਕ ਨਜ਼ਰੀਏ ਤੋਂ ਹੀ ਅਧਿਐਨ ਕਰਦੀ ਹੈ।ਸੰਰਚਨਾਵਾਦ ਆਲੋਚਨਾ ਵਿਚ ਵਿਸ਼ਵ ਪੱਧਰ ਤੇ ਇਕਾਲਕ ਅਤੇ ਦੁਕਾਲਕ ਦੋਵਾਂ ਦ੍ਰਿਸ਼ਟੀਆਂ ਤੋਂ ਆਲੋਚਨਾ ਕੀਤੀ ਗਈ ਹੈ। ਸੌਸਿਊਰ ਦੁਆਰਾ ਪੇਸ਼ ਕੀਤੇ ਇਨ੍ਹਾਂ ਭਾਸ਼ਾ ਵਿਗਿਆਨ ਦੇ ਸੰਕਲਪਾਂ ਰਾਹੀਂ

ਸੰਰਚਨਾਵਾਦੀ ਚਿੰਤਕਾਂ ਨੇ ਹਰ ਤਰ੍ਹਾਂ ਦੇ ਵਿਗਿਆਨ ਵਿਚਲੇ ਅੰਦਰੂਨੀ ਨੇਮਾਂ, ਸੰਰਚਨਾਵਾਂ ਦੀ ਸਿਰਜਣ ਪ੍ਰਕ੍ਰਿਆ ਅਤੇ ਉਨ੍ਹਾਂ ਵਿਚਲੀ ਕਾਰਜ਼ਸ਼ੀਲਤਾ ਦਾ ਡੂੰਘੇਰਾ ਅਧਿਐਨ ਕੀਤਾ।

### 1.1.7 **ਕੜੀਦਾਰ ਅਤੇ ਲੜੀਦਾਰ ਸੰਬੰਧ**

ਸੰਰਚਨਾਵਾਦੀ ਅਧਿਐਨ ਵਿਧੀ ਦਾ ਇੱਕ ਮਹੱਤਵਪੂਰਨ ਉਪਰਾਲਾ ਵਾਕ-ਕ੍ਰਮਕ ਅਤੇ ਸਹਿਚਾਰੀ ਸੰਬੰਧਾਂ ਦਾ ਹੈ। ਸੌਸਿਊਰ ਨੇ Paraidgmaitc ਸ਼ਬਦ ਨਹੀਂ ਸਗੋਂ assoicaitve ਸ਼ਬਦ ਵਰਿਤਆ ਹੈ, ਜੋ ਕਿ ਸੰਰਚਨਾਵਾਦੀ ਸੰਬੰਧਾਂ ਦੇ ਨਖੇੜੇ ਲਈ ਵੱਧ ਢੁੱਕਵਾਂ ਸੰਕਲਪ ਹੈ। ਵਾਕ ਕ੍ਰਮਕ ਤੋਂ ਭਾਵ ਭਾਸ਼ਾਈ ਸੰਰਚਨਾ ਵਿਚਲੇ ਰੇਖਾਂਕਿਕ ਅਰਥਾਤ ਲੜੀਦਾਰ ਸੰਬੰਧਾਂ ਤੋਂ ਹੈ।ਇਹ ਭਾਸ਼ਾਈ ਤੱਤ ਇੱਕ ਨਿਰੰਤਰ ਕ੍ਰਮ ਵਿੱਚ ਉਚਰਿਤ ਲੜੀ ਵਾਂਗ ਨਿਯੰਤਿਰਤ ਹੁੰਦੇ ਹਨ, ਅਰਥਾਤ ਇਨ੍ਹਾਂ ਦਾ ਇੱਕ Order of succesison ਹੁੰਦਾ ਹੈ,ਜਿਸ ਵਿਚ ਇੱਕੋ ਸਮੇਂ ਸਧਾਰਣ ਸੰਭਾਵਨਾ ਨਹੀਂ ਹੁੰਦੀ।ਇਹ ਹਮੇਸ਼ਾ ਦੋ ਜਾਂ ਅਧਿਕ ਜੁੜਵੀਆਂ ਇਕਾਈਆਂ ਰਾਹੀਂ ਘੜਿਆ ਜਾਂਦਾ ਹੈ। ਸਹਿਚਾਰੀ ਸੰਬੰਧ ਉਹ ਹੁੰਦੇ ਹਨ, ਜੋ ਵਿਭਿੰਨ ਭਾਸ਼ਾਈ ਇਕਾਈਆਂ ਵਿਚ ਕ੍ਰਮਿਕ ਅਤੇ ਰੇਖਾਂਕੀ ਦੇ ਉਲਟ ਭਾਸ਼ਾਈ ਸੰਗਠਨ ਦੇ ਮਨੁੱਖੀ ਮਨ ਵਿਚ ਉਕਰੀ ਯਾਦ ਵਿਚਲੇ ਅਮੂਰਤ ਨਿਯਮਾਂ ਰਾਹੀਂ ਵਿਉਂਤੇ,ਸਿਰਜੇ ਗਏ ਹੁੰਦੇ ਹਨ,ਜਿਹੜੇ ਵਿਸ਼ੇਸ਼ ਭਾਸ਼ਾ ਵਿਗਿਆਨਿਕ ਵਰਗ ਜਾਂ ਉਪਵਰਗਾਂ ਵਿੱਚ ਸੁਨਿਯਮਿਤ ਕੀਤੇ ਗਏ ਹੁੰਦੇ ਹਨ,ਜਿਵੇਂ ਕ੍ਰਿਆਵਾਂ, ਨਾਂਵ, ਪੜਨਾਂਵ ਆਦਿ ਦੇ ਵਿਭਿੰਨ ਬਦਲਾ...।

ਵਾਕ ਕ੍ਰਮਕੀ ਸੰਬੰਧਾਂ ਦਾ ਆਧਾਰ ਵਾਕ ਅੰਸ਼ੀ, ਵਾਕ ਜਾਂ ਇੱਕ ਸੰਰਚਨਾ ਦੀ ਤਰਤੀਬ ਸੰਬੰਧੀ ਹੈ,ਇਸ ਕਰਕੇ ਵਾਕ ਕ੍ਰਮਕੀ ਸੰਬੰਧੀ ਲਾਜ਼ਮੀ ਤੌਰ ਤੇ ਵਾਕ ਵਿਗਿਆਨ ਦੇ ਸੰਕਲਪ ਦਾ ਧਾਰਣੀ ਹੈ, ਜਦਕਿ ਸਹਿਚਾਰੀ ਸੰਬੰਧ ਇਕ ਉਪ-ਵਰਗ, ਵਰਗ ਜਾਂ ਸਿਸਟਮ ਬਾਰੇ ਹੁੰਦੇ ਹਨ,ਜਿਵੇਂ ਕ੍ਰਿਆਵਾਂ ਨਾਂਵ, ਪੜਨਾਂਵ, ਸੰਯੋਜਕ ਆਦਿ।ਜਿਵੇਂ ਹੀ ਵਾਕ ਕ੍ਰਮਕੀ ਅਰਥ ਸਿਰਜਣ ਦੇ ਗਏਨਏਰਓਟਿਵਏ ਪਰੋਚਏਸਸ ਦੇ ਲੱਛਣ ਦਾ ਧਾਰਨੀ ਹੈ, ਸਹਿਚਾਰੀ ਸੰਬੰਧ ਭਾਸ਼ਕ ਇਕਾਈਆਂ ਦੇ ਅਰਥਾਂ ਦੇ ਵਖਰੇਵੇਂ ਮੂਲਕ ਲੱਛਣ ਦਾ ਸੂਚਕ ਹੈ ਵਾਕ ਕ੍ਰਮਕੀ ਸੰਬੰਧ ਅਧਿਕਤਰ ਸੰਰਚਨਾਵਾਦੀ ਧਰਾਤਲ ਤੇ ਵਿਚਰਦੇ ਹਨ, ਜਦਕਿ ਸਹਿਚਾਰੀ ਸੰਬੰਧ ਸਿਸਟਮ ਦੀ ਪੱਧਰ ਤੇ ਵਾਕ ਕ੍ਰਮਕੀ ਸੰਬੰਧਾਂ ਦਾ ਸਰੂਪ ਸਹਿਹੋਂਦਮੂਲਕ (Co-ilstenital) ਹੈ, ਜਦੋਂ ਕਿ ਸਹਿਚਾਰੀ ਸੰਬੰਧ ਵੰਡਮੂਲਕ (idstirbuitve) ਹੁੰਦੇ ਹਨ। ਵਾਕ ਕ੍ਰਮਕੀ ਸੰਬੰਧ ਸੰਯੋਜਨੀ ਜੁਟ ਹੁੰਦੇ ਹਨ, ਪਰ ਸਹਿਚਾਰੀ ਸੰਬੰਧ ਵਖਰੇਵੇਂ ਦੇ ਜੁਟ ਹੁੰਦੇ ਹਨ।ਇਨ੍ਹਾਂ ਸੰਬੰਧਾਂ ਨੂੰ ਭਾਸ਼ਾਈ ਸਿਸਟਮ ਵਿੱਚ ਇਵੇਂ ਚਿਤਿਰਤ ਕੀਤਾ ਜਾ ਸਕਦਾ ਹੈ।

ਭਾਸ਼ਾਈ ਸੰਰਚਨਾ ਰਾਹੀਂ ਸਿਸਟਮ ਅਤੇ ਉਸਦੇ ਸਹਿਚਾਰੀ ਸੰਬੰਧਾਂ ਦਾ ਬੋਧ ਹੁੰਦਾ ਹੈ। ਸਾਹਿਤਕ ਆਲੋਚਨਾ ਵਿੱਚ ਇਸ ਅਧਿਐਨ ਰਾਹੀਂ ਸਾਹਿਤਕ ਕਿਰਤ ਦੀ ਸੰਰਚਨਾਤਮਕ ਹੋਂਦ ਅਤੇ ਕਿਰਤ ਦੇ ਵਿਭਿੰਨ ਤੱਥਾ ਦੇ ਆਪਸੀ ਸਹਿਯੋਗ ਨਾਲ ਸਿਰਜਿਤ ਹੁੰਦੀ ਸਮੁੱਚੀ ਸੰਰਚਨਾ ਦਾ ਅਨੁਭਵ ਪ੍ਰਾਪਤ ਹੁੰਦਾ ਹੈ।

### 1.1.8 **ਚਿਹਨ ਵਿਗਿਆਨ**

ਚਿਹਨ ਇੱਕ ਅਜਿਹੀ ਭਾਸ਼ਾਈ ਘਟਨਾ ਹੈ ਜੋ ਕਿਸੇ ਵਸਤੂ ਜਾਂ ਵਰਤਾਰੇ ਦੀ ਵੱਲ ਸੰਕੇਤ ਕਰਦੀ ਹੈ ਅਰਥਾਤ ਚਿਹਨ ਖੁਦ ਆਪਣੇ ਅਤੇ ਵਸਤੂ ਦੇ ਵਿੱਚ ਸੰਬੰਧ ਹੁੰਦਾ ਹੈ। ਕਿਸੇ ਚਿਹਨ ਤੋਂ ਸਾਡੇ ਮਨ ਵਿੱਚ ਕੁੱਝ ਸੰਕਲਪ ਆਉਂਦੇ ਹਨ, ਜਿਹਨਾਂ ਨੂੰ ਪ੍ਰਤੀਕ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਗਾਂ ਸ਼ਬਦ ਇੱਕ ਚਿਹਨ ਹੈ ਕਿਉਂਕਿ ਗਾਂ ਸ਼ਬਦ ਨੂੰ ਪੜ੍ਹਕੇ ਜਾਂ ਸੁਣਕੇ ਸਾਡੇ ਮਨ ਵਿੱਚ ਕੁੱਝ ਸੰਕਲਪ ਆਉਂਦੇ ਹਨ। ਯਾਨੀ ਇਹ ਕਿ ਇਹ ਇੱਕ ਜਾਨਵਰ ਹੈ ਜਿਸਦੇ ਚਾਰ ਪੈਰ, ਦੋ ਕੰਨ, ਦੋ ਅੱਖਾਂ ਅਤੇ ਇੱਕ ਪੂਛ ਹੁੰਦੇ ਹਨ, ਆਦਿ। ਰਵਾਇਤੀ ਚਿਹਨ ਇਕਰਾਰ ਤੇ ਟਿਕਿਆ ਹੁੰਦਾ ਹੈ, ਜਿਵੇਂ ਵਿਸਰਾਮ ਚਿੰਨ੍ਹ ਵਾਕ ਦੀ ਸਮਾਪਤੀ ਦਾ ਚਿਹਨ ਹੈ। (ਇਹਦੇ ਟਾਕਰੇ ਤੇ ਪ੍ਰਤੀਕ ਕਿਸੇ ਐਸੇ ਸੰਕਲਪ ਦਾ ਚਿਹਨ ਹੁੰਦਾ

ਹੈ, ਜੋ ਉਸ ਸੰਕਲਪ ਦੇ ਰਾਹੀਂ ਕਿਸੇ ਹੋਰ ਸੰਕਲਪ ਵੱਲ ਸੰਕੇਤ ਕਰਦਾ ਹੋਵੇ, ਜਿਵੇਂ ਝੰਡਾ ਕਿਸੇ ਰਾਸ਼ਟਰ ਦਾ ਪ੍ਰਤੀਕ ਹੋ ਸਕਦਾ ਹੈ)।

ਫਰਾਂਸੀਸੀ ਭਾਸ਼ਾ ਵਿਗਿਆਨੀ ਸੌਸਿਊਰ ਨੇ ਵਿਵਸਥਿਤ ਰੂਪ ਵਿੱਚ ਚਿਹਨ ਦੀ ਅਵਧਾਰਣਾ ਪੇਸ਼ ਕੀਤੀ ਅਤੇ ਇਸਦਾ ਅਧਿਐਨ ਕਰਨ ਵਾਲੀ ਭਾਸ਼ਾ-ਵਿਗਿਆਨ ਦੀ ਸ਼ਾਖਾ ਨੂੰ ਚਿਹਨ-ਵਿਗਿਆਨ ਕਿਹਾ। ਉਸ ਨੇ ਚਿਹਨ ਦੇ ਅੰਤਰਗਤ ਪ੍ਰਤੀਕ ਦੀ ਵਿਆਖਿਆ ਕੀਤੀ ਅਤੇ ਚਿਹਨ ਨੂੰ ਦੋ ਭਾਗਾਂ ਵਿੱਚ ਵੰਡਿਆ - ਚਿਹਨਕ ਅਤੇ ਚਿਹਨਤ। ਕੋਈ ਧੁਨੀ ਬਿੰਬ ਚਿਹਨਕ ਕਹਾਂਦਾ ਹੈ, ਜਿਵੇਂ - 'ਘਰ' ਸ਼ਬਦ ਵਿੱਚ /ਘ/-/ਰ/ ਇਹ ਦੋ ਧੁਨੀ ਇਕਾਈਆਂ ਹਨ ਜਾਂ ਅੱਖਰ ਹਨ। ਇਹੀ ਚਿਹਨਕ ਹੈ। 'ਘਰ' ਸ਼ਬਦ ਤੋਂ ਜੋ ਮਾਨਸਿਕ ਪ੍ਰਤੀਤੀ ਹੁੰਦੀ ਹੈ ਉਹ 'ਘਰ' ਦਾ ਚਿਹਨਤ ਹੈ। ਚਿਹਨਤ ਇੱਕ ਮਾਨਸਿਕ ਸੰਕਲਪ ਹੈ। ਇਸਦੇ ਦੁਆਰਾ ਚਿਹਨ ਨੂੰ ਇੱਕ ਸੰਦਰਭ ਮਿਲਦਾ ਹੈ ਅਰਥਾਤ ਚਿਹਨ ਕਿਸੇ ਸੰਦਰਭ ਦੇ ਨਾਲ ਜੁੜਕੇ ਪ੍ਰਤੀਕ ਬਣਦਾ ਹੈ। ਪਰ ਦੈਰਿਦਾ ਦਾ ਵਿਖੰਡਨਵਾਦੀ ਸਿੱਧਾਂਤ ਸੌਸਿਊਰ ਦੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਦੈਰਿਦਾ ਦੇ ਅਨੁਸਾਰ ਕਿਸੇ ਚਿਹਨ ਦਾ ਆਖ਼ਰੀ ਅਰਥ ਕੋਈ ਨਹੀਂ ਹੁੰਦਾ ਸਗੋਂ ਇਹ ਤਾਂ ਚਿਹਨ ਤੋਂ ਚਿਹਨ ਤੱਕ ਪਹੁੰਚਣ ਦੀ ਪ੍ਰਕਿਰਿਆ ਮਾਤਰ ਹੁੰਦੀ ਹੈ।

ਚਿਹਨ-ਵਿਗਿਆਨ ਭਾਸ਼ਾ ਵਿਗਿਆਨ ਦੀ ਇੱਕ ਸਾਖਾ ਹੈ,ਜਿਸ ਵਿੱਚ ਅਰਥ-ਸਿਰਜਣ ਦੀ ਪਰਿਕਿਰਿਆ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਵਿੱਚ, ਲਾਖਣਿਕਤਾ, ਜਾਂ ਅਭਿਵਿਅੰਜਨਾ ਅਤੇ ਸੰਚਾਰ, ਚਿਹਨ ਅਤੇ ਪ੍ਰਤੀਕ ਦਾ ਅਧਿਅਨ ਕੀਤਾ ਜਾਂਦਾ ਹੈ। ਇਸਨੂੰ ਆਮ ਤੌਰ ਉੱਤੇ ਹੇਠ ਲਿਖੇ ਤਿੰਨ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ:

ਅਰਥ-ਵਿਗਿਆਨ: ਭਾਸ਼ਾ-ਖੇਤਰ ਵਿੱਚ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦੇ ਅਧਿਅਨ ਦੇ ਵਿਗਿਆਨ ਨੂੰ ਅਰਥ-ਵਿਗਿਆਨ ਕਹਿੰਦੇ ਹਨ। ਉਂਨੀਵੀਂ ਸਦੀ ਦੇ ਪਿਛਲੇ ਅੱਧ ਤੋਂ ਪਹਿਲਾਂ ਅਰਥ-ਵਿਗਿਆਨ ਨੂੰ ਇੱਕ ਵੱਖ ਅਨੁਸ਼ਾਸਨ ਦੇ ਰੂਪ ਵਿੱਚ ਮਾਨਤਾ ਨਹੀਂ ਸੀ। ਫਰਾਂਸੀਸੀ ਭਾਸ਼ਾ-ਸ਼ਾਸਤਰੀ ਮਿਸ਼ੈਲ ਬਰੀਲ ਨੇ ਇਸ ਅਨੁਸ਼ਾਸਨ ਦੀ ਸਥਾਪਨਾ ਕੀਤੀ ਅਤੇ ਇਸਨੂੰ ਸੀਮੈਂਟਿਕਸ ਦਾ ਨਾਮ ਦਿੱਤਾ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸੌਸਿਊਰ ਦੁਆਰਾ ਲਿਆਂਦੀ ਭਾਸ਼ਾਈ ਕ੍ਰਾਂਤੀ ਦੇ ਬਾਅਦ ਸੀਮੈਂਟਿਕਸ ਦੇ ਪੈਰ ਸਮਾਜ-ਵਿਗਿਆਨ ਵਿੱਚ ਜਮਦੇ ਚਲੇ ਗਏ। ਇਸਦਾ ਪਹਿਲਾ ਕੰਮ ਹੈ ਭਾਸ਼ਾਈ ਸ਼੍ਰੇਣੀਆਂ ਦੀ ਪਛਾਣ ਕਰਨਾ ਅਤੇ ਉਹਨਾਂ ਦੀ ਉਪਯੁਕਤ ਸ਼ਬਦਾਵਲੀ ਵਿੱਚ ਵਿਆਖਿਆ ਕਰਨਾ। ਉੱਪਰ ਤੋਂ ਸਹਿਜ ਪਰ ਅੰਦਰ ਤੋਂ ਪੇਚਦਾਰ ਲੱਗਣ ਵਾਲੀਆਂ ਅਰਥ ਸਬੰਧੀ ਕਵਾਇਦਾਂ ਸੀਮੈਂਟਿਕਸ ਦੀ ਮਦਦ ਦੇ ਬਿਨਾਂ ਨਹੀਂ ਹੋ ਸਕਦੀਆਂ।

ਵਾਕ-ਵਿਗਿਆਨ - ਵਾਕ-ਵਿਗਿਆਨ ਨੂੰ ਵਿਆਕਰਨ ਵੀ ਕਿਹਾ ਜਾਂਦਾ ਹੈ ਪਰ ਬਹੁਤੀ ਵਾਰੀ ਵਿਆਕਰਨ ਸਬਦ ਨੂੰ ਵਾਕ-ਵਿਗਿਆਨ ਨਾਲੋਂ ਜ਼ਿਆਦਾ ਵਿਸ਼ਾਲ ਅਰਥਾਂ ਵਿੱਚ ਲਿਆ ਜਾਂਦਾ ਹੈ। ਜਿਥੇ ਵਾਕ ਵਿਗਿਆਨ ਦੇ ਵਰਤੋਂ ਵਾਕ ਦੀ ਅੰਦਰੂਨੀ ਬਣਤਰ ਦੇ ਅਧਿਐਨ ਲਈ ਕੀਤੀ ਜਾਂਦੀ ਹੈ ਉੱਥੇ ਵਿਆਕਰਨ ਸ਼ਬਦ ਦੀ ਵਰਤੋਂ ਅਕਸਰ ਭਾਸ਼ਾ ਦੀ ਪੂਰੀ ਬਣਤਰ ਲਈ ਵੀ ਕੀਤੀ ਜਾਂਦੀ ਹੈ, ਜਿਸ ਵਿੱਚ ਭਾਸ਼ਾ ਦੀ ਬਣਤਰ ਦੇ ਹੋਰ ਖੇਤਰ ਧੁਨੀ ਬਣਤਰ ਸ਼ਬਦ ਬਣਤਰ ਅਤੇ ਅਰਥ ਬਣਤਰ ਆਦਿ ਆ ਜਾਂਦੇ ਹਨ। ਇੱਥੇ ਅਸੀ ਵਾਕ- ਵਿਗਿਆਨ ਨਾਲ ਜਾਣ-ਪਛਾਣ, ਇਸ ਦੇ ਜੋੜੇ ਅਰਥਾਂ ਵਿੱਚ ਕਰ ਰਹੇ ਹਾਂ।ਵਾਕ-ਵਿਗਿਆਨ ਭਾਸ਼ਾ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਦਾ ਸੰਬੰਧ ਭਾਸ਼ਾ ਦੇ ਵਾਕਾਂ ਦੀ ਬਣਤਰ ਨਾਲ ਹੈ। ਇਸ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।ਵਾਕ ਵਿਚਲੀਆਂ ਇਕਾਈਆ ਦੀ ਵਿਧੀ,ਵਾਕ ਵਿਚਲੀਆਂ ਵੱਖ-ਵੱਖ ਇਕਾਈਆਂ ਦੀ ਸਥਾਪਨਾ ਅਤੇ ਵਾਕਾਂ ਵਿਚਲੀਆਂ ਨਿਭਾਈਆਂ ਦੇ ਸੰਬੰਧਾਂ ਦੀ ਵਿਆਖਿਆ।

1.1.18 ਅਭਿਆਸ ਲਈ ਪ੍ਰਸ਼ਨ

1. ਸੌਸਿਊਰ ਦੇ ਭਾਸ਼ਾਈ ਪੱਖਾਂ ਉੱਪਰ ਚਾਨਣਾ ਪਾਉ?
2. ਸੌਸਿਊਰ ਦੀ ਭਾਸ਼ਾ ਦੀ ਪ੍ਰਕਿਰਤੀ ਤੇ ਪ੍ਰਕਾਰਜ ਕੀ ਹੈ?

3. ਸੌਸਿਊਰ ਦੇ ਭਾਸ਼ਾਈ ਸੰਕਲਪਾਂ ਦੇ ਇਤਿਹਾਸਕ ਵਿਕਾਸ ਬਾਰੇ ਚਰਚਾ ਕਰੋ?
4. ਚਿਹਨ ਵਿਗਿਆਨ ਦੇ ਸਰੂਪ ਨੂੰ ਦਰਸਾਉ?

## 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

| | | | |
|---|---|---|---|
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |
| ਅਰਸ਼ੀ, ਗੁਰਚਰਨ ਸਿੰਘ | 2000 | *ਪੱਛਮੀ ਕਾਵਿਸ਼ਾਸਤਰ-* | ਆਰਸੀ ਪਬਲਿਸ਼ਰਜ਼, ਦਿੱਲੀ |
| ਬੂਟਾ ਸਿੰਘ ਬਰਾੜ | 2018 | ਭਾਸ਼ਾ ਵਿਗਿਆਨ:ਸਿਧਾਂਤ ਤੇ ਵਿਹਾਰ | ਲਾਹੌਰ ਬੁਕਸ,ਲੁਧਿਆਣਾ |

## ਸੌਸਿਊਰ ਦਾ ਜੀਵਨ ਅਤੇ ਭਾਸ਼ਾਈ ਸੰਕਲਪ
## -ਡਾ.ਪ੍ਰੇਮ ਪ੍ਰਕਾਸ਼ ਸਿੰਘ

ਸੌਸਿਊਰ ਇੱਕ ਬੜੇ ਹੀ ਮੌਲਿਕ ਚਿੰਤਕ ਸਨ, ਜਿਨ੍ਹਾਂ ਦੀ ਆਮਦ ਨਾਲ ਭਾਸ਼ਾ ਚਿੰਤਨ ਦੇ ਖੇਤਰ ਵਿੱਚ ਇੱਕ ਇਨਕਲਾਬ ਪੈਦਾ ਹੋਇਆ । ਉਹ ਸੰਨ 1857 ਵਿੱਚ ਜਨੇਵਾ ਵਿੱਚ ਪੈਦਾ ਹੋਏ। ਸੋਸਿਊਰ ਅਜੇ ਛੋਟੇ ਹੀ ਸਨ ਜਦੋਂ ਉਨ੍ਹਾਂ ਨੂੰ ਭਾਸ਼ਾ-ਸ਼ਾਸਤ੍ਰ ਦੇ ਇੱਕ ਵਿਦਵਾਨ ਅਡੋਲਫ ਪਿਟੇ (Adolphe Pictet) ਨੇ ਭਾਸ਼ਾ-ਚਿੰਤਨ ਦੀ ਲਗਨ ਲਗਾ ਦਿੱਤੀ । ਪੰਦਰਾਂ ਸਾਲਾਂ ਦੀ ਉਮਰ ਵਿੱਚ ਉਨ੍ਹਾਂ ਨੇ ਫ੍ਰੈਂਚ, ਜਰਮਨ, ਇੰਗਲਿਸ਼, ਲੈਟਿਨ ਅਤੇ ਗ੍ਰੀਕ ਭਾਸ਼ਾਵਾਂ ਸਿੱਖੀਆਂ। ਉਹ 1875 ਨੂੰ ਜਨੇਵਾ ਯੂਨੀਵਰਸਿਟੀ ਵਿੱਚ ਦਾਖ਼ਲ ਹੋਏ ਅਤੇ ਕੈਮਿਸਟਰੀ ਅਤੇ ਫਿਜ਼ਿਕਸ ਦੇ ਕੋਰਸਾਂ ਦੇ ਨਾਲ-ਨਾਲ ਲੈਟਿਨ ਤੇ ਗ੍ਰੀਕ ਦੇ ਕੋਰਸ ਵੀ ਲਏ । ਪਰ ਸੌਸਿਊਰ ਤਾਂ ਭਾਸ਼ਾ ਦੇ ਅਧਿਐਨ ਵੱਲ ਰੁਚਿਤ ਸਨ । ਇਸ ਉਦੇਸ਼ ਨਾਲ ਉਹ ਲੀਪਜ਼ਿਗ (Liepizg) ਯੂਨੀਵਰਸਿਟੀ ਵਿਖੇ ਭਾਰਤ-ਯੂਰਪੀ ਭਾਸ਼ਾਵਾਂ (Indo-European Languages) ਦੇ ਅਧਿਐਨ ਲਈ ਦਾਖ਼ਲ ਹੋਏ, ਜਿਥੇ ਉਹ ਕੋਈ ਚਾਰ ਸਾਲ ਤੱਕ ਪੜ੍ਹੇ।

ਦਸੰਬਰ 1978 ਨੂੰ ਕੋਈ 21 ਸਾਲ ਦੀ ਉਮਰ ਵਿੱਚ ਸੌਸਿਊਰ ਨੇ ਫ੍ਰੈਂਚ ਵਿੱਚ ਭਾਸ਼ਾ ਸੰਬੰਧੀ ਇੱਕ ਖੋਜ-ਪੱਤਰ ਪ੍ਰਕਾਸ਼ਿਤ ਕੀਤਾ । ਇਹ ਬਹੁਤ ਵਧੀਆ ਤੇ ਯਾਦਗਾਰੀ ਕੰਮ ਸੀ। ਇਸਦਾ ਸਿਰਲੇਖ ਸੀ -

Me'miore surle systeme pirimitf des Voyells dans les langues indo- europeennes (Memior on the Pirimitve System of Vowelsi n Indo-European Language) ਅਰਥਾਤ: ਭਾਰਤ-ਯੂਰਪੀ ਭਾਸ਼ਾਵਾਂ ਵਿੱਚ ਪ੍ਰਾਪਤ ਸਰ-ਧੁਨੀਆਂ ਦੇ ਪੁਰਾਤਨ ਸਿਸਟਮ ਦਾ ਬਿਉਰਾ

ਸੋਸਿਊਰ ਦੇ ਇਸ ਲੇਖ ਦਾ ਭਰਪੂਰ ਸਵਾਗਤ ਹੋਇਆ। ਉਸ ਤੋਂ ਮਗਰੋਂ ਆਪਣੇ ਪੀ.ਐਚ.ਡੀ. ਥੀਸਿਸ ਲਿਖਣ ਲਈ ਉਹ ਬਰਲਿਨ (ਜਰਮਨੀ) ਚਲੇ ਗਏ । ਉਨ੍ਹਾਂ ਦੇ ਥੀਸਿਸ ਦਾ ਟਾਪਿਕ ਇਹ ਸੀ ਜੋ ਫ੍ਰੈਂਚ ਭਾਸ਼ਾ ਵਿੱਚ ਲਿਖਿਆ ਹੋਇਆ ਸੀ - 'De l'emplio du geinitf absolu en Sanscirt ‘ਸੰਸਕ੍ਰਿਤ ਵਿੱਚ ਸੰਬੰਧ ਕਾਰਕ (geinitve case) ਦੀ ਵਰਤੋਂ ਵਿਉਂਤ' । ਪੀ.ਐਚ.ਡੀ. ਕਰਨ ਤੋਂ ਬਾਅਦ ਉਹ ਵਾਪਸ ਫ੍ਰਾਂਸ ਪਰਤ ਆਏ ਜਿੱਥੇ ਉਹ ਸੰਸਕ੍ਰਿਤ, ਗਾੱਥਿਕ ਕਲਾਸੀਕਲ ਜਰਮਨ ਭਾਸ਼ਾ ਅਤੇ ਪ੍ਰਾਚੀਨ ਉੱਚ ਜਰਮਨ ਭਾਸ਼ਾ ਪੜ੍ਹਾਉਣ ਲੱਗੇ। ਉਸ ਤੋਂ ਬਾਅਦ 1887 ਵਿੱਚ ਉਨ੍ਹਾਂ ਨੇ ਆਪਣੇ ਅਧਿਆਪਨ ਕਾਰਜ ਭਾਰੋਪੀ-ਭਾਸ਼ਾ-ਸ਼ਾਸਤਰ (Indo-European language) ਦੇ ਵਿਸ਼ੇ ਨੂੰ ਵੀ ਸ਼ਾਮਲ ਕਰ ਲਿਆ। ਫ਼ਰਾਂਸ-ਨਿਵਾਸ ਦੇ ਸਮੇਂ ਉਹ ‘ਪੈਰਿਸ ਦੀ ਭਾਸ਼ਾ-ਪਰਿਸ਼ਦ ਦੇ ਸਰਗਰਮ ਕਾਰਜ ਕਰਤਾ ਸਨ ਅਤੇ ਉਨ੍ਹਾਂ ਦਾ ਉੱਚ ਭਾਸ਼ਾ ਵਿਗਿਆਨੀਆਂ ਦੀ ਯੁਵਾ ਪੀੜ੍ਹੀ ਉੱਤੇ ਨਿਰਮਾਣਕਾਰੀ ਉਸਾਰੂ ਅਸਰ ਹੋਇਆ। ਫਿਰ ਸੌਸਿਊਰ 1891 ਵਿੱਚ ਪ੍ਰੋਫ਼ੈਸਰ ਬਣਕੇ ਜਨੇਵਾ (ਸਵਿਟਜਰ ਲੈਂਡ ਵਾਪਸ ਆ ਗਏ। ਜਨੇਵਾ ਵਿਖੇ ਉਨ੍ਹਾਂ ਨੇ ਸੰਸਕ੍ਰਿਤ ਅਤੇ ‘ਇਤਿਹਾਸਿਕ ਭਾਸ਼ਾ-ਵਿਗਿਆਨ' ਦਾ ਅਧਿਆਪਨ ਕੀਤਾ। ਉਥੇ ਸੋਸਿਊਰ ਦੀ ਸ਼ਾਦੀ ਹੋਈ ਅਤੇ ਦੋ ਪੁੱਤਰਾਂ ਦੇ ਬਾਪ ਬਣੇ।

ਸੰਨ 1906 ਵਿੱਚ ਜਨੇਵਾ ਯੂਨੀਵਰਸਿਟੀ ਨੇ ਸੌਸਿਊਰ ਨੂੰ ‘ਜਨਰਲ ਭਾਸ਼ਾ-ਵਿਗਿਆਨ ਪੜਾਉਣ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ । ਇਸ ਹੈਸੀਅਤ ਵਿੱਚ ਉਨ੍ਹਾਂ ਨੇ 1907, 1908-9 ਅਤੇ 1910-11 ਦੇ ਸਾਲਾਂ ਵਿੱਚ ਤਿੰਨ ਭਾਸ਼ਨ-ਲੜੀਆਂ ਪੇਸ਼ ਕੀਤੀਆ ਜੋ ਕਿ ਬਾਅਦ ਵਿਚ 'Course de Linguistique generale (Course in general lingiusitcs) ਪੁਸਤਕ ਰੂਪ ਵਿਚ ਸੰਪਾਦਿਤ ਕੀਤੀਆਂ ਗਈਆਂ । ਪਰ ਅਫ਼ਸੋਸ ! ਸੰਨ 1912 ਦੀਆਂ ਗਰਮੀਆਂ ਵਿੱਚ ਸੌਸਿਊਰ ਬੀਮਾਰ ਪੈ ਗਏ ਅਤੇ ਫਰਵਰੀ 1913 ਨੂੰ 56 ਸਾਲ ਦੀ ਉਮਰ ਭੋਗ ਕੇ ਸੁਰਗਵਾਸ ਹੋ ਗਏ।

ਸੋਸਿਊਰ ਦਾ ਜੀਵਨ ਭਾਵੇਂ ਬੜਾ ਸਰਲ ਤੇ ਜੱਦੋਜਹਿਦ ਤੋਂ ਨਿਰਲੇਪ ਰਿਹਾ ਪਰ ਉਨ੍ਹਾਂ ਦੇ ਮੌਲਿਕ ਵਿਚਾਰਾਂ ਨੇ ਭਾਸ਼ਾ-ਚਿੰਤਨ ਵਿੱਚ ਇੱਕ ਇਲਕਲਾਬ ਪੈਦਾ ਕਰ ਦਿੱਤਾ। ਸੋਸਿਊਰ ਨੇ ਆਪਣੇ ਜਿਊਂਦੇ-ਜੀਅ ਕੋਈ ਬਹੁਤਾ ਨਹੀਂ ਲਿਖਿਆ ਉਨ੍ਹਾਂ ਦੇ ਲਿਖੇ ਹੋਏ ਕੁੱਲ ਸਫ਼ੇ 600 ਤੋਂ ਵੱਧ ਨਹੀਂ ਬਣਦੇ । ਪਰ ਜੋ ਵੀ ਲਿਖਿਆ ਉਹ ਉਨ੍ਹਾਂ ਦੀ ਮੌਲਿਕ ਸੋਚ-ਧਾਰਾ ਦੀ ਗਵਾਹੀ ਭਰਦਾ ਹੈ ।

ਸੌਸਿਊਰ ਦੀਆਂ ਪ੍ਰਾਪਤੀਆਂ ਦੀ ਸਮਕਾਲੀਨ ਤੇ ਉੱਤਰ-ਕਾਲੀਨ ਵਿਦਵਾਨਾਂ ਨੇ ਮੁਕਤ-ਕੰਠ ਨਾਲ ਪ੍ਰਸ਼ੰਸਾ ਕੀਤੀ ਹੈ। **ਲਿਓਨਾਰਡ ਬਲੂਮਫੀਲਡ** (1887-1949 ) ਨੇ ਕਿਹਾ ਹੈ ਕਿ 'ਸੌਸਿਊਰ ਦੀ ਉੱਤਮ ਦੇਣ ਇਹ ਹੈ ਕਿ ਉਸਨੇ ਭਾਸ਼ਾ-ਅਧਿਐਨ ਵਿੱਚ ਉਭਰੀ ਨਵੀਂ ਪ੍ਰਵਿਰਤੀ ਲਈ ਬੁਨਿਆਦੀ ਸਿੱਧਾਂਤਕ ਆਧਾਰ ਮੁਹਈਆ ਕੀਤੇ ।' Wade Basikn' ਦੀ ਰਾਇ ਵਿੱਚ 'ਸੌਸਿਊਰ ਸਭ ਤੋਂ ਪਹਿਲਾ ਭਾਸ਼ਾ ਚਿੰਤਕ ਸੀ, ਜਿਸਨੇ ਇਹ ਅਨੁਭਵ ਕੀਤਾ ਕਿ ਭਾਸ਼ਾ ਇੱਕ ਸ੍ਵੈ-ਸੰਪੂਰਨ ਸਿਸਟਮ ਹੈ, ਜਿਸ ਦੇ ਇੱਕ ਦੂਜੇ ਉੱਤੇ ਨਿਰਭਰ ਰਹਿਣ ਵਾਲੇ ਅੰਸ਼ (ਇਕਾਈਆਂ), ਮੂਲ-ਸਿਸਟਮ ਨਾਲ ਰਿਸ਼ਤਿਆਂ ਵਿੱਚ ਬੱਝ ਕੇ ਹੀ ਕਾਰਜ ਕਰਦੇ ਹਨ ਅਤੇ ਮੁੱਲਾਂ ਦੇ ਧਾਰਨੀ ਬਣਦੇ ਹਨ।

ਸੋਸਿਊਰ ਆਪਣੇ ਚਿੰਤਨ ਵਿੱਚ ਆਈ ਹਰ ਇੱਕ ਵਸਤੂ ਉੱਤੇ ਮੋਹਰ-ਛਾਪ ਲਾਉਂਣ ਵਾਲਾ ਵਿਦਵਾਨ ਸੀ। ਮਾਨਵੀ ਭਾਸ਼ਾ ਦੇ ਗੁੰਝਲਦਾਰ ਪ੍ਰਪੰਚ ਵਿੱਚ ਡੂੰਘੀ ਤਰ੍ਹਾਂ ਪਾਈ ਹੋਈ ਸੋਸਿਊਰ ਦੀ ਅੰਤਰ-ਝਾਤ (insight) ਸਮਕਾਲੀ ਸੋਚ-ਪ੍ਰਣਾਲੀ ਵਿੱਚ ਸਭ ਤੋਂ ਵੱਧ ਖੇੜੇਵਾਲ ਸੋਚ ਦੀ ਟੀਸੀ ਸੀ । ਦੀਨੀਨ (Fracis P. Dineen) ਦਾ ਮਤ ਹੈ ਕਿ ਸੌਸਿਊਰ ਦੀ ਸੋਚ ਉਸ ਦੇ ਸਮਕਾਲੀ ਸਮਾਜ ਵਿਗਿਆਨੀ ਦਰਖ਼ੀਮ (Durkhiem) ਅਤੇ ਮਨੋ-ਵਿਗਿਆਨੀ ਫਰਾਇਡ (Freud) ਨੇ ਕਾਫ਼ੀ ਪ੍ਰਭਾਵਿਤ ਕੀਤਾ। ਫਿਰ ਵੀ ਸੌਸਿਊਰ ਦੇ ਅਸਲੋਂ ਮੌਲਿਕ ਚਿੰਤਕ ਹੋਣ ਦੇ ਸਬੂਤ ਮਿਲਦੇ ਹਨ ।

### 4.ਅ : ਮੌਲਿਕ ਸਥਾਪਨਾਵਾਂ

ਫਰਦੀਨਾ ਦ ਸੌਸਿਊਰ (1857-1913) Feridnand De Saussure ਆਧੁਨਿਕ ਭਾਸ਼ਾ-ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ। ਜਾੱਨ ਲਾਇਨਜ਼ (1971 : 38) ਨੇ ਲਿਖਿਆ ਹੈ ਕਿ ਜੇਕਰ ਆਧੁਨਿਕ ਭਾਸ਼ਾ-ਵਿਗਿਆਨ ਦਾ ਜਨਮਦਾਤਾ ਕਿਸੇ ਇੱਕੋ ਹੀ ਵਿਅਕਤੀ ਨੂੰ ਕਹਿਣਾ ਹੋਵੇ ਤਾਂ ਉਹ ਵਿਅਕਤੀ ਹੈ ਮਹਾਨ ਸਵਿਸ ਵਿਦਵਾਨ ਫਰਦੀਨਾਂ ਦ ਸੋਸਿਊਰ, ਜਿਸ ਦੇ ਵਿਖਿਆਨਾਂ ਅਤੇ ਕਲਾਸ-ਨੋਟਸ ਦਾ ਮਰਨ-ਉਪਰੰਤ ਪ੍ਰਕਾਸ਼ਨ ਸੰਨ 1915 ਵਿੱਚ 'ਕੂਰ ਦ ਲਿੰਗੁਇਸਤਿਕ ਯੇਨਰੇਲ' (ਫ੍ਰੈਂਚ) ਦੇ ਨਾਂ ਹੇਠ ਪ੍ਰਕਾਸਿਤ ਹੋਇਆ ਅਤੇ ਜਿਸਦਾ ਅੰਗ੍ਰੇਜ਼ੀ ਅਨੁਵਾਦ ਸੰਨ 1959 ਵਿੱਚ ਬਾਸਕਿਨ ਨੇ 'Course in General Linguistics' ਦੇ ਰੂਪ ਵਿੱਚ ਕੀਤਾ ।

ਸੌਸਿਊਰ ਨੇ ਭਾਸ਼ਾ ਦੇ ਸਿਸਟਮੀ ਅਧਿਐਨ ਨੂੰ ਅਜਿਹੀ ਨਵੀਂ ਦਿਸ਼ਾ ਤੇ ਵਿਵਸਥਾ ਪ੍ਰਦਾਨ ਕੀਤੀ, ਜਿਸ ਸਦਕਾ ਵੀਹਵੀਂ ਸਦੀਂ ਦੇ ਭਾਸ਼ਾ-ਵਿਗਿਆਨ ਵਿੱਚ ਨਵੀਆਂ ਮਹੱਤਵਪੂਰਨ ਪ੍ਰਾਪਤੀਆਂ ਸੰਭਵ ਹੋ ਸਕੀਆਂ।ਅੱਜ ਭਾਸ਼ਾ-ਵਿਗਿਆਨ ਦੇ ਖੇਤਰ ਵਿੱਚ ਬਹੁਤ ਸਾਰੇ ਸਕੂਲ ਤੇ ਸਿੱਧਾਂਤ ਪਛਾਣੇ ਜਾ ਸਕਦੇ ਹਨ ਪਰੰਤੂ ਉਨ੍ਹਾਂ ਵਿੱਚੋਂ ਲਗਭਗ ਹਰ ਇੱਕ ਕਿਸੇ ਨਾ ਕਿਸੇ ਸ਼ਕਲ ਵਿੱਚ ਸੌਸਿਊਰ ਦੇ ਇਸ ਗ੍ਰੰਥ ਤੋਂ ਪ੍ਰਭਾਵਿਤ ਹੋਇਆ ਹੈ।ਸੌਸਿਊਰ ਨੇ ਜਿਹੜੇ ਭਾਸ਼ਾਗਤ ਸਿੱਧਾਂਤ ਤੇ ਸੰਕਲਪ ਪੇਸ਼ ਕੀਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਸੰਕਲਪ ਭਾਸ਼ਿਕ ਅਧਿਐਨ ਦੀ ਬੁਨਿਆਦ ਬਣੇ ਹਨ। ਪ੍ਰਾਗ ਸਕੂਲ, ਜਨੇਵਾ ਸਕੂਲ, ਗਲਾਸਮੈਟਿਕਸ ਤਾਂ ਸੌਸਿਊਰ ਦੇ ਬਹੁਤ ਹੀ ਰਿਣੀ ਹਨ । ਸਹੀ ਗੱਲ ਤਾਂ ਇਹ ਹੈ ਕਿ ਭਾਸ਼ਾ ਅਧਿਐਨ ਦੇ ਖੇਤਰ ਵਿੱਚ ਸੌਸਿਊਰ ਦੀ ਆਮਦ ਨਾਲ ਹੀ ਬਹੁ-ਚਰਚਿਤ 'ਸੰਰਚਨਾਵਾਦ' (structuralism) ਦੀ ਨੀਂਹ ਬੱਝੀ ਹੈ।

ਸੌਸਿਊਰ ਨੇ ਬਿਲਕੁਲ ਤਾਜ਼ੀ ਖੋਜ-ਵਿਧੀ ਨੂੰ ਅਪਣਾ ਕੇ ਮਾਨਵੀ-ਜਗਤ, ਭਾਸ਼ਾ-ਤੱਤ ਅਤੇ ਮਨੋਜਗਤ ਦੇ ਆਪਸੀ ਰਿਸ਼ਤਿਆਂ ਬਾਰੇ ਕਈ ਮਹੱਤਵਪੂਰਨ ਨੁਕਤੇ ਪੇਸ਼ ਕੀਤੇ। ਪਹਿਲੀ ਗੱਲ ਇਹ ਹੈ ਕਿ ਸਾਸਿਊਰ ਨੇ ਮਨੁੱਖੀ ਵਤੀਰੇ ਦੇ ਅਧਿਐਨ ਨੂੰ ਨਵੇਂ ਧਰਾਤਲ ਸਿੱਧਾਂਤਕ ਭਾਸ਼ਾ ਵਿਗਿਆਨ ਤੇ ਖੜਾ ਕੀਤਾ ਅਤੇ ਇਹ ਸਥਾਪਨਾ ਪੇਸ਼ ਕੀਤੀ ਕਿ ਮਨੁੱਖ ਅਤੇ ਉਸ ਦੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਜੇਕਰ ਮਨੁੱਖੀ ਵਰਤਾਰੇ ਨੂੰ, ਪਦਾਰਥਕ ਜਗਤ ਦੇ ਘਟਨਾ-ਕ੍ਰਮ ਦੇ ਬਰਾਬਰ ਹੀ ਘਟਨਾਵਾਂ ਦੀ ਇੱਕ ਲੜੀ ਸਮਝ ਲਿਆ ਜਾਵੇ।ਸਮਾਜ ਵਿੱਚ ਮਨੁੱਖੀ ਕਾਰਜ ਅਤੇ ਵਸਤੂਆਂ ਦੇ ਅਰਥਾਂ ਨੂੰ ਨਜ਼ਰ ਅੰਦਾਜ਼ ਕਰਕੇ ਅਸੀਂ ਕੇਵਲ ਭੌਤਿਕ ਘਟਨਾਵਾਂ ਦੇ ਅਧਿਐਨ ਵੱਲ ਹੀ ਰੁਚਿਤ ਹੁੰਦੇ ਹਾਂ। (ਜੋਨਾਥਨ ਕੂਲਰ, 1976)

ਦੂਜੀ ਗੱਲ ਉਸਨੇ ਚਿਹਨ-ਵਿਗਿਆਨ, ਚਿਹਨ-ਪ੍ਰਬੰਧ ਅਤੇ ਸੰਰਚਨਾਵਾਦ ਨੂੰ ਉੱਨਤ ਕਰਨ ਵਿੱਚ ਮਦਦ ਕੀਤੀ ਹੈ, ਜੋ ਕਿ ਸਮਕਾਲੀ ਮਾਨਵ-ਸ਼ਾਸਤ, ਸਾਹਿਤ-ਸਮੀਖਿਆ ਅਤੇ ਭਾਸ਼ਾ-ਵਿਗਿਆਨ ਵਿੱਚ ਇੱਕ ਮਹਤੱਵਪੂਰਣ ਪ੍ਰਵਿਰਤੀ ਦੇ ਰੂਪ ਵਿੱਚ ਦ੍ਰਿਸ਼ਟੀਗਤ ਹੁੰਦੀ ਹੈ। ਤੀਜੀ ਗੱਲ ਆਪ ਦੀਆਂ ਵਿਧੀਆਤਮਕ ਟਿੱਪਣੀਆਂ ਅਤੇ ਭਾਸ਼ਾ ਪ੍ਰਤੀ ਅਸਾਧਾਰਣ ਪਹੁੰਚ ਵਿੱਚ ਉਸਨੇ ਆਧੁਨਿਕ ਵਿਚਾਰ-ਧਾਰਾ ਦੇ ਤਰਕ-ਸੰਗਤ ਪੈਂਤੜਿਆਂ ਸੰਬੰਧੀ ਆਪਣੇ ਵਿਚਾਰ ਸਪੱਸ਼ਟ ਕੀਤੇ ਅਤੇ ਇਹ ਧਾਰਨਾ ਪੇਸ਼ ਕੀਤੀ ਕਿ ਬਿਨ੍ਹਾਂ ਕਿਸੇ ਦ੍ਰਿਸ਼ਟੀਕੋਣ ਨੂੰ ਅਪਣਾਇਆ ਵਸਤੂ-ਜਗਤ ਦਾ ਨਿਰਪੇਖ 'ਰੱਬ' ਵਰਗਾ ਦ੍ਰਿਸ਼ ਪਰਖਣ ਦਾ ਕੇਂਦਰ-ਬਿੰਦੂ ਨਹੀਂ ਬਣਾਇਆ ਜਾ ਸਕਦਾ ਅਤੇ ਇਸ ਦ੍ਰਿਸ਼ਟੀਕੋਣ ਦੇ ਅੰਤਰਗਤ ਹੀ ਵਸਤੂਆਂ ਉਨ੍ਹਾਂ ਦੇ ਪਰਸਪਰ ਅੰਤਰ-ਸੰਬੰਧਾਂ ਦੁਆਰਾ ਪਰਿਭਾਸ਼ਤ ਕੀਤੀਆਂ ਜਾ ਸਕਦੀਆਂ ਹਨ।

ਅਗਲੀ ਗੱਲ ਸੌਸਿਊਰ ਦਾ ਭਾਸ਼ਾ ਵਿਵੇਚਨ ਉਨ੍ਹਾਂ ਸਮੱਸਿਆਵਾਂ ਵੱਲ ਧਿਆਨ ਆਕਰਸ਼ਿਤ ਕਰਦਾ ਹੈ, ਜਿਹੜੀਆਂ ਮਨੁੱਖ ਅਤੇ ਖ਼ਾਸ ਤੌਰ ਤੇ ਭਾਸ਼ਾ ਅਤੇ ਮਨੁੱਖੀ ਮਨ ਦੇ ਗੂੜ੍ਹੇ ਸੰਬੰਧਾਂ ਬਾਰੇ ਚਿੰਤਨ ਦੀਆਂ ਨਵੀਆਂ ਵਿਧੀਆਂ ਨਾਲ ਜੁੜੀਆਂ ਹੋਈਆਂ ਹਨ। ਭਾਸ਼ਾ-ਵਿਗਿਆਨ, ਸਮਾਜ-ਵਿਗਿਆਨ, ਚਿਹਨ-ਵਿਗਿਆਨ ਅਤੇ ਸੰਰਚਨਾਵਾਦ ਨੂੰ ਦਿੱਤਾ ਗਿਆ ਸੋਸਿਊਰ ਦਾ ਯੋਗਦਾਨ ਉਸਨੂੰ ਮਾਡਰਨ ਬੁੱਧੀਜੀਵੀ ਇਤਿਹਾਸ ਵਿੱਚ ਮੋਢੀ (seminal figure in modern intellectual history) ਦਾ ਦਰਜਾ ਦਿੰਦਾ ਹੈ । (ਜੋਨਾਥਨ ਕੂਲਰ 1976 : 9)

ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਪਹਿਲੇ ਭਾਸ਼ਾ-ਵਿਗਿਆਨੀ ਭਾਸ਼ਾ ਦੀ ਹੋਂਦ ਵਿਧੀ ਦੀਆਂ ਕੇਂਦਰੀ ਤੇ ਪ੍ਰਾਸੰਗਿਕ ਸਮੱਸਿਆਵਾਂ ਅਤੇ ਦੁਜੈਲੀਆਂ ਤੇ ਅਪ੍ਰਾਸੰਗਿਕ ਸਮੱਸਿਆਵਾਂ ਵਿਚਕਾਰ ਨਿਖੇੜਾ ਪੇਸ਼ ਕਰਨ ਤੋਂ ਅਸਮਰਥ ਸਨ ਅਤੇ ਉਹ ਭਾਸ਼ਕ ਤੱਤਾਂ ਦੀ ਸਿਸਟਮ-ਨਿਰਪੇਖ (ਸਿਸਟਮ-ਵਿਹੂਣੀ) ਬਿਰਤੀ ਰੱਖਦੇ ਸਨ। ਸੌਸਿਊਰ ਨੇ ਅਜੇਹੀ ਬਿਰਤੀ ਨੂੰ ਨਕਾਰਿਆ ਅਤੇ ਭਾਸ਼ਾ ਦੇ ਅਧਿਐਨ ਦੀ ਢੁਕਵੀਂ ਤੇ ਸਾਰਥਕ ਵਿਧੀ ਪ੍ਰਸਤੁਤ ਕੀਤੀ। ਅਜਿਹੀ ਵਿਧੀ ਨਿਸ਼ਚੇ ਹੀ ਜ਼ਰੂਰੀ ਸੀ ਕਿਉਂਕਿ ਭਾਸ਼ਾ ਇੱਕ ਗੁੰਝਲਦਾਰ ਤੇ ਬਿਖਮ ਪ੍ਰਕਿਰਤੀ ਵਾਲੀ ਵਸਤੂ ਹੈ।

ਸੌਸਿਊਰ ਭਾਸ਼ਾ ਦੀ ਹੋਂਦ-ਵਿਧੀ ਨੂੰ ਮਨੋ-ਵਿਗਿਆਨਿਕ ਤੇ ਸਮਾਜਿਕ ਪਰਿਪੇਖ ਵਿੱਚ ਸਮਝਣ ਦੀ ਬੁਨਿਆਦੀ ਰੁਚੀ ਰੱਖਦਾ ਹੈ।ਉਸਦੇ ਸਿਰਜੇ ਸੰਕਲਪ ਵੀ ਦੂਜੇ ਅਨੁਸ਼ਾਸਨਾਂ ਨੂੰ ਵੱਧ ਸਾਰਥਕ, ਵਿਗਿਆਨਕ ਤੇ ਬਾਰੀਕੀ ਨਾਲ ਅਧਿਐਨ ਕਰਨ ਦੇ ਸਮਰਥ ਹਨ ।

ਸੌਸਿਊਰ ਦੇ ਭਾਸ਼ਕ ਸੰਕਲਪਾਂ ਨਾਲ ਭਾਸ਼ਾ-ਵਿਗਿਆਨ ਦੇ ਖੇਤਰ ਵਿੱਚ ਭਾਸ਼ਾ ਅਧਿਐਨ-ਵਿਧੀ ਅਤੇ ਵਿਆਖਿਆ ਦਾ ਪਰੰਪਰਕ ਜਮੂਦ (ਗਤੀਰੋਧ) ਟੁੱਟਦਾ ਹੈ ਅਤੇ ਵਿਗਿਆਨਿਕ ਚੇਤਨਾ ਦਾ ਉਦੈ ਹੁੰਦਾ ਹੈ। ਪਰ ਸੌਸਿਊਰ ਨੂੰ ਨਿਰੋਲ ਭਾਸ਼ਾ-ਵਿਗਿਆਨ ਤੱਕ ਮਹਿਦੂਦ ਰੱਖਣਾ ਜਾਇਜ਼ ਨਹੀਂ । ਸੌਸਿਊਰ ਦੀ ਪ੍ਰਤਿਭਾ ਅਤੇ ਵਿਗਿਆਨ ਚਿੰਤਨ ਦੀ ਸਾਰਥਕਤਾ ਤਾਂ ਉਸਦੇ ਸੌਸਿਊਰ ਦੇ ਭਾਸ਼ਾ-ਸੰਕਲਪ ਮਾਡਲ ਦੇ ਦੂਸਰੇ ਅਨੁਸ਼ਾਸਨਾਂ ਉਪਰ ਸਫ਼ਲਤਾ ਨਾਲ ਲਾਗੂ ਹੋਣ ਦੀ

ਸਮਰੱਥਾ ਵੀ ਪ੍ਰਗਟ ਹੁੰਦੀ ਹੈ। ਆਪਣੀ ਚਿੰਤਨ-ਵਿਧੀ ਨੂੰ ਵਿਕਸਿਤ ਕਰਨ ਲਈ ਸੌਸਿਊਰ ਨੇ ਆਪਣੇ ਸਮਕਾਲੀ ਸਮਾਜ-ਸ਼ਾਸਤ੍ਰੀ ਇਮਾਈਲ ਦਰਖੀਮ ਤੇ ਮਨੋਵਿਗਿਆਨੀ ਸਿਗਮੰਡ ਫ੍ਰਾਇਡ ਦੇ ਸੰਕਲਪਾਂ ਤੋਂ ਪ੍ਰੇਰਨਾ ਲੈ ਕੇ ਮਨੁੱਖੀ ਵਿਵਹਾਰ ਨੂੰ ਅੰਤਰ-ਅਨੁਸ਼ਾਸਨੀ ਬਿਰਤੀ ਰਾਹੀਂ ਨਵੀਂ ਦਿਸ਼ਾ ਵਿੱਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ, ਖ਼ਾਸ ਕਰਕੇ ਵਿਅਕਤੀ ਦੀ ਵਿਅਕਤਿਕਤਾ ਤੇ ਸਮੂਹਿਕਤਾ ਸੰਬੰਧੀ ਤਣਾਵਾਂ ਤੇ ਮਨੁੱਖੀ ਮਨ ਆਦਿ ਸੰਕਲਪਾਂ ਦੀ ਆਧਾਰ-ਭੂਮੀ ਰਾਹੀਂ ਭਾਸ਼ਾ ਦੀ ਹੋਂਦ-ਵਿਧੀ ਦੀ ਨਵੀਂ ਪਰਿਭਾਸ਼ਾ ਨਿਸ਼ਚਿਤ ਕੀਤੀ। ਆਪਣੀ ਜਗਤ-ਪ੍ਰਸਿੱਧ ਪੁਸਤਕ ਵਿੱਚ ਭਾਸ਼ਾ-ਵਿਗਿਆਨੀਆਂ, ਚਿਹਨ-ਵਿਗਿਆਨੀਆਂ, ਮਾਨਵ-ਵਿਗਿਆਨੀਆਂ ਅਤੇ ਸਾਹਿਤ-ਆਲੋਚਕਾਂ ਲਈ ਮਨੁੱਖੀ ਗਿਆਨ-ਖੇਤਰ ਨੂੰ ਵਿਸਤਾਰਨ ਤੇ ਭਿੰਨ-ਭਿੰਨ ਅਨੁਸ਼ਾਸਨਾਂ ਦਾ ਮੁੱਲਾਂਕਣ ਕਰਨ ਦੇ ਯੋਗ ਤੇ ਸਾਰਥਕ ਸੰਕਲਪ ਪ੍ਰਦਾਨ ਕੀਤੇ ।

ਸੌਸਿਊਰ ਦਾ ਭਾਸ਼ਾ-ਸੰਕਲਪ ਸੋਸਿਊਰ ਦੀ ਉਪਰੋਕਤ ਪੁਸਤਕ ਵਿੱਚ ਭਾਸ਼ਾ ਸੰਬੰਧੀ ਜੋ ਨਵੇਂ-ਨਵੇਂ ਦ੍ਰਿਸ਼ਟੀਕੋਣ ਵਰਣਨ ਕੀਤੇ ਗਏ ਹਨ ਉਨ੍ਹਾਂ ਦੀਆਂ ਚਾਰ ਪ੍ਰਮੁਖ ਵਿਸ਼ੇਸ਼ਤਾਵਾਂ ਉਭਰਦੀਆਂ ਹਨ -

1) ਭਾਸ਼ਾ ਇੱਕ ਸਮਕਾਲੀਨ ਸਜੀਵ ਵਸਤੂ ਹੈ, ਸਿਰਫ਼ ਕੋਰੀ ਇਤਿਹਾਸਿਕ ਤੇ ਕਾਲ-ਕ੍ਰਮਿਕ (ਡਾਇਆਕੌਨਿਕ) ਵਿਕਾਸ ਦੀ ਪ੍ਰਕ੍ਰਿਆ ਨਹੀਂ ਹੈ।
2) ਭਾਸ਼ਾ ਦਾ ਅਧਿਐਨ ਪ੍ਰਮੁਖ ਤੌਰ ਤੇ ਮੌਖਿਕ (ਜ਼ਬਾਨੀ) ਭਾਸ਼ਾ ਦਾ ਹੀ ਅਧਿਐਨ ਹੈ, ਲਿਖਤੀ ਪਾਠ ਦਾ ਨਹੀਂ।
3) ਭਾਸ਼ਾ ਦੇ ਸੰਗਠਿਤ ਸਰੂਪ ਦਾ ਨਿਰੂਪਣ ਕਰਨ ਲਈ ਉਸਦੀ ਅੰਦਰੂਨੀ ਵਿਵਸਥਾ ਦਾ ਵਿਸ਼ਲੇਸ਼ਣ ਕਰਨਾ ਅਤੀ ਜ਼ਰੂਰੀ ਹੈ ਨਾ ਕਿ ਭਾਸ਼ਾ ਦੀ ਪੜਾ-ਦਰ-ਪੜਾ ਵਿਆਕਰਣਕ ਤੁਲਨਾ ਦਾ ਜਾਂ ਧੁਨੀਆਤਮਕ ਪ੍ਰਵਿਰਤੀਆਂ ਦਾ।
4) ਭਾਸ਼ਾ ਨੂੰ ਸਿਰਫ਼ ਭੌਤਿਕ ਸਥੂਲ ਲੱਛਣਾਂ ਦਾ ਇੱਕ ਸਮੁੱਚ ਨਾ ਮੰਨ ਕੇ ਉਸ ਨੂੰ ਸਮਾਜਿਕ ਪਿਛੋਕੜ ਵਿੱਚ ਹੀ ਵੇਖਣਾ ਚਾਹੀਦਾ ਹੈ ਕਿਉਂਕਿ ਭਾਸ਼ਾ ਇੱਕ ਸਮਾਜਿਕ ਵਰਤਾਰਾ ਹੈ।

ਇਸ ਤੋਂ ਅੱਗੇ ਸੌਸਿਊਰ ਨੇ ਭਾਸ਼ਾ-ਵਿਗਿਆਨ ਦੇ ਮੁੱਖ ਪ੍ਰਯੋਜਨਾਂ ਦਾ ਉੱਲੇਖ ਕਰਦਿਆਂ ਲਿਖਿਆ ਹੈ

1) ਭਾਸ਼ਾ-ਵਿਗਿਆਨ ਸਾਰੀਆਂ ਵਰਤਮਾਨ ਭਾਸ਼ਾਵਾਂ ਦੇ ਇਤਿਹਾਸ ਅਤੇ ਵਿਕਾਸ ਪ੍ਰਣਾਲੀ ਨੂੰ ਇਸ ਤਰ੍ਹਾਂ ਵਰਣਨ ਕਰਦਾ ਹੈ ਕਿ ਉਨ੍ਹਾਂ ਦੀ ਆਦਿਮ ਭਾਸ਼ਾ ਦਾ ਸਰੂਪ ਨਿਸ਼ਚਿਤ ਹੋ ਸਕੇ ਅਤੇ ਉਸਦਾ ਪੁਨਰ-ਨਿਰਮਾਣ ਹੋ ਸਕੇ।
2) ਭਾਸ਼ਾ-ਵਿਗਿਆਨ ਸਰਬ-ਸਾਧਾਰਨ ਭਾਸ਼ਾ ਵਿੱਚ ਵਰਤਮਾਨ ਸਾਰੀਆਂ ਮਰਯਾਦਾਵਾਂ ਨੂੰ ਨਿਸ਼ਚਿਤ ਕਰਦਾ ਹੈ ਜਿਹੜੀਆਂ ਭਾਸ਼ਾ ਤੱਤਾਂ ਸਿੱਧਾਂਤਕ ਭਾਸ਼ਾ-ਵਿਗਿਆਨ ਵਿੱਚ ਕ੍ਰਿਆਸ਼ੀਲ ਹੁੰਦੀਆਂ ਹਨ ਤਾਂ ਜੋ ਉਨ੍ਹਾਂ ਰਾਹੀਂ ਸਰਬਸਾਧਾਰਨ ਸਿੱਧਾਤਾਂ ਨੂੰ ਗ੍ਰਹਿਣ ਕੀਤਾ ਜਾ ਸਕੇ।
3) ਭਾਸ਼ਾ ਦੀ ਸ਼ਰੇਸ਼ਟ ਪਰਿਭਾਸ਼ਾ ਕੀਤੀ ਜਾ ਸਕੇ ਤੇ ਵਿਸਥਾਰ ਪੂਰਵਕ ਵਰਣਨ ਹੋ ਸਕੇ।

ਸੌਸਿਊਰ ਨੇ ਭਾਸ਼ਾ ਦੀ ਬੁਨਿਆਦੀ ਪ੍ਰਕਿਰਤੀ ਬਾਰੇ ਅਨੇਕ ਫਰਕ ਤੇ ਭੇਦ ਦੱਸ ਕੇ ਅਤੇ ਉਨ੍ਹਾਂ ਦੀਆਂ ਪਰਿਭਾਸ਼ਾਵਾਂ ਦੇ ਕੇ ਵਿਗਿਆਨਿਕ ਦ੍ਰਿਸ਼ਟੀਕੋਣ ਅਪਣਾਇਆ। ਭਾਸ਼ਾ ਅਸਲ ਵਿੱਚ ਕੀ ਹੈ ? ਇਸਨੂੰ ਸਮਝਣ ਲਈ ਸੌਸਿਊਰ ਨੇ ਬੋਲੀ-ਅਮਲ ਜਾਂ ਬੋਲੀ-ਕ੍ਰਿਆ (speech act) ਦਾ ਵਰਣਨ ਕੀਤਾ । ਇਸ ਵਰਣਨ ਦਾ ਸਾਰਾਂਸ਼ ਹੇਠਾਂ ਦਿੱਤਾ ਜਾਂਦਾ ਹੈ -

ਵਰਜ਼ ਕਰੋ ੳ ਅਤੇ ਅ ਦੇ ਵਿਅਕਤੀ ਆਪਸ ਵਿੱਚ ਗੱਲ-ਬਾਤ ਕਰਨ ਵਿੱਚ ਰੁੱਝੇ ਹੋਏ ਹਨ। ਇਹ ਵੀ ਵਰਜ਼ ਕਰੋ ਕਿ ਬੋਲਣ ਦਾ ਸਰਕਟ ੳ ਦੇ ਦਿਮਾਗ ਤੋਂ ਸ਼ੁਰੂ ਹੁੰਦਾ ਹੈ । ਜਿਥੇ ਮਨੋ-ਸੰਕਲਪ (ਚੋਨਚਏਪਟ) ਉਨ੍ਹਾਂ ਧੁਨੀਬਿੰਬਾਂ (ਸ੍ਰੋਨਦਿ ਮਓਗਏ) ਦੇ ਪ੍ਰਤਿਨਿਧ ਰੂਪਾਂ ਦੇ ਸਹਿਚਾਰੀ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਉਨ੍ਹਾਂ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਹੈ। ਕੋਈ ਵੀ ਸੰਕਲਪ ਦਿਮਾਗ ਵਿੱਚ ਆਪਣੇ ਅਨੁਸਾਰ ਹੀ ਧੁਨੀ-ਬਿੰਬ ਸਾਹਮਣੇ ਲਿਆਉਂਦਾ ਹੈ । ਇਸ ਮਨੋ-ਵਿਗਿਆਨਿਕ

ਘਟਨਾ ਦਾ ਨਤੀਜਾ ਅਗਲੀ ਸਰੀਰਕ ਕਿਰਿਆ ਹੁੰਦਾ ਹੈ । ਸਰੀਰਕ ਕਿਰਿਆ ਇਹ ਹੈ ਕਿ ਦਿਮਾਗ, ਧੁਨੀ ਬਿੰਬ ਦੀ ਅਨੁਸਾਰੀ ਪ੍ਰੇਰਨਾ ਉਚਾਰਨੀ ਅੰਗਾਂ ਨੂੰ ਭੇਜਦਾ ਹੈ । ਇਸ ਤੋਂ ਬਾਅਦ ਧੁਨੀ-ਤਰੰਗਾਂ ੳ ਦੇ ਮੂੰਹ ਤੋਂ ਅ ਦੇ ਕੰਨਾਂ ਤੱਕ ਸੰਚਾਰ ਕਰਦੀਆਂ ਹਨ ਜੋ ਕਿ ਖਾਸ ਭੌਤਿਕ ਪ੍ਰਕਿਰਿਆ ਹੈ । ਫਿਰ ਉਪਰੋਕਤ ਸਰਕਟ ਅ ਵਿਅਕਤੀ ਵਿੱਚ ਚਾਲੂ ਰਹਿੰਦਾ ਹੈ ਪਰੰਤੂ ਇਸ ਦੀ ਤਰਤੀਬ ਉਲਟੀ ਹੋ ਜਾਂਦੀ ਹੈ । ਧੁਨੀ-ਬਿੰਬ ਦਾ ਸਰੀਰਕ ਸੰਚਾਰ ਕੰਨਾਂ ਤੋਂ ਦਿਮਾਗ ਨੂੰ ਹੁੰਦਾ ਹੈ ਅਤੇ ਦਿਮਾਗ ਵਿੱਚ ਉਸ ਬਿੰਬ ਦਾ, ਉਸ ਦੇ ਸਮਰੂਪ ਸੰਕਲਪ ਨਾਲ ਮਨੋਵਿਗਿਆਨਿਕ ਸਹਿਚਾਰ ਹੁੰਦਾ ਹੈ । ਇਸ ਤਰ੍ਹਾਂ ਭਾਸ਼ਾ ਦਾ ਸਰਕਟ ਦੋ ਜਾਂ ਦੋ ਤੋਂ ਵੱਧ ਵਿਕਅਤੀਆਂ ਵਿੱਚ ਚਾਲੂ ਰਹਿੰਦਾ ਹੈ।

**ਭਾਸ਼ਾ ਦੇ ਸਰਕਟ ਦਾ ਡਾਇਆਗ੍ਰਾਮ**

ਸ੍ਰਵਨ ਕ੍ਰਿਆ →ਉਚਾਰਨ ਕ੍ਰਿਆ

ਸੰ = ਸੰਕਲਪ → ਧੁ = ਧੁਨੀਬਿੰਬ

ਉਚਾਰਨ ਕਿਆ → ਸ੍ਰਵਨ ਕ੍ਰਿਆ

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਕਲਪ (concept) ਭਾਸ਼ਾ ਦੀ ਸਾਰ-ਸਾਮਗ੍ਰੀ (substance) ਨਹੀਂ ਹੁੰਦੇ । ਇਸ ਦਾ ਕਾਰਨ ਇਹ ਹੈ ਕਿ ਸੰਕਲਪ ਖਾਲਸ ਤੌਰ ਤੇ ਮਨੋਵਿਗਿਆਨਿਕ ਹੁੰਦਾ ਹੈ, ਵਾਚਿਕ ਨਹੀਂ (ਅਰਥਾਤ ਸੰਕਲਪ ਬੋਲ ਨਹੀਂ ਹੁੰਦਾ ਇਹ ਤਾਂ ਅਣਬੋਲਤ non-verbal ਹੋਂਦ ਹੁੰਦਾ ਹੈ ।) ਕਿਸੇ ਵੀ ਭਾਸ਼ਿਕ ਕਿਰਿਆ ਦੀ ਪ੍ਰਕਿਰਿਆ ਲਈ ਇਹ ਅਤੀ ਜ਼ਰੂਰੀ ਹੈ ਕਿ ਉਹ ਵਾਚਿਕ ਹੋਵੇ ਅਰਥਾਤ ਉਸ ਵਿੱਚ ਬੋਲਣ ਦਾ ਅੰਸ਼ ਹੋਵੇ । ਪਰ ਇਹ ਬੋਲਣ ਅੰਸ਼ ਭਾਸ਼ਾ ਨਹੀਂ ਹੈ, ਇਸ ਨੂੰ ਭਾਸ਼ਾ ਸਮਝਣਾ ਭੁਲੇਖਾ ਹੈ ਕਿਉਂਕਿ ਬੋਲਣ ਰੂਪ ਤਾਂ ਕਿਸੇ ਬੁੜਬੁੜਾਹਟ ਜਾਂ ਰੌਲੇ-ਰੱਪੇ ਦਾ ਵੀ ਹੋ ਸਕਦਾ ਹੈ । ਇਸ ਲਈ ਕਿਸੇ ਵੀ ਬੋਲਣ ਕ੍ਰਿਆ ਜਾਂ ਧੁਨੀ ਨੂੰ ਸਾਰਥਕ ਹੋਣ ਲਈ ਇਹ ਜ਼ਰੂਰੀ ਹੈ ਕਿ ਉਹ ਸੰਕਲਪ ਨਾਲ ਜੁੜੀ ਹੋਵੇ। ਧੁਨੀ ਤੇ ਸੰਕਲਪ ਦਾ ਸਹਿ-ਸੰਬੰਧ ਹੀ ਭਾਸ਼ਾ ਹੈ। ਇਸ ਤਰ੍ਹਾਂ ਭਾਸ਼ਾ ਸੰਕਲਪ (ਵਿਚਾਰ) ਤੇ ਧੁਨੀ ਦੇ ਵਿਚਕਾਰ ਕੜੀ ਕਾ ਕੰਮ ਕਰਦੀ ਹੈ।

ਸੌਸਿਊਰ ਨੇ ਭਾਸ਼ਾ ਦੀ ਮੂਲ-ਪ੍ਰਕਿਰਤੀ ਨੂੰ ਸਪਸ਼ਟ ਕਰਨ ਤੋਂ ਬਾਅਦ ਭਾਸ਼ਾ ਸੰਬੰਧੀ ਦੁਵੱਲੀ ਵਿਰੋਧਤਾ (Binary oppoisiton) ਦੀ ਪਰਿਕਲਪਨਾ ਪੇਸ਼ ਕੀਤੀ ਜਿਸ ਨੇ ਭਾਸ਼ਾ-ਅਧਿਐਨ ਨੂੰ ਨਵੀਆਂ ਸੇਧਾਂ ਵੱਲ ਪ੍ਰੇਰਿਤ ਕੀਤਾ ਅਤੇ ਜੋ ਆਧੁਨਿਕ ਭਾਸ਼ਾ-ਵਿਗਿਆਨ ਦਾ ਆਧਾਰ-ਨੀਂਹ ਸਾਬਤ ਹੋਈ। ਸੌਸਿਊਰ ਦੁਆਰਾ ਸੰਕਲਪਿਤ ਦੁਵੱਲੀ ਵਿਰੋਧਤਾਵਾਂ ਇਹ ਹਨ:-

1. ਚਿੰਨ੍ਹ : ਚਿੰਨ੍ਹਕ, ਚਿੰਨ੍ਹਤ (sign, signifier, signifed)
2.ਲਾਂਗ ਤੇ ਪੈਰੋਲ (langue/parole)
3. ਕੜੀਦਾਰ ਤੇ ਲੜੀਦਾਰ ਸੰਬੰਧ (syntagmaitc/paradigmaitc relaitons)
4. ਇਕਾਲਿਕ ਤੇ ਕਾਲਕ੍ਰਮਿਕ ਪਹੁੰਚ (synchronic/diachronic approach)

### 4. ੲ : ਭਾਸ਼ਾ ਚਿੰਨ੍ਹਾਂ ਦਾ ਸਿਸਟਮ ਹੈ

ਸੌਸਿਊਰ ਦੇ ਅਨੁਸਾਰ 'ਭਾਸ਼ਾ ਚਿੰਨ੍ਹਾਂ ਦਾ ਪ੍ਰਬੰਧ ਹੈ, ਜੋ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ। ਉਸਨੇ ਦੱਸਿਆ ਕਿ ਇਨ੍ਹਾਂ ਚਿੰਨਾਂ ਅਤੇ ਇਨ੍ਹਾਂ ਚਿੰਨ੍ਹਾਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਨਾ ਹੀ ਭਾਸ਼ਾ-ਵਿਗਿਆਨ ਦਾ ਮੁੱਖ ਕਾਰਜ ਹੈ। ਸੌਸਿਊਰ ਤੋਂ ਪਹਿਲਾਂ ਇਤਿਹਾਸਿਕ ਭਾਸ਼ਾ-ਅਧਿਐਨ ਹੀ ਪ੍ਰਚਲਿਤ ਸੀ । ਇਤਿਹਾਸਕ ਭਾਸ਼ਾ-ਅਧਿਐਨ ਵਿੱਚ ਸ਼ਬਦਾਂ ਨੂੰ ਹੀ ਭਾਸ਼ਾ ਮੰਨ ਲਿਆ ਜਾਂਦਾ ਹੈ । ਸ਼ਬਦ, ਬ੍ਰਹਿਮੰਡ ਦੀਆਂ ਵੱਖ-ਵੱਖ ਵਸਤਾਂ ਦੇ ਨਾਮ ਹਨ । ਪਰ ਸੌਸਿਊਰ ਨੇ ਭਾਸ਼ਾ ਦੀ ਵਸਤੂਵਾਦੀ ਹੋਂਦ (Language as a naming process only) ਦਾ ਖੰਡਨ ਕੀਤਾ ਅਤੇ ਭਾਸ਼ਾ ਨੂੰ ਚਿੰਨ੍ਹਾਂ ਦਾ ਵਿਉਂਤਬੱਧ ਪ੍ਰਬੰਧ ਕਿਹਾ ਅਤੇ ਭਾਸ਼ਾ ਦੀ ਚਿੰਨ੍ਹਵਾਦੀ ਪ੍ਰਕਿਰਤੀ ਉੱਤੇ ਵਿਸ਼ੇਸ਼ ਬਲ ਦਿੱਤਾ।ਸੌਸਿਊਰ ਦੇ ਭਾਸ਼ਾ-ਚਿੰਤਨ ਵਿੱਚ ਚਿੰਨ, ਚਿੰਨ੍ਹਕ ਤੇ ਚਿੰਨ੍ਹਤ ਬੜੀ ਅਹਿਮੀਅਤ ਦੇ ਧਾਰਨੀ ਸੰਕਲਪ ਹਨ। ਮਾਨਵੀ ਭਾਸ਼ਾ ਦੇ ਮੂਲ ਸੁਭਾ ਦੀ ਪਛਾਣ ਕਰਦਿਆਂ ਆਪਣੀ ਪੁਸਤਕ ਵਿੱਚ ਸੌਸਿਊਰ ਨੇ 'ਚਿੰਨ੍ਹਾਂ ਦੀ ਸਾਇੰਸ' ਵੱਲ ਮਾਮੂਲੀ ਜਿਹਾ ਇਸ਼ਾਰਾ ਕੀਤਾ ਸੀ। ਲਿਖਿਆ ਸੀ

'A science that studies the life of signs within society is conceiv able,it would be a part of social psychology and consequently of general psychology; I shall call it Semiology (from Greck semieon sign)... Linguisitcs is only a part of the general science of Seimology.' (Saussure, P. 16)

ਸੌਸਿਊਰ ਦਾ ਕਥਨ ਸੀ ਕਿ ਆਉਣ ਵਾਲੇ ਸਮੇਂ ਵਿੱਚ ਚਿੰਨ੍ਹ ਵਿਗਿਆਨ ਹੋਂਦ ਵਿੱਚ ਆਵੇਗਾ ਅਤੇ ਭਾਸ਼ਾ ਵਿਗਿਆਨ ਇਸ ਦੀ ਇੱਕ ਸ਼ਾਖਾ ਹੋਵੇਗਾ। ਇਸ ਗੱਲ ਨੂੰ ਬਾਅਦ ਵਿੱਚ ਰੋਲਾਂ ਬਾਰਤ (Roland Barthes) ਨੇ ਉਲਟਾ ਕੇ ਕਿਹਾ ਕਿ ਚਿੰਨ੍ਹ-ਵਿਗਿਆਨ ਤਾਂ ਹੋਂਦ ਵਿੱਚ ਆਇਆ ਹੈ ਲੇਕਿਨ ਇਹ ਆਪ ਸਿਰਖੁਦ ਭਾਸ਼ਾ ਵਿਗਿਆਨ ਦੀ ਹੀ ਸ਼ਾਖਾ ਹੋਵੇਗਾ ਕਿਉਂਕਿ ਭਾਸ਼ਾ ਦੀ ਪਦਵੀ ਪਹਿਲਾਂ ਹੈ, ਭਾਸ਼ਾ ਤੋਂ ਬਿਨ੍ਹਾਂ ਚਿੰਨ੍ਹ ਦੀ ਕੋਈ ਹੋਂਦ ਨਹੀਂ।

ਕੀ ਮੂਲ ਹੈ ਅਤੇ ਕੀ ਸ਼ਾਖਾ ਹੈ ਅਜੇਹੇ ਵਿਵਾਦ-ਗ੍ਰਸਤ ਵਿਸ਼ੇ ਨਵੀਂ-ਨਵੀਂ ਵਿਆਖਿਆ ਦੇ ਮੁਥਾਜ ਹੋ ਸਕਦੇ ਹਨ ਪਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੌਸਿਊਰ ਹੀ ਪਹਿਲਾ ਭਾਸ਼ਾ-ਚਿੰਤਕ ਹੈ ਜਿਸ ਨੇ ਭਾਸ਼ਿਕ ਸੰਦਰਭ ਵਿੱਚ ਚਿੰਨ੍ਹ ਦੀ ਮੂਲ ਧਾਰਨਾ ਪੇਸ਼ ਕੀਤੀ । ਇਸ ਲਈ ਸੌਸਿਊਰ ਦੇ ਚਿੰਤਨ ਵਿੱਚ ਚਿੰਨ੍ਹ ਇੱਕ ਮਹੱਤਵਪੂਰਨ ਭਾਸ਼ਿਕ ਸੰਕਲਪ ਹੈ ।

### ਚਿੰਨ੍ਹ

ਚਿੰਨ੍ਹ ਕੀ ਹੈ ? ਸੋਸਿਊਰ ਦੇ ਅਨੁਸਾਰ "ਚਿੰਨ੍ਹ ਸਿਰਫ਼ ਵਸਤੂ ਦਾ ਨਾਮ ਹੀ ਨਹੀਂ, ਚਿੰਨ੍ਹ ਤਾਂ ਅਜੇਹੀ ਜਟਿਲ ਇਕਾਈ ਹੈ ਜਿਸ ਵਿੱਚ ਧੁਨੀ ਬਿੰਬ (sound image) ਅਤੇ ਅਰਥ-ਸੰਕਲਪ (concept) ਦੋਹਾਂ ਦਾ ਸੰਯੋਗ ਹੁੰਦਾ ਹੈ। ਚਿੰਨ੍ਹ ਭਾਸ਼ਾ ਦੀ ਬੁਨਿਆਦੀ ਇਕਾਈ ਹੈ। ਚਿੰਨ੍ਹ ਆਮ ਆਦਮੀ ਲਈ ਅਰਥ, ਸੰਕਲਪ, ਨਾਮ ਜਾਂ ਸ਼ਬਦ ਵੀ ਹੋ ਸਕਦਾ ਹੈ ਪਰ ਜਦੋਂ ਕਿਸੇ ਵਸਤੂ ਲਈ ਕੋਈ ਭਾਸ਼ਿਕ ਸ਼ਬਦ ਵਰਤਿਆ ਜਾਂਦਾ ਹੈ ਤਾਂ ਇਹ ਭਾਸ਼ਿਕ ਚਿੰਨ੍ਹ ਹੈ, ਖੁਦ ਵਸਤੂ ਨਹੀਂ ਹੈ।

ਭਾਸ਼ਿਕ ਚਿੰਨ੍ਹ ਸੰਕਲਪ (concept) ਤੇ ਧੁਨੀ ਬਿੰਬ (sound image) ਦੀ ਸੰਜੁਗਤੀ ਹੈ। ਭਾਸ਼ਿਕ ਚਿੰਨ੍ਹਾਂ ਦਾ ਸਮੁੱਚ ਹੀ ਭਾਸ਼ਾ ਹੈ । ਧੁਨੀਆਂ ਉਦੋਂ ਭਾਸ਼ਾ ਬਣਦੀਆਂ ਹਨ ਜਦੋਂ ਉਹ ਕੋਈ ਭਾਵ ਜਾਂ ਖ਼ਿਆਲ ਸੰਚਾਰਿਤ ਕਰਨ ਦੇ ਸਮਰਥ ਹੋਣ ਨਹੀਂ ਤਾਂ ਉਹ ਸਿਰਫ਼ ਸ਼ੋਰ-ਸ਼ਰਾਬਾ ਜਾਂ ਰੌਲਾ-ਰੱਪਾ ਹੀ ਹਨ।

1.

The lingiusitc sign unites, not a thing and name, but a concept and sound image (Saussure, 66). I call the combination of a concept and a sound image a sign. (67).

ਜੋਨਾਥਨ ਕੂਲਰ (1976 : 19) ਨੇ ਸੋਸਿਊਰ ਦੀ ਅਨੁਸਾਰਤਾ ਵਿੱਚ "ਚਿੰਨ੍ਹ ਨੂੰ ਰੂਪ" (form) ਅਤੇ ਵਿਚਾਰ (Idea) ਦਾ ਸੰਜੋਗ ਕਿਹਾ ਹੈ। ਰੂਪ ਚਿੰਨ੍ਹੀਕਰਨ ਕਰਦਾ ਹੈ ਜਿਸਨੂੰ ਸੌਸਿਊਰ 'ਚਿੰਨ੍ਹਕ' ਕਹਿੰਦਾ ਹੈ ਅਤੇ ਵਿਚਾਰ ਚਿੰਨ੍ਹਤ ਹੁੰਦਾ ਹੈ। ਅਸੀਂ ਚਿੰਨ੍ਹਕ ਤੇ ਚਿੰਨ੍ਹਤ ਨੂੰ ਵੱਖ-ਵੱਖ ਹੱਦਾਂ (entities) ਕਹਿ ਸਕਦੇ ਹਾਂ ਪਰ ਅਸਲ ਵਿੱਚ ਉਹ ਦੋਵੇਂ ਚਿੰਨ੍ਹ ਦੇ ਹੀ ਅੰਗ ਹਨ। ਚਿੰਨ੍ਹ ਭਾਸ਼ਾ ਦਾ ਕੇਂਦਰੀ ਤੱਥ (central fact) ਹੈ ਅਤੇ ਇਸ ਲਈ ਬੁਨਿਆਦੀ ਮੂਲ ਵਸਤੂ ਤੋਂ ਗੋਣ ਓਪਰੀ ਵਸਤੂ ਨੂੰ ਨਿਖੇੜਨ ਲਈ 'ਚਿੰਨ੍ਹ' ਨੂੰ ਪਰਿਭਾਸ਼ਿਤ ਕਰਨਾ ਜ਼ਰੂਰੀ ਹੈ । ਤਾਂ ਭਾਸ਼ਿਕ ਚਿੰਨ੍ਹ ਇੱਕ ਦੁਪਾਸੜ ਮਾਨਸਿਕ ਹੋਂਦ (two-sided psychological enitity) ਹੈ(ਸੋਸਿਊਰ 66), ਇਸ ਨੂੰ ਹੇਠ ਲਿਖੇ ਰੇਖਾ-ਚਿੱਤਰ ਦੁਆਰਾ ਅੰਕਿਤ ਕੀਤਾ ਜਾ ਸਕਦਾ ਹੈ =

ਸੰਕਲਪ : Concept

↓

ਧੁਨੀਬਿੰਬ : Sound

↓

Image

ਇਹ ਦੋਵੇਂ ਤੱਤ ਇੱਕ ਦੂਜੇ ਨਾਲ ਅਨਿੱਖੜ ਤੌਰ ਤੇ ਜੁੜੇ ਹੋਏ ਹਨ, ਜਦੋਂ ਇੱਕ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਦੂਜਾ ਵੀ ਆ ਹਾਜ਼ਰ ਹੁੰਦਾ ਹੈ । ਚਿੰਨ੍ਹ ਦੇ ਦੋਵੇਂ ਤੱਤ ਆਪਸ ਵਿੱਚ ਪੂਰਨ ਰੂਪ ਵਿੱਚ ਜੁੜੇ ਹੁੰਦੇ ਹਨ ਅਤੇ ਇੱਕ ਦੂਜੇ ਉੱਪਰ ਆਧਾਰਤ ਹਨ।

ਸੌਸਿਊਰ ਦੇ ਇਸ ਭਾਵ ਦੀ ਵਿਆਖਿਆ ਕਰਦਿਆਂ ਰੋਲਾਂ ਬਾਰਥ ਨੇ (Elements of Semiology) ਲਿਖਿਆ ਹੈ -

"Sign is a union of siginifer and siginifed (in the fasihon of recto and verso of a sheet of paper).' ਕਾਗਜ਼ ਦਾ ਵਰਕਾ ਇੱਕੋ ਹੁੰਦਾ ਹੈ ਪਰ ਉਸ ਦੇ ਦੋ ਪਾਸੇ ਹੁੰਦੇ ਹਨ - ਅੱਗਾ (Recto) ਤੇ ਪਿੱਛਾ (Verso) ਜਾਂ ਸਿੱਧਾ ਤੇ ਪੁੱਠਾ। ਅੱਗਾ ਧੁਨੀਬਿੰਬ (ਸ਼ਬਦ) ਹੈ ਅਤੇ ਪਿੱਛਾ ਸੰਕਲਪ (ਅਰਥ) ਹੈ । ਅੰਗਾ ਤੇ ਪਿੱਛਾਂ ਕਹਿਣ ਨੂੰ ਦੋ ਹਨ ਪਰ ਵਰਕਾ ਇਕੋ ਹੀ ਹੈ, ਦੋਹਾਂ ਪਾਸਿਆਂ ਨੂੰ ਵਰਕੇ ਤੋਂ ਅੱਡ ਕਿਵੇਂ ਕੀਤਾ ਜਾਵੇ, ਅਸੰਭਵ ਹੈ।ਇਸ ਤਰ੍ਹਾਂ ਧੁਨੀ ਬਿੰਬ ਤੇ ਸੰਕਲਪ ਦਾ ਜੋੜ-ਮੇਲ ਹੀ 'ਚਿੰਨ੍ਹ' ਹੈ। ਕਿਸੇ ਇੱਕ ਦੀ ਗ਼ੈਰ-ਹਾਜ਼ਰੀ ਸਮੇਂ ਚਿੰਨ੍ਹ 'ਚਿੰਨ੍ਹ' ਨਹੀਂ ਰਹਿੰਦਾ। ਇਸ ਲਈ ਇਹ ਕਹਿਣਾ ਸਾਰਥਕ ਹੈ ਕਿ ਚਿੰਨ੍ਹਕ ਤੇ ਚਿੰਨ੍ਹਤ ਦਾ ਸੰਜੋਗ ਹੀ ਭਾਸ਼ਿਕ ਚਿੰਨ੍ਹ ਹੈ ।

ਪੰਜਾਬੀ ਦਾ ਇੱਕ ਸ਼ਬਦ ਹੈ, ਜਿਸਦਾ ਉਚਾਰਨ ਹੈ 'ਘੋੜਾ' । ਘੋੜਾ ਇੱਕ ਜਾਨਵਰ ਹੈ । ਭਾਸ਼ਾ ਵਿਗਿਆਨ ਅਨੁਸਾਰ ਇਸ ਜਾਨਵਰ ਦਾ ਸੰਕਲਪ (concept) ਪੰਜਾਬੀ ਬੁਲਾਰੇ ਦੇ ਦਿਮਾਗ ਵਿੱਚ ਬਣਿਆ ਹੋਇਆ ਹੈ। ਅਸੀਂ ਪੰਜਾਬੀ ਦੇ ਘੋੜਾ ਉਚਾਰਨ ਦੇ ਮੁਕਾਬਲੇ horse ਉਚਾਰਨ ਕਰ ਲੈਂਦੇ ਹਾਂ। ਦੋਵੇਂ ਉਚਾਰਨ ਇਕੋ ਜਾਨਵਰ ਲਈ ਹਨ। ਦੋਵਾਂ ਦਾ ਉਚਾਰਨ ਆਪੋ-ਆਪਣਾ ਹੈ । ਸੌਸਿਊਰ ਦੇ ਸ਼ਬਦਾਂ ਵਿੱਚ ਇਹ ਵਸਤੂ (ਘੋੜਾ ਵਸਤੂ) ਅਤੇ ਉਸ ਦੇ ਨਾਮ (ਘੋੜਾ, horse, ਅਸਪ ਫ਼ਾਰਸੀ ਜਾਂ ਸੰਸਕ੍ਰਿਤ ਅਸ਼ਵ) ਦਾ ਮੇਲ ਨਹੀਂ ਸਗੋਂ 'ਘੋੜਾ' ਵਸਤੂ ਦੇ ਮਾਨਸਿਕ ਸੰਕਲਪ ਅਤੇ ਧੁਨੀ-

ਬਿੰਬ (ਉਚਾਰਨ) ਦਾ ਮੇਲ ਹੈ ਇਹੋ ਭਾਸ਼ਾਈ ਚਿੰਨ੍ਹ ਹੈ। 'ਚਿੰਨ੍ਹ' ਦੀ ਇਸ ਪ੍ਰਕਿਰਿਆ ਨੂੰ ਚਿਤਰ ਦੁਆਰਾ ਰੇਖਾਂਕਿਤ ਕਰ ਸਕਦੇ ਹਾਂ –

ਚਿੰਨ੍ਹ: Sign

↓

– ਧੁਨੀ ਬਿੰਬ : sound-image : signifier : recto : ਅੱਗਾ

– ਸੰਕਲਪ : concept : signified : verso : ਪਿੱਛਾ ਚਿੰਨ੍ਹ

ਰੋਲਾਂ ਬਾਰਥ ਨੇ ਦੱਸਿਆ ਹੈ ਕਿ 'ਚਿੰਨ੍ਹ' (sign) ਸ਼ਬਦ ਬਹੁਤ ਹੀ ਗੁੰਝਲਦਾਰ ਬਣਿਆ ਹੋਇਆ ਹੈ ਕਿਉਂਕਿ ਇਹ ਧਰਮ-ਵਿਗਿਆਨ ਤੋਂ ਲੈ ਕੇ ਮੈਡੀਕਲ ਸਾਇੰਸ ਤੱਕ ਅਲਗ-ਅਲਗ ਸੰਦਰਭਾਂ ਵਿੱਚ ਵਰਤਿਆ ਜਾਂਦਾ ਹੈ, ਇਸ ਸ਼ਬਦ ਦਾ ਇਤਿਹਾਸ ਬਹੁਤ ਪੁਰਾਣਾ ਹੈ।ਵੱਖ-ਵੱਖ ਲੇਖਕਾਂ ਨੇ ਆਪਣੀ ਚੋਣ ਅਨੁਸਾਰ ਚਿੰਨ੍ਹ ਨੂੰ ਕਈ ਹੋਰ ਨਾਂਵਾਂ ਦੀ ਲੜੀ ਵਿੱਚ ਰੱਖਿਆ ਹੈ ਜਿਵੇਂ ਕਿ signal,index,icon, symbol, allegory. ਚਿੰਨ੍ਹ ਇਨ੍ਹਾਂ ਨਾਲ ਮਿਲਦਾ ਵੀ ਹੈ ਅਤੇ ਨਿਖੜਦਾ ਵੀ ਹੈ । ਇਨ੍ਹਾਂ ਨਾਂਵਾਂ ਨਾਲ ਟਾਕਰੇ ਤੋਂ ਚਿੰਨ੍ਹ ਦੀ ਹੋਂਦ ਹੋਰ ਸਪਸ਼ਟ ਹੁੰਦੀ ਹੈ। ਇਸ ਤੋਂ ਇਲਾਵਾ ਰੋਲਾਂ ਬਾਰਥ ਨੇ ਚਿੰਨ੍ਹ ਦੇ ਪ੍ਰਕਾਰ-ਭੇਦ ਵੀ ਦੱਸੇ ਹਨ ਜਿਵੇਂ ਭਾਸ਼ਿਕ-ਚਿੰਨ੍ਹ, ਚਿਹਨ-ਵਿਗਿਆਨਿਕ ਚਿੰਨ੍ਹ (semiological sign), ਸਮਾਜਕ ਚਿੰਨ੍ਹ, ਸਾਇੰਟੀਫਿਕ ਚਿੰਨ੍ਹ, ਸੁਹਜਾਤਮਕ ਚਿੰਨ੍ਹ ।

ਭਾਸ਼ਕ-ਚਿੰਨ੍ਹ ਦੀ ਪ੍ਰਕਿਰਤੀ (Nature of linguistic Sign)

ਸੌਸਿਊਰ ਨੇ ਭਾਸ਼ਿਕ ਚਿੰਨ੍ਹ ਦੀ ਪ੍ਰਕਿਰਤੀ ਬਾਰੇ ਸਪਸ਼ਟ ਉਲੇਖ ਕੀਤਾ ਹੈ।ਉਸਦਾ ਮਤ ਹੈ ਕਿ ਸੰਕਲਪ ਤੇ ਧੁਨੀਬਿੰਬ ਦੋਹਾਂ ਦੀ ਮਨੋਵਿਗਿਆਨਕ ਹੋਂਦ ਹੈ। ਧੁਨੀ ਬਿੰਬ ਕੋਈ ਭੌਤਿਕ ਵਸਤੂ ਨਹੀਂ ਹੁੰਦੀ, ਉਹ ਦਿਮਾਗ ਉਪਰ ਪਈ ਹੋਈ ਧੁਨੀ ਦੀ ਮਨੋਵਿਗਿਆਨਿਕ ਛਾਪ ਹੁੰਦੀ ਹੈ, ਇਸ ਨਹੀਂ ਉਹ ਦਿਮਾਗੀ ਜਾਂ ਐਂਦਰਿਕ (ਇੰਦਰਿਆਵੀ) ਹੁੰਦੀ ਹੈ।

ਧੁਨੀ ਬਿੰਬਾਂ ਦਾ ਮਨੋਵਿਗਿਆਨਿਕ ਲੱਛਣ ਉਦੋਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਆਪਣੀ ਹੀ ਬੋਲੀ ਦੀ ਨਿਰਖ ਕਰਦੇ ਹਾਂ।ਆਪਣੇ ਬੁਲਾਂ ਜਾਂ ਜੀਭ ਨੂੰ ਬਿਨਾਂ ਹਿਲਾਏ ਅਸੀਂ ਆਪਣੇ ਆਪ ਨਾਲ ਗੱਲਾਂ ਕਰ ਸਕਦੇ ਹਾਂ ਅਤੇ ਦਿਮਾਗੀ ਤੌਰ ਤੇ ਕੋਈ ਕਵਿਤਾ ਉਚਾਰ ਸਕਦੇ ਹਾਂ।ਇਸ ਕਾਰਨ ਕਰਕੇ ਹੀ ਭਾਸ਼ਿਕ ਚਿੰਨ੍ਹ ਨੂੰ ਦੋ ਪਾਸਿਆਂ ਵਾਲੀ ਮਨੋਵਿਗਿਆਨਿਕ ਹੋਂਦ ਕਿਹਾ ਹੈ।

ਭਾਸ਼ਿਕ ਚਿੰਨ੍ਹ ਜਿਸਦਾ ਕਿ ਉੱਪਰ ਵਿਖਿਆਨ ਕੀਤਾ ਹੈ, ਦੋ ਮਹੱਤਵ-ਪੂਰਣ ਗੁਣ ਰੱਖਦਾ ਹੈ ਜੋ ਕਿਸੇ ਵੀ ਇਸ ਤਰ੍ਹਾਂ ਦੇ ਅਧਿਐਨ ਲਈ ਮੂਲ ਸਿਧਾਂਤ ਬਣਾਉਂਦੇ ਹਨ।

**ਮੂਲ ਸਿੱਧਾਂਤ ਨੰਬਰ 1 : ਚਿੰਨ੍ਹ ਦੀ ਆਪਹੁਦਰੀ ਪ੍ਰਕਿਰਤੀ :**

(Principal 1: The arbitrary nature of the sign). ਸੋਸਿਊਰ ਦੇ ਭਾਸ਼ਾ ਸੰਕਲਪ ਦਾ ਪਹਿਲਾਂ ਸਿੱਧਾਂਤ ਚਿੰਨ੍ਹ ਦੀ ਬੁਨਿਆਦੀ ਵਿਸ਼ੇਸ਼ਤਾ ਨਾਲ ਸੰਬੰਧਤ ਹੈ। ਭਾਸ਼ਿਕ ਚਿੰਨ੍ਹ ਆਪਹੁਦਰਾ ਹੁੰਦਾ ਹੈ। ਚਿੰਨ੍ਹਕ ਤੇ ਚਿੰਨ੍ਹਤ ਦਾ ਖਾਸ ਮੇਲ ਇੱਕ ਆਪਹੁਦਰੀ ਹੋਂਦ ਹੈ। ਇਹ ਭਾਸ਼ਿਕ ਵਿਧੀ ਅਤੇ ਭਾਸ਼ਾ ਦਾ ਕੇਂਦਰੀ ਸੱਚ ਹੈ। ਸੌਸਿਊਰ ਨੇ ਲਿਖਿਆ ਹੈ।

ਚਿੰਨ੍ਹ ਦੀ ਆਪਹੁਦਰੀ ਪ੍ਰਕ੍ਰਿਤੀ ਦੇ ਸਿੱਧਾਂਤ ਬਾਰੇ ਦੋ ਰਾਂਵਾਂ ਨਹੀਂ ਹਨ ਪਰ ਇਸਦੇ ਉਚਿਤ ਸਥਾਨ ਨੂੰ ਨਿਰਧਾਰਿਤ ਕਰਨ ਨਾਲੋਂ ਅਸਲੀਅਤ ਦੀ ਖੋਜ ਕਰਨਾ ਆਸਾਨ ਹੈ । ਕਿਸੇ ਭਾਸ਼ਾ ਦੇ ਭਾਸ਼ਿਕ ਵਿਸ਼ਲੇਸ਼ਣ ਵਿੱਚ ਉਪਰੋਕਤ ਸਿੱਧਾਂਤ ਪ੍ਰਮੁਖ ਹੈ, ਇਸਦੇ ਨਤੀਜੇ ਅਣਗਿਣਤ ਹਨ ਭਾਵੇਂ ਇਹ ਸਿੱਧੇ ਤੌਰ ਤੇ ਪ੍ਰਤੱਖ ਨਹੀਂ ਹੁੰਦੇ। ਕਈ ਤਰ੍ਹਾਂ ਦੀਆਂ ਘੁੰਮਣ-ਘੇਰੀਆਂ ਵਿੱਚੋਂ ਲੰਘ ਕੇ ਭਾਸ਼ਾ-ਵਿਗਿਆਨੀ ਇਨ੍ਹਾਂ ਦੀ ਪਛਾਣ ਕਰਦਾ ਹੈ ਅਤੇ ਇਸ ਨਾਲ ਇਸ ਸਿੱਧਾਂਤ ਦੀ ਮੂਲ ਵਿਸ਼ੇਸ਼ਤਾ ਉਜਾਗਰ ਹੋ ਜਾਂਦੀ ਹੈ ।'(Course 68. ; Course 100)

ਚਿੰਨ੍ਹ ਦੀ ਆਪਹੁਦਰੀ ਪ੍ਰਕ੍ਰਿਤੀ ਤੋਂ ਸੌਸਿਉਰ ਦਾ ਕੀ ਭਾਵ ਹੈ, ਇੱਕ ਪੱਖ ਤੋਂ ਇਸਦਾ ਉੱਤਰ ਬੜਾ ਸਰਲ ਹੈ । ਚਿੰਨ੍ਹਕ ਅਤੇ ਚਿੰਨ੍ਹਤ ਦੇ ਦਰਮਿਆਨ ਕੋਈ ਵੀ ਕੁਦਰਤੀ ਜਾਂ ਜ਼ਰੂਰੀ 'link' ਸੰਪਰਕ ਨਹੀਂ ਹੁੰਦਾ । ਮੈਂ ਅੰਗਰੇਜ਼ੀ ਬੋਲਦਾ ਹਾਂ ਇਸ ਲਈ ਮੈਂ ਇੱਕ ਵਿਸ਼ੇਸ਼ ਪਸ਼ੂ ਜਾਤੀ ਲਈ 'dog' ਚਿੰਨ੍ਹਕ ਦੇ ਤੌਰ ਤੇ ਵਰਤਦਾ ਹਾਂ ਪਰ ਧੁਨੀਆਂ ਦੀ ਇਹ ਤਰਤੀਬ ਇਸ ਮਕਸਦ ਲਈ ਧੁਨੀਆਂ ਦੀ ਹੋਰ ਕਿਸੇ ਵੀ ਤਰਤੀਬ ਨਾਲੋਂ ਸਹੀ ਨਹੀਂ ਹੈ । 'Lod, Tet ਅਤੇ blood' ਵੀ ਉਸੇ ਤਰ੍ਹਾਂ ਲਾਗੂ ਕੀਤੇ ਜਾ ਸਕਦੇ ਹਨ ਜੇਕਰ ਇਹ ਮੇਰੇ ਭਾਸ਼ਾ ਸਮਾਜ ਨੂੰ ਪ੍ਰਵਾਣ ਹੋਣ। ਅਜਿਹਾ ਕੋਈ ਅੰਦਰੂਨੀ ਕਾਰਣ ਨਹੀਂ ਹੈ ਕਿ ਇਨ੍ਹਾਂ ਚਿੰਨ੍ਹਕਾਂ ਵਿੱਚੋਂ ਕੋਈ ਇੱਕ ਚਿੰਨ੍ਹਕ 'Dog' ਦੇ ਸੰਕਲਪ ਨਾਲ ਕਿਉਂ ਸੰਬੰਧਿਤ ਹੈ ?

ਕੀ ਇਸ ਸਿੱਧਾਂਤ ਦੇ ਕੋਈ ਅਪਵਾਦ (excepitons) ਨਹੀਂ ਹਨ ? ਅਵੱਸ਼ ਹਨ। ਭਾਸ਼ਿਕ ਚਿੰਨ੍ਹਾਂ ਦੀ ਘੱਟ ਆਪਹੁਦਰੀ ਪ੍ਰਕ੍ਰਿਤੀ ਦੀਆਂ ਦੋ ਵਿਧੀਆਂ ਹਨ । ਪਹਿਲੀ ਇਹ ਹੈ ਕਿ ਨਕਲ-ਮੂਲਕ ਸ਼ਬਦ ਅਜਿਹੇ ਹਨ, ਜਿਨ੍ਹਾਂ ਵਿੱਚ ਚਿੰਨ੍ਹਕਾਂ ਦੀਆਂ ਧੁਨੀਆਂ ਚਿੰਨ੍ਹਤ ਵਸਤੂ ਦੀ ਨਕਲ ਕਰਦੀਆਂ ਹਨ । 'ਕਾਂ' ਚਿੰਨ੍ਹਕ ਵਿੱਚ 'ਕਾਂ-ਕਾਂ' ਧੁਨੀਆਂ ਦੀ ਨਕਲ ਹੁੰਦੀ ਹੈ। ਪਰ ਅਜਿਹੇ ਉਦਾਹਰਣ ਬਹੁਤ ਘੱਟ ਹਨ । ਸੱਚ ਇਹ ਹੈ ਕਿ ਆਮ ਤੌਰ ਤੇ ਚਿੰਨਕ ਆਪਹੁਦਰੇ ਹੀ ਹੁੰਦੇ ਹਨ।

ਫਿਰ ਵੀ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਚਿੰਨ੍ਹਕ ਵੱਖ-ਵੱਖ ਢੰਗਾਂ ਨਾਲ ਪ੍ਰੇਰਿਤ ਹੁੰਦੇ ਹਨ । ਜਿਸ ਮਸ਼ੀਨ ਉੱਤੇ ਮੈਂ ਕੰਮ ਕਰ ਰਿਹਾ ਹਾਂ ਇਸ ਮਸ਼ੀਨ ਨੂੰ ਟਾਈਪ-ਰਾਈਟਰ (Type Writer) ਕਿਹਾ ਜਾਂਦਾ ਹੈ । ਇਸ ਵਿੱਚ ਕੋਈ ਅੰਦਰੂਨੀ ਕਾਰਣ ਨਹੀਂ ਹੈ ਕਿ ਇਸਨੂੰ ਕਿਉਂ ਨਾ ਕੋਈ ਹੋਰ ਸਿੱਧਾਂਤਕ ਭਾਸ਼ਾ-ਵਿਗਿਆਨ ਨਾਮ ਦੇ ਦਿੱਤਾ ਜਾਵੇ। ਪਰ ਅੰਗ੍ਰੇਜ਼ੀ ਸਮਾਜ ਵਿੱਚ ਟਾਈਪ-ਰਾਈਟਰ ਹੀ ਬੋਲਿਆ ਜਾਂਦਾ ਹੈ ਕਿਉਂਕਿ 'ਟਾਈਪ' ਅਤੇ 'ਰਾਈਟਰ' ਚਿੰਨ੍ਹਕਾਂ ਦੀ ਧੁਨੀ ਤਰਤੀਬ ਇਸ ਦੇ ਚਿੰਨ੍ਹਤ ਨਾਲ ਸੰਬੰਧਿਤ ਹੈ। ਅਸੀਂ ਇਸ ਨੂੰ ਦੂਜੀ ਗੌਣ ਪ੍ਰੇਰਣਾ ਕਹਿ ਸਕਦੇ ਹਾਂ।ਇਹ ਉਲੇਖ-ਯੋਗ ਤੱਕ ਹੈ ਕਿ ਅੰਗ੍ਰੇਜ਼ੀ ਭਾਸ਼ਾ ਵਿੱਚ ਹੀ ਧੁਨੀ ਤਰਤੀਬ ਅਤੇ ਵਸਤੂ ਸੰਕਲਪ ਵਿੱਚ ਇੱਕ ਸਾਂਝ ਪੈਦਾ ਹੁੰਦੀ ਹੈ।ਪਰ ਜੇਕਰ ਪੰਜਾਬੀ ਲੋਕ ਆਪਣੀ ਭਾਸ਼ਾ ਵਿੱਚ ਇਸ ਮਸ਼ੀਨ ਬਾਰੇ ਦੱਸਣਾ ਚਾਹੁਣ ਤਾਂ ਉਹ ਕੋਈ ਆਪਣਾ ਚਿੰਨ੍ਹ ਵਰਤਣਗੇ ਕਿਉਂਕਿ ਪੰਜਾਬੀ ਭਾਸ਼ਾ ਵਿੱਚ 'ਰਾਈਟਰ' ਚਿੰਨ੍ਹ ਨਹੀਂ ਹੈ।ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਡੀਆਂ ਭਾਸ਼ਾਵਾਂ ਵਿੱਚ ਆਪਹੁਦਰੇ ਚਿੰਨ੍ਹ ਹੀ ਉਨ੍ਹਾਂ ਦੇ ਬੁਨਿਆਦੀ ਤੱਤ ਹਨ। ਉਨ੍ਹਾਂ ਦੀਆਂ ਕਈ ਪ੍ਰਕਿਰਿਆਵਾਂ ਹਨ,ਜਿਨ੍ਹਾਂ ਅਨੁਸਾਰ ਉਹ ਚਿੰਨ੍ਹਾਂ ਨੂੰ ਪਰਸਪਰ ਮੇਲਦੀਆਂ ਹਨ। ਪਰ ਇਸ ਨਾਲ ਭਾਸ਼ਾ ਦੇ ਮੂਲ ਚਰਿਤਰ ਵਿੱਚ ਅਤੇ ਇਸਦੇ ਸਿਰਜਨੀ ਅੰਗਾਂ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ।

ਚਿੰਨ੍ਹ ਇਸ ਦ੍ਰਿਸ਼ਟੀ ਤੋਂ ਵੀ ਆਪਹੁੰਦਰਾ ਹੁੰਦਾ ਹੈ ਕਿ ਚਿੰਨ੍ਹਕ ਅਤੇ ਚਿੰਨ੍ਹਤ ਦੇ ਦਰਮਿਆਨ ਕੋਈ ਅੰਦਰੂਨੀ ਸੰਬੰਧ ਨਹੀਂ ਹੁੰਦਾ। ਸੌਸਿਊਰ ਦੇ ਸਿੱਧਾਂਤ ਦੀ ਅਕਸਰ ਇਸੇ ਤਰ੍ਹਾਂ ਹੀ ਵਿਆਖਿਆ ਕੀਤੀ ਜਾਂਦੀ ਹੈ।

ਨਾਮਕਰਣ : Nomenclature

ਚਿੰਨ੍ਹਕ ਅਤੇ ਚਿੰਨ੍ਹਤ ਦੀ ਉਪਰੋਕਤ ਵਿਆਖਿਆ ਤੋਂ ਕਈ ਲੋਕ ਭਾਸ਼ਾ ਨੂੰ ਇੱਕ ਨਾਮਕਰਣ ਪ੍ਰਕ੍ਰਿਆ ਵਜੋਂ ਸੋਚਣ ਲਈ ਰੁਚਿਤ ਹੁੰਦੇ ਹਨ ਅਰਥਾਤ ਸੰਕਲਪਾਂ ਜਾਂ ਵਸਤੂਆਂ ਦੇ ਵਰਗ ਨਾਲ ਆਪਹੁਦਰੇ ਤੌਰ ਤੇ ਸੰਯੁਕਤ ਕੀਤੀ ਨਾਮਾਵਲੀ। ਜੇਕਰ ਕੋਈ ਇਹ ਕਹੇ ਕਿ ਕੁੱਤਾ (dog) ਦਾ ਸੰਕਲਪ ਅੰਗ੍ਰੇਜ਼ੀ ਵਿੱਚ 'dog' ਦੁਆਰਾ ਫ੍ਰਾਂਸੀਸੀ ਵਿੱਚ 'chiey' ਦੁਆਰਾ ਜਰਮਨ ਭਾਸ਼ਾ ਵਿੱਚ 'hund' ਦੁਆਰਾ ਅਤੇ ਪੰਜਾਬੀ ਵਿੱਚ 'ਕੁੱਤਾ'' ਦੁਆਰਾ ਪ੍ਰਗਟਾਇਆ ਜਾਂਦਾ ਹੈ । ਇਸ ਦਾ ਮਤਲਬ ਇਹ ਹੈ ਕਿ ਹਰੇਕ ਭਾਸ਼ਾ ਵਿੱਚ ਹਰੇਕ ਸੰਕਲਪ ਲਈ ਵੱਖਰਾ ਆਪਹੁਦਰਾ 'ਨਾਮ'ਮਿਲਦਾ ਹੈ ਜੋ ਕਿਸੇ ਭਾਸ਼ਾ ਤੋਂ ਸੁਤੰਤਰ ਅਤੇ ਭਾਸ਼ਾ ਤੋਂ ਪਹਿਲਾਂ ਮੌਜੂਦ ਹੈ।

ਜੇਕਰ ਭਾਸ਼ਾ ਵਿਸ਼ਵ-ਵਿਆਪੀ ਸੰਕਲਪਾਂ ਲਈ ਮਹਿਜ਼ ਨਾਮਕਰਣ ਪ੍ਰਕ੍ਰਿਆ ਹੀ ਹੁੰਦੀ ਤਾਂ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਉਲਥਾ ਕਰਨਾ ਆਸਾਨ ਹੁੰਦਾ ਤਾਂ ਕਿਸੇ ਸੰਕਲਪ ਲਈ ਪ੍ਰਾਪਤ ਫ੍ਰਾਂਸੀਸੀ ਨਾਮ ਨੂੰ ਅੰਗ੍ਰੇਜ਼ੀ ਨਾਲ ਵਟਾਇਆ ਜਾ ਸਕਦਾ ਸੀ। ਜੇਕਰ ਭਾਸ਼ਾ ਇਸ ਪ੍ਰਕਾਰ ਦੀ ਹੁੰਦੀ ਤਾਂ ਨਵੀਂ ਭਾਸ਼ਾ ਨੂੰ ਸਿਖਣ ਦਾ ਕੰਮ ਹੁਣ ਨਾਲੋਂ ਕਿਤੇ ਸੁਖਾਲਾ ਹੋ ਜਾਂਦਾ ਹੈ ਪਰੰਤੂ ਜਿਸ ਕਿਸੇ ਨੇ ਵੀ ਭਾਸ਼ਾ ਦੇ ਇਨ੍ਹਾਂ ਦੋਹਾਂ ਕੰਮਾਂ ਲਈ ਯਤਨ ਕੀਤਾ ਹੈ ਤਾਂ ਉਸਨੂੰ ਪ੍ਰਤੱਖ ਪ੍ਰਮਾਣ ਮਿਲ ਜਾਂਦਾ ਹੈ ਕਿ ਭਾਸ਼ਾਵਾਂ ਨਾਮਕਰਣ ਨਹੀਂ ਹਨ ਅਤੇ ਕਿਸੇ ਇੱਕ ਭਾਸ਼ਾ ਦੇ ਚਿੰਨਤ/ਸੰਕਲਪ ਦੂਜੀ ਭਾਸ਼ਾ ਦੇ ਚਿੰਨਤਾਂ ਨਾਲੋਂ ਮੂਲੋਂ ਹੀ ਅਡਰੇ ਹੁੰਦੇ ਹਨ। ਅੰਗ੍ਰੇਜ਼ੀ ਵਿੱਚ wickedman ਜਾਂ pet ਦੇ ਬਰਾਬਰ ਫ੍ਰਾਂਸੀਸੀ ਵਿੱਚ ਕੋਈ ਸੰਕਲਪ ਨਹੀਂ ਹਨ ਜਾਂ ਫਿਰ ਅੰਗ੍ਰੇਜ਼ੀ ਦੇ 'light blue' ਜਾਂ 'dark blue' ਇੱਕੋ ਰੰਗ ਦੇ ਦੋ ਰੂਪ ਹਨ ਪਰ ਰੂਸੀ ਭਾਸ਼ਾ ਵਿੱਚ ਇਹ ਦੋਵੇਂ ਬਿਲਕੁਲ ਵੱਖਰੇ-ਵੱਖਰੇ ਦੋ ਰੰਗ ਹਨ।ਭਾਸ਼ਾਵਾਂ ਵਰਤਮਾਨ ਵਸਤੂਆਂ ਦਾ ਸਿਰਫ਼ ਨਾਮਕਰਣ ਨਹੀਂ ਹਨ, ਉਹ ਆਪਣੀਆਂ ਸੁਤੰਤਰ ਸੰਕਲਪ ਵਿਧੀਆਂ ਨੂੰ ਉਭਾਰਦੀਆਂ ਹਨ।

ਇਸ ਤੋਂ ਇਲਾਵਾ ਜੇਕਰ ਭਾਸ਼ਾਵਾਂ ਸੁਤੰਤਰ ਸੰਕਲਪਾਂ ਲਈ ਸੰਜੁਗਤ ਨਾਮਾਵਲੀਆਂ ਹੀ ਹੁੰਦੀਆਂ ਤਾਂ ਕਿਸੇ ਭਾਸ਼ਾ ਦੇ ਇਤਿਹਾਸਕ ਵਿਕਾਸ ਵਿੱਚ ਸੰਕਲਪ ਸਦਾ ਸਥਿਰ ਰਹਿੰਦੇ। ਪਰ ਇਸ ਤੋਂ ਉਲਟ ਚਿੰਨ੍ਹਕਾਂ ਦਾ ਜਨਮ ਹੁੰਦਾ ਹੈ ਅਤੇ ਕਿਸੇ ਸੰਕਲਪ ਲਈ ਨਿਸ਼ਚਿਤ ਧੁਨੀਆਂ ਦੀ ਖ਼ਾਸ ਤਰਤੀਬ ਵਿੱਚ ਵਿਕਾਸ ਪੈਦਾ ਹੁੰਦੇ ਹਨ ਅਤੇ ਇਸ ਤੋਂ ਅੱਗੇ ਧੁਨੀਆਂ ਦੀ ਮੌਜੂਦਾ ਤਰਤੀਬ ਕਿਸੇ ਨਵੇਂ ਵੱਖਰੇ ਸੰਕਲਪ ਲਈ ਸੰਜੁਗਤ ਕੀਤੀ ਜਾ ਸਕਦੀ ਹੈ। ਨਵੇਂ ਸੰਕਲਪਾਂ ਲਈ ਬਿਲਕੁਲ ਨਵੇਂ ਚਿੰਨ੍ਹ ਚਾਲੂ ਕੀਤੇ ਜਾ ਸਕਦੇ ਹਨ। ਪਰ ਸੰਕਲਪਾਂ ਦੀ ਹੋਂਦ ਭਾਸ਼ਾ ਤੋਂ ਸੁਤੰਤਰ ਹੋਣ ਕਾਰਣ ਉਹ ਭਾਸ਼ਿਕ ਪਰਿਵਰਤਨ ਦੇ ਅਧੀਨ ਨਹੀਂ ਹਨ ।

ਵਾਸਤਵ ਵਿੱਚ ਭਾਸ਼ਾ ਦਾ ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਪੂਰ ਹੈ ਜਿਥੇ ਸੰਕਲਪ ਆਪਣੀਆਂ ਹੱਦਾਂ ਤਬਦੀਲ ਕਰਦੇ ਰਹਿੰਦੇ ਹਨ । ਉਦਾਰਹਣ ਵੱਜੋਂ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ 'cattle' ਕਿਸੇ ਸਮੇਂ ਆਮ ਚੌਪਾਇ 'ਪਸ਼ੂ-ਧਨ' 'ਸੰਪੱਤੀ' ਦੇ ਲਈ ਸੀਮਿਤ ਹੋ ਗਿਆ ਅਤੇ ਅੰਤ ਵਿੱਚ ਅੱਜ ਕਲ ਇਸ ਸ਼ਬਦ ਦਾ ਅਰਥ 'ਪਾਲਤੂ ਪਸ਼ੂ' ਹੀ ਚਾਲੂ ਹੋ ਗਿਆ।ਇਸ ਤੋਂ ਇਲਾਵਾ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਸਿਲਲੇ' ਦਾ ਅਰਥ ਕਿਸੇ ਸਮੇਂ ਪ੍ਰਸੰਨ, ਸੰਪੰਨ ਅਤੇ ਧਾਰਮਿਕ ਵਿਅਕਤੀ ਸੀ ਪਰ ਇਹ ਸੰਕਲਪ ਬਦਲ ਗਿਆ। 16ਵੀਂ ਸਦੀ ਦੇ 'silly' ਦਾ ਅਰਥ ਮਾਸੂਮ, ਬੇਸਹਾਰਾ ਤੇ ਤਰਸਯੋਗ ਵਿਅਕਤੀ ਬਣ ਗਿਆ । ਇਸ ਸੰਕਲਪ ਦਾ ਹੋਰ ਅੱਗੇ ਪਰਿਵਰਤਨ ਜਾਰੀ ਰਿਹਾ ਅਤੇ ਹੁਣ ਸਿੱਧੇ-ਸਾਦੇ, ਮੂਰਖ ਅਤੇ ਬੇਵਕੂਫ ਵਿਅਕਤੀ ਲਈ 'silly' ਪ੍ਰਚਲਿਤ ਹੋ ਗਿਆ ਹੈ। ਸ਼ੁਰੂ ਵਿੱਚ ਜੇਕਰ ਭਾਸ਼ਾ ਮਹਿਜ਼ ਨਾਮਾਵਲੀ ਹੀ ਹੁੰਦੀ ਤਾਂ ਭਿੰਨ-ਭਿੰਨ ਸੰਕਲਪ ਹੀ ਮੌਜੂਦ ਹੁੰਦੇ ਅਤੇ 'silly' ਚਿੰਨ੍ਹਕ ਕਦੇ ਇੱਕ ਸੰਕਲਪ ਨਾਲ ਅਤੇ ਕਦੇ ਦੂਜੇ ਸੰਕਲਪ ਨਾਲ ਨਾ ਸੰਯੁਕਤ ਹੁੰਦਾ। ਪਰ ਸਪਸ਼ਟ ਤੌਰ ਤੇ ਅਜਿਹਾ ਨਹੀਂ ਹੁੰਦਾ । ਜਿਹੜਾ ਸੰਕਲਪ 'silly' ਨਾਲ ਜੋੜਿਆ ਗਿਆ ਸੀ

ਉਸਦਾ ਅਰਥ-ਗਤ ਸਰੂਪ ਹੌਲੀ-ਹੌਲੀ ਇੱਕ ਯੁਗ ਤੋਂ ਦੂਜੇ ਯੁਗ ਤੱਕ ਵੱਖਰੇ-ਵੱਖਰੇ ਢੰਗਾਂ ਨਾਲ ਬਦਲਦਾ ਗਿਆ। ਇਸ ਦੇ ਨਾਲ ਚਿੰਨ੍ਹਕ ਵੀ ਵਿਕਸਿਤ ਹੋਇਆ ਅਤੇ ਇਸ ਵਿੱਚ ਧੁਨੀਆਤਮਕ ਪਰਿਵਰਤਨ ਵੀ ਆਇਆ ।

ਇਸਦਾ ਭਾਵ ਅਰਥ ਕੀ ਹੈ ? ਇਸ ਦਾ ਚਿੰਨ੍ਹ ਦੀ ਆਪਹੁਦਰੀ ਪ੍ਰਕ੍ਰਿਤੀ ਨਾਲ ਕੀ ਸੰਬੰਧ ਹੈ। ਭਾਸ਼ਾ ਨਾਮਾਵਲੀ ਨਹੀਂ ਹੈ ਇਸ ਲਈ ਇਸ ਦੇ ਚਿੰਨ੍ਹਤ (Siginifed) ਪੂਰਣ-ਪ੍ਰਾਪਤ ਸੰਕਲਪ ਨਹੀਂ ਹਨ। ਇਹ ਤਾਂ ਪਰਿਵਰਤਨਸ਼ੀਲ ਸੰਕਲਪ ਹਨ ਜਿਹੜੇ ਭਾਸ਼ਾ ਦੀ ਇੱਕ ਸਥਿਤੀ ਤੋਂ ਦੂਜੀ ਸਥਿਤੀ ਤੱਕ ਬਦਲਦੇ ਰਹਿੰਦੇ ਹਨ ਕਿਉਂ ਜੋ ਚਿੰਨ੍ਹਕ ਅਤੇ ਚਿੰਨ੍ਹਤ ਦਾ ਰਿਸ਼ਤਾ ਆਪਹੁਦਰਾ ਹੈ ਕਿਉਂਕਿ ਇਕ ਵਿਸ਼ੇਸ਼ ਚਿੰਨ੍ਹਕ ਨਾਲ ਬਿਨਾਂ ਕਿਸੇ ਦਲੀਲ ਤੋਂ ਕਿਸੇ ਵੀ, ਸੰਕਲਪ ਨੂੰ ਜੋੜ ਦਿੱਤਾ ਜਾਂਦਾ ਹੈ।ਇਸ ਲਈ ਉਸ ਚਿੰਨ੍ਹਕ ਦੇ ਵਿਸ਼ੇਸ਼ ਚਿੰਨ੍ਹਤ ਨੂੰ ਸੰਯੁਕਤ ਕਰਨ ਵਾਸਤੇ ਸੰਕਲਪ ਨੂੰ ਪਰਿਭਾਸ਼ਿਤ ਕਰਨ ਦਾ ਕੋਈ ਆਧਾਰ ਨਹੀਂ ਹੈ। ਕਿਸੇ ਇੱਕ ਚਿੰਨ੍ਹਕ ਨਾਲ ਸੰਯੁਕਤ ਕੀਤਾ ਚਿੰਨ੍ਹਤ ਕੋਈ ਵੀ ਸ਼ਕਲ ਅਖ਼ਤਿਆਰ ਕਰ ਸਕਦਾ ਹੈ । ਅਰਥ ਦਾ ਐਸਾ ਕੋਈ ਬੁਨਿਆਦੀ ਤੱਤ ਨਹੀਂ ਹੈ, ਜੋ ਉਸ ਚਿੰਨ੍ਹਕ ਦੇ ਚਿੰਨ੍ਹਤ ਬਣਾਉਣ ਲਈ ਬਹੁਤ ਜ਼ਰੂਰੀ ਹੋਵੇ। ਚਿੰਨ੍ਹਕ ਤੇ ਚਿੰਨ੍ਹ ਦੇ ਆਪਹੁਦਰੇ ਰਿਸ਼ਤੇ ਦਾ ਭਾਵ ਇਹ ਹੈ ਕਿ ਵਿਸ਼ਵ ਵਿਆਪੀ ਸੰਕਲਪ ਅਤੇ ਵਿਸ਼ਵ ਵਿਆਪੀ ਚਿੰਨ੍ਹ ਨਿਸ਼ਚਿਤ ਨਹੀਂ ਹਨ, ਇਸ ਲਈ ਚਿੰਤਨ ਅਤੇ ਚਿੰਨ੍ਹ ਆਪਹੁਦਰੇ ਹਨ।

### ਮੂਲ ਸਿੱਧਾਂਤ ਨੰਬਰ 2 : ਚਿੰਨ੍ਹਕ ਦੀ ਰੇਖਾਤਮਕ ਪ੍ਰਕਿਰਤੀ
### (Principal No 2 : the linear nature of signifier)

ਅਸਲ ਵਿੱਚ ਰੇਖਾਤਮਕ ਗੁਣ ਚਿੰਨ੍ਹ ਦਾ ਨਹੀਂ, ਚਿੰਨ੍ਹਕ ਦਾ ਹੁੰਦਾ ਹੈ । ਚਿੰਨ੍ਹ ਸੁਣਨ-ਯੋਗ ਹੁੰਦਾ ਹੈ। ਚਿੰਨ੍ਹਕ ਦੀ ਹੋਂਦ ਸਮੇਂ ਵਿੱਚ ਹੁੰਦੀ ਹੈ, ਇਸ ਲਈ ਇਹ ਕਿਸੇ ਵੀ ਸਮੇਂ ਬੋਲਿਆ ਜਾ ਸਕਦਾ ਹੈ। ਇਸ ਤੋਂ ਚਿੰਨ੍ਹਕ ਦੇ ਹੋਰ ਗੁਣ ਪ੍ਰਾਪਤ ਕਰਦਾ ਹੈ –

(1) ਇਹ ਸਮਾਂ-ਵਿੱਥ ਦੀ ਪ੍ਰਤਿਨਿਧਤਾ ਕਰਦਾ ਹੈ, ਅਰਥਾਤ ਚਿੰਨ੍ਹਕ ਕਾਲਕਤਾ ਦਾ ਪ੍ਰਤਿਨਿਧ ਹੈ।

(2) ਉਸ ਸਮਾਵਿਥ ਨੂੰ ਅਸੀਂ ਇਕੋ ਪਸਾਰ ਵਿੱਚ ਵੇਖ ਸਕਦੇ ਹਾਂ ਅਰਥਾਤ ਚਿੰਨ੍ਹਕ ਰੇਖਾਤਮਕ (linear) ਹੁੰਦਾ ਹੈ, ਕਿਉਂ ਜੋ ਉਹ ਇੱਕ ਲਾਈਨ ਵਿੱਚ ਸੰਗਲੀ ਦੀ ਲੜੀ ਦੀ ਤਰ੍ਹਾਂ ਇੱਕ ਦੂਜੇ ਤੋਂ ਬਾਅਦ ਉਚਾਰੇ ਜਾਂਦੇ ਹਨ। ਭਾਵੇਂ ਇਹ ਮੂਲ ਸਿਧਾਂਤ (ਨੰਬਰ 2) ਬਹੁਤ ਹੀ ਸਾਧਾਰਨ ਹੈ ਪਰ ਇਹ ਓਨਾ ਹੀ ਮਹੱਤਵ-ਪੂਰਨ ਹੈ ਜਿੰਨਾ ਕਿ ਨੰਬਰ ਇੱਕ ਸਿੱਧਾਂਤ। ਭਾਸ਼ਾ ਦੀ ਸਾਰੀ ਮਸ਼ੀਨਰੀ ਇਸ ਤੇ ਨਿਰਭਰ ਕਰਦੀ ਹੈ।

ਚਿੰਨਕ ਦੋ ਤਰ੍ਹਾਂ ਦੇ ਹੋ ਸਕਦੇ ਹਨ – ਦਰਸ਼ਨੀ ਚਿੰਨ੍ਹਕ (visual signifiers) ਅਤੇ ਸ੍ਰਵਣੀ ਚਿੰਨ੍ਹਕ (auditory signifiers)। ਦਰਸ਼ਨੀ ਚਿੰਨ੍ਹਕ (ਜਿਵੇਂ ਸੜਕਾਂ ਜਾਂ ਰੇਲਵੇ ਦੇ ਸਿਗਨਲ) ਇੱਕੋ ਸਮੇਂ ਗਰੁਪਾਂ ਵਿੱਚ ਵੇਖੇ ਜਾ ਸਕਦੇ ਹਨ ਪਰ ਸ੍ਰਵਣੀ ਚਿੰਨ੍ਹਕ (ਭਾਸ਼ਾਈ ਸ਼ਬਦ ਆਦਿ) ਸਿਰਫ਼ ਸਮੇਂ ਦਾ ਪਾਸਾਰ ਹੀ ਰੱਖਦੇ ਹਨ । ਸ੍ਰਵਣੀ ਚਿੰਨਕਾਂ ਨੂੰ ਇੱਕ ਰੇਖਾ ਵਿੱਚ ਰੱਖਿਆ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਦੀ ਇੱਕ ਲੜੀ ਜਾਂ ਸੰਗਲੀ ਬਣ ਜਾਂਦੀ ਹੈ। ਇਸ ਆਧਾਰ ਤੇ ਚਿੰਨ੍ਹਕ ਰੇਖਾਤਮਕ ਜਾਂ ਸੰਗਲੀਮੂਲਕ ਹਨ।

ਸ੍ਰਵਣੀ ਚਿੰਨ੍ਹਕਾਂ ਦਾ ਇਹ ਗੁਣ ਉਦੋਂ ਸਪਸ਼ਟ ਹੋ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਕਿਸੇ ਲਿਖਤ ਵਿੱਚ ਲਿਖਿਆ ਜਾਂਦਾ ਹੈ ਅਤੇ ਲਿਖਤੀ ਅੱਖਰਾਂ ਦੇ ਵਿਚਕਾਰ ਸਥਾਨਗਤ ਵਿੱਥਾਂ ਦਿਸਦੀਆਂ ਹਨ ਜੋ ਬੋਲਣ ਵੇਲੇ ਕਾਲਗਤ ਵਿੱਥਾਂ ਵਿੱਚ ਪਲਟ ਜਾਂਦੀਆਂ ਹਨ। ਭਾਸ਼ਕ ਖੰਡਾਂ ਦੀਆਂ ਸ਼ਰੇਣੀਆਂ ਬਣ ਸਕਦੀਆਂ ਹਨ। ਚਿੰਨ੍ਹਕਾਂ ਦੇ ਤੱਤ ਇੱਕ ਦੂਜੇ ਤੋਂ ਬਾਅਦ ਇੱਕ ਤਰਤੀਬ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਦੀ ਸੰਗਲੀ ਬਣ ਜਾਂਦੀ ਹੈ । ਬੋਲਣ ਵਿੱਚ ਇਹ ਸੰਗਲੀ ਕਾਲਿਕ

(temporal) ਤੇ ਲਿਖਣ ਵਿੱਚ ਸਥਾਨਿਕ (spaital) ਹੁੰਦੀ ਹੈ। ਲਿਖਤੀ symbols ਉੱਤਮ ਵੰਨਗੀਆਂ ਹਨ ਜੋ ਇੱਕ ਤੋਂ ਬਾਅਦ ਦੂਜਾ ਕ੍ਰਮਵਾਰ ਆਉਂਦੇ ਹਨ। ਉਨ੍ਹਾਂ ਵਿੱਚ ਸਿਰਫ਼ ਸਮੇਂ ਦੀ ਹੱਦ ਹੀ dimension ਹੈ ।

ਇਸ ਤੋਂ ਉਪਰੰਤ ਸੌਸਿਊਰ ਨੇ ਚਿੰਨ੍ਹਕ ਅਤੇ ਚਿੰਨ੍ਹਤ ਦੀ ਪਰਿਭਾਸ਼ਾ ਦਾ ਪ੍ਰਸ਼ਨ ਉਠਾਇਆ ਜਿਸ ਦੇ ਉੱਤਰ ਵਿੱਚ ਬਹੁਤ ਹੀ ਮਹੱਤਵਪੂਰਣ ਸਿਧਾਂਤ ਉਤਪੰਨ ਹੋਇਆ।

ਚਿੰਨ੍ਹਕ ਤੇ ਚਿੰਨ੍ਹਤ

ਸੌਸਿਊਰ ਨੇ ਕਈਆਂ ਵਿਧੀਆਂ ਨਾਲ ਇਹ ਦੱਸਿਆ ਹੈ ਕਿ 'ਚਿੰਨ੍ਹ' ਧੁਨੀ-ਬਿੰਬ (sound-image) ਅਤੇ ਸੰਕਲਪ (concept) ਦੀ ਸੰਜੁਗਤੀ ਹੈ। ਚਿੰਨ੍ਹ ਦੀ ਇਸ ਪਰਿਭਾਸ਼ਾ ਤੋਂ ਪਰਿਭਾਸ਼ਿਕ ਸ਼ਬਦਾਵਲੀ (terminology) ਦਾ ਸਵਾਲ ਉਠ ਖੜਾ ਹੁੰਦਾ ਹੈ। ਆਮ ਵਰਤੋਂ ਵੇਲੇ ਚਿੰਨ੍ਹ ਦਾ ਮਤਲਬ ਸਿਰਫ 'ਸ਼ਬਦ ਅਰਥਾਤ ਧੁਨੀ-ਬਿੰਬ ਹੀ ਲਿਆ ਜਾਂਦਾ ਹੈ ਜਿਵੇਂ 'ਬਿਰਛ' ਇੱਕ ਚਿੰਨ੍ਹ ਅਰਥਾਤ ਇੱਕ ਸਬਦ/ਲਫਜ਼ ਹੈ। ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ 'ਬਿਰਛ' ਨੂੰ ਚਿੰਨ੍ਹ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ 'ਬਿਰਛ' ਸੰਕਲਪ ਨੂੰ ਵੀ ਪ੍ਰਗਟ ਕਰਦਾ ਹੈ, ਸਿਰਫ਼ ਧੁਨੀ-ਬਿੰਬ ਜਾਂ ਧੁਨੀ-ਤਰਤੀਬ ਹੀ ਨਹੀਂ ਹੈ। ਸੌਸਿਊਰ ਨੇ ਇਸ ਭੁਲੇਖੇ ਤੇ ਅਸਪਸ਼ਟਤਾ ਨੂੰ ਦੂਰ ਕਰਨ ਲਈ ਇੱਕ ਸੁਝਾ ਦਿੱਤਾ ਕਿ ਇਹ ਅਸਪਸ਼ਟਤਾ ਫੋਰਨ ਦੂਰ ਹੋ ਸਕਦੀ ਹੈ ਜਦ ਅਸੀਂ ਇਨ੍ਹਾਂ ਤਿੰਨਾਂ ਵਿਸ਼ਿਆਂ ਦੇ ਤਕਨੀਕੀ ਨਾਮ ਰੱਖ ਲੈਂਦੇ ਹਾਂ । ਧੁਨੀ-ਬਿੰਬ ਨੂੰ ਚਿੰਨ੍ਹਕ, ਸੰਕਲਪ/ਅਰਥ ਨੂੰ ਚਿੰਨਤ ਅਤੇ ਚਿੰਨ੍ਹ ਨੂੰ ਚਿੰਨ੍ਹ ਨਾਮ ਹੀ ਬਰਕਰਾਰ ਰੱਖਿਆ ਜਾ ਸਕਦਾ ਹੈ। ਸੋ ਚਿੰਨ੍ਹ-ਵਿਗਿਆਨ ਦੇ ਪ੍ਰਕਰਨ ਵਿਚ sound images ਦਾ ਨਾਮ 'ਚਿੰਨ੍ਹਕ' ਅਤੇ concept ਦਾ ਨਾਮ 'ਚਿੰਨ੍ਹਤ' ਸਥਾਪਿਤ ਕੀਤਾ ਗਿਆ।ਅੰਗਰੇਜ਼ੀ ਭਾਸ਼ਾ ਵਿੱਚ ਇਹ ਤਿੰਨੋ sign, signifier ਅਤੇ signified ਨਾਵਾਂ ਹੇਠ ਪ੍ਰਚਲਿਤ ਹੋਏ ਜੋ ਫ੍ਰੈਂਚ ਭਾਸ਼ਾ ਦੇ ਇਨ੍ਹਾਂ ਸ਼ਬਦਾਂ signe, signifiant ਅਤੇ signifie ਦੇ ਤਰਤੀਬਵਾਰ ਉਲਥੇ ਹਨ।

ਇਨ੍ਹਾਂ ਪਦਾਂ ਦੀ ਹੋਰ ਤਸ਼ਰੀਹ ਕਰਨ ਤੋਂ ਪਹਿਲਾਂ ਸੌਸਿਊਰ ਦੇ ਮੁੱਢਲੇ ਭਾਸ਼ਾ-ਸੰਕਲਪ ਉੱਤੇ ਇੱਕ ਵਾਰ ਮੁੜ ਪਿੱਛਲ-ਝਾਤ ਪਾਉਣ ਦੀ ਖੁਸ਼ੀ ਲੈਂਦੇ ਹਾਂ। ਸੌਸਿਊਰ ਦਾ ਮਤ ਹੈ ਕਿ ਭਾਸ਼ਾ ਇੱਕ ਐਸੀ ਚਿੰਨ੍ਹ-ਪ੍ਰਣਾਲੀ ਹੈ, ਜੋ ਮਾਨਵੀ ਮਾਨਸਿਕਤਾ ਦਾ ਸਮੂਰਤ ਰੂਪ ਹੈ । ਇਸ ਦੇ ਅੰਤਰਗਤ ਸਾਰੀ ਗੱਲ ਨੂੰ ਸਮਝਣ ਲਈ ਚਿੰਨ੍ਹ ਨੂੰ ਕੇਂਦਰ ਵਿੱਚ ਰੱਖਿਆ ਜਾਂਦਾ ਹੈ ਅਤੇ ਚਿੰਨ੍ਹ ਦੇ ਤਿੰਨ ਭਾਗ ਕਰਦਿਆਂ ਚਿੰਨ੍ਹ, ਚਿੰਨ੍ਹਕ, ਅਤੇ ਚਿੰਨ੍ਹਤ ਵਿੱਚ ਵੰਡਿਆ ਜਾਂਦਾ ਹੈ ਅਤੇ ਇਸ ਤੋਂ ਉਪਰੰਤ ਇਹ ਦ੍ਰਿੜ ਕੀਤਾ ਜਾਂਦਾ ਹੈ ਕਿ ਚਿੰਨ੍ਹਕ ਤੇ ਚਿੰਨ੍ਹਤ ਦਾ ਆਪਸੀ ਰਿਸ਼ਤਾ ਨਾ ਤਾਂ ਕੁਦਰਤੀ ਹੁੰਦਾ ਹੈ ਨਾ ਤਰਕਸ਼ੀਲ ਸਗੋਂ ਸੰਜੋਗੀ ਤੇ ਮਸਨੂਈ ਹੁੰਦਾ ਹੈ।ਇਉਂ ਭਾਸ਼ਾ ਦਾ ਦੇਸ਼ ਹੀ ਚਿੰਨ੍ਹਾਂ ਦਾ ਦੇਸ਼ ਹੈ।ਭਾਸ਼ਾ ਦੀ ਹੋਂਦ ਚਿੰਨ੍ਹਾਂ ਤੋਂ ਬਿਨਾਂ ਸੰਭਵ ਨਹੀਂ। ਭਾਸ਼ਾ ਮਹਿਜ਼ ਵਸਤੂਆਂ ਨੂੰ ਦਿੱਤੇ ਨਾਮਾਂ ਦਾ ਸੰਗ੍ਰਹਿ ਨਹੀਂ, ਨਾ ਹੀ ਇਹ ਨਾਵਾਂ ਦੀ ਸੂਚੀ ਹੈ, ਸਗੋਂ ਇਹ ਇੱਕ ਤਰ੍ਹਾਂ ਦਾ ਚਿੰਨ੍ਹੀਕਰਨ ਹੈ । 'ਸ਼ਬਦ' ਨੂੰ ਚਿੰਨ੍ਹ ਕਹਿ ਕੇ ਉਸ ਨੇ ਭਾਸ਼ਾ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਬਲਕਿ ਚਿੰਨ੍ਹ ਨੂੰ ਭਾਸ਼ਕ ਸਿਸਟਮ ਦੀ ਮੂਲ ਇਕਾਈ ਮੰਨ ਕੇ ਹੀ ਭਾਸ਼ਾ ਦਾ ਅਧਿਐਨ ਕੀਤਾ ਹੈ। ਚਿੰਨ੍ਹ, ਚਿੰਨ੍ਹਤ ਤੇ ਚਿੰਨ੍ਹਕ (ਅਰਥ ਤੇ ਰੂਪ ਦੀ ਸੰਜੁਗਤ ਹੋਂਦ) ਹੈ। ਚਿੰਨ੍ਹਤ ਤੇ ਚਿੰਨ੍ਹਕ ਇੱਕ ਦੂਜੇ ਨਾਲ ਆਪਹੁਦਰੇ ਸੰਬੰਧ ਵਿੱਚ ਬੱਝੇ ਹੋਏ ਹਨ। ਇਹ ਸੰਬੰਧ ਕੁਦਰਤੀ ਨਹੀਂ, ਆਪਹੁਦਰੇ ਜਾਂ ਸੰਜੋਗੀ ਹਨ। ਚਿੰਨ੍ਹਾਂ ਦੇ ਸਿਸਟਮ ਦਾ ਭੇਦ ਕੀ ਆਧਾਰ ਹੈ,ਜੋ ਇਨ੍ਹਾਂ ਨੂੰ ਵੱਖਰੇ-ਵੱਖਰੇ ਅਰਥਾਂ ਨਾਲ ਸੰਬੰਧਤ ਕਰਦਾ ਹੈ।

ਸੋਸਿਊਰ ਨੇ 'ਚਿੰਨ੍ਹ ਦਾ ਡੂੰਘਾ ਵਿਸ਼ਲੇਸ਼ਨ ਕੀਤਾ ਹੈ ਪਰੰਤੂ ਚਿੰਨ੍ਹਕ ਅਤੇ ਚਿੰਨ੍ਹਤ (singifier & signified) ਬਾਰੇ ਇਸ਼ਾਰਾ ਮਾਤਰ ਹੀ ਕੀਤਾ ਹੈ। ਪਰ ਮਗਰਲੇ ਸਿਧਾਂਤਕ ਭਾਸ਼ਾ ਵਿਗਿਆਨ ਚਿੰਨ੍ਹ-ਵਿਗਿਆਨੀਆਂ ਅਤੇ ਭਾਸ਼ਾ-ਵਿਗਿਆਨੀਆਂ ਨੇ ਇਨ੍ਹਾਂ ਪਦਾਂ ਦਾ ਭਰਪੂਰ ਨਿਰੂਪਣ ਕੀਤਾ।ਇਨ੍ਹਾਂ ਵਿਦਵਾਨਾਂ ਵਿੱਚ Roland Barthes, Pierre

Guiraud, Hawkes, Eco, Robert, Scholes, Shukman, Maria Corit, T.A. Sebeok, ਆਦਿ ਹਨ। ਇਨ੍ਹਾਂ ਵਿਦਵਾਨਾਂ ਦੇ ਵਿਚਾਰਾਂ ਦੇ ਪਰਿਪੇਖ ਵਿੱਚ ਡਾ. ਓਮ ਪ੍ਰਕਾਸ਼ ਵਸਿਸਟ ਗੁਰੂ ਨਾਨਕ ਬਾਣੀ ਦਾ ਚਿੰਨ੍ਹ-ਵਿਗਿਆਨਿਕ ਅਧਿਐਨ, 1986) ਨੇ ਲਿਖਿਆ ਹੈ:-

'ਚਿੰਨ੍ਹਕ ਉਹ ਤੱਤ ਜਾਂ ਤੱਤ-ਸਮੂਹ ਹੈ, ਜਿਹੜਾ ਪ੍ਰਤੱਖਣ ਦੀ ਪੱਧਰ ਉੱਤੇ ਚਿੰਨ੍ਹਕਾਰੀ ਦੀ ਬਾਹਰੀ ਆਕ੍ਰਿਤੀ ਨੂੰ ਸੰਭਵ ਬਣਾਉਂਦਾ ਹੈ । ਚਿੰਨ੍ਹਤ ਦਾ ਭਾਵ ਉਹ ਚਿੰਨਕਾਰੀ ਹੈ, ਜਿਹੜੀ ਚਿੰਨ੍ਹਤ ਦੇ ਅੰਤਰਗਤ ਆਉਂਦੀ ਹੈ ਅਤੇ ਚਿੰਨ੍ਹਕ ਦੀ ਹੋਂਦ ਕਰਕੇ ਦ੍ਰਿਸ਼ਟੀਗੋਚਰ ਹੁੰਦੀ ਹੈ। ਸੌਸਿਊਰ ਦੇ ਇਸ ਸਿਧਾਂਤ ਨੂੰ ਜੇ ਸਧਾਰਨ ਸ਼ਬਦਾਂ ਵਿੱਚ ਪ੍ਰਗਟ ਕਰਨਾ ਹੋਵੇ ਤਾਂ ਅਸੀਂ ਚਿੰਨ੍ਹ ਨੂੰ ਸ਼ਬਦ ਅਤੇ ਉਸ ਵਿੱਚ ਸ਼ਾਮਲ ਸੰਕਲਪ ਜਾਂ ਚਿੰਨ੍ਹਤ ਨੂੰ ਅਰਥ ਮੰਨ ਸਕਦੇ ਹਾਂ । ਸੋਸਿਊਰ ਨੇ ਸ਼ਬਦ ਦੀ ਥਾਂ ਚਿੰਨ੍ਹ ਪਦ ਦਾ ਪ੍ਰਯੋਗ ਕਰਕੇ ਚਿੰਨ੍ਹਕ (ਧੁਨੀ-ਬਿੰਬ) ਅਤੇ ਚਿੰਨ੍ਹਤ (ਸੰਕਲਪ) ਦੀ ਅਨਿਖੜ ਹੋਂਦ ਉੱਤੇ ਜ਼ੋਰ ਦਿੱਤਾ... ਰੋਲਾਂ ਬਾਰਤ ਦਾ ਮਤ ਹੈ ਕਿ ਚਿੰਨ੍ਹਕਾਂ ਦਾ ਸਤਰ ਅਭਿਵਿਅਕਤੀ ਸਤਰ (expression level) ਹੈ ਅਤੇ ਚਿੰਨ੍ਹਤਾਂ ਦਾ ਸਤਰ ਸਾਰ-ਤੱਤ (content level) ਦਾ ਸਤਰ ਹੈ। ਚਿੰਨ੍ਹਕ ਧੁਨੀ-ਬਿੰਬ ਹੋਣ ਕਾਰਨ ਮਧਿਅਸਥ/ਵਿਚੋਲੇ ਦਾ ਰੋਲ ਅਦਾ ਕਰਦਾ ਹੈ । ਉਸ ਵਾਸਤੇ ਕੋਈ ਵਿਸ਼ੈ-ਵਸਤੂ ਹੋਣਾ ਜ਼ਰੂਰੀ ਹੈ ਸਾਰੇ ਚਿੰਤਕ ਇਸ ਗੱਲ ਤੇ ਸਹਿਮਤ ਹਨ ਕਿ ਚਿੰਨ੍ਹਤ 'ਵਸਤ' ਨਹੀਂ ਬਲਕਿ ਵਸਤ ਦਾ ਮਾਨਸਿਕ ਬਿੰਬ ਹੈ। ਸੌਸਿਊਰ ਨੇ ਆਪ ਵੀ ਚਿੰਨ੍ਹਤ ਦੀ ਮਾਨਸਿਕ ਪ੍ਰਕਿਰਤੀ ਦਾ ਉੱਲੇਖ ਕੀਤਾ ਹੈ ਅਤੇ ਇਸ ਨੂੰ 'ਸੰਕਲਪ' ਕਿਹਾ ਹੈ। ਸ਼ਬਦ 'ਮੋਰ' ਪੰਛੀ 'ਮੋਰ' ਨਹੀਂ ਬਲਕਿ ਇਸ ਦਾ ਮਾਨਸਿਕ ਬਿੰਬ (psychological impression) ਅਰਥਾਤ ਛਾਪ ਹੈ । ਚਿੰਨ੍ਹਤ, ਚਿੰਨ੍ਹਕ ਨਾਲੋਂ ਇਸ ਗੱਲੋਂ ਵਿਰੋਧ ਵਿੱਚ ਹੈ ਕਿ ਚਿੰਨ੍ਹਕ ਵਿਚੋਲਾ ਹੈ ਅਤੇ ਚਿੰਨ੍ਹਤ ਮਨਜ਼ਿਲ ਹੈ ।

ਉਪਰੋਕਤ ਸਾਰੀ ਚਰਚਾ ਦਾ ਨਿਚੋੜ ਇਹ ਹੈ :-
(Siginifer) : ਚਿੰਨ੍ਹਕ (ਧੁਨੀ-ਬਿੰਬ) ਬਾਹਰੀ ਆਕਾਰ ਹੈ ।
ਚਿੰਨ੍ਹਕ ਇੱਕ ਵਿਚੋਲਾ (meidator) ਹੈ, ਜਿਸ ਰਾਹੀਂ ਚਿੰਨ੍ਹਤ ਤੱਕ ਅਪੜਿਆਂ ਜਾਂਦਾ ਹੈ।
ਚਿੰਨ੍ਹਕ ਦਾ ਸਤਰ ਅਭਿਵਿਅਕਤੀ ਸਤਰ (expression level) ਹੈ।
ਚਿੰਨ੍ਹਕ ਕਿਸੇ ਵਸਤੂ, ਵਿਚਾਰ ਜਾਂ ਸੰਕਲਪ ਦਾ ਪ੍ਰਗਟਾਉ ਹੈ। ਚਿੰਨ੍ਹਕ ਚਿੰਨ੍ਹਤ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ।
ਚਿੰਨ੍ਹਕ ਕਿਸੇ ਵਿਸ਼ੇ-ਵਸਤੂ (ਚਿੰਨ੍ਹਤ) ਦਾ ਚਿੰਨ੍ਹੀਕਰਨ ਕਰਦਾ ਹੈ। ਚਿੰਨ੍ਹਕ ਦੀ ਚੋਣ ਸਬੰਧਤ ਭਾਸ਼ਾ-ਸਮਾਜ ਵਿੱਚ ਨਿਸ਼ਚਿਤ ਹੁੰਦੀ ਹੈ।
ਚਿੰਨ੍ਹਕ ਸਦਾ ਸਮੂਰਤ (concrete) ਹੁੰਦਾ ਹੈ ।

(signified) : ਚਿੰਨ੍ਹਤ ਸੰਕਲਪ (concept) ਜਾਂ ਅਰਥ ਦਾ ਹੀ ਨਾਮ ਹੈ ।

ਚਿੰਨ੍ਹਤ ਵਸਤੂ ਨਹੀਂ ਹੈ ਬਲਕਿ ਵਸਤੂ ਦੀ ਮਨੋਵਿਗਿਆਨਿਕ ਛਾਪ ਹੈ।
'ਮੋਰ' ਚਿੰਨ੍ਹਕ ਦਾ ਚਿੰਨ੍ਹਤ ਕੋਈ ਜਨੌਰ ਨਹੀਂ ਸਗੋਂ ਮੋਰ ਵਸਤੂ ਦਾ ਮਨੋਬਿੰਬ ਹੀ ਹੈ।
ਚਿੰਨ੍ਹਤ, ਚਿੰਨ੍ਹਕ ਦੀ ਵਿਚੋਲਗੀ ਨਾਲ ਹੀ ਪ੍ਰਤੀਤ ਹੁੰਦਾ ਹੈ।
ਚਿੰਨ੍ਹਤ ਚਿੰਨ੍ਹੀਕਿਰਤ 'ਅਰਥ' ਹੈ ।
ਚਿੰਨ੍ਹਤ ਦੀ ਹੋਂਦ ਚਿੰਨ੍ਹਕ ਤੋਂ ਬਗੈਰ ਸੰਭਵ ਨਹੀਂ।
ਚਿੰਨ੍ਹਤ ਦਾ ਸਤਰ ਸਾਰ (content) ਦਾ ਸਤਰ ਹੈ।
ਚਿੰਨ੍ਹਤ ਤੇ ਚਿੰਨ੍ਹਕ ਇੱਕ ਦੂਜੇ ਨਾਲ ਆਪਹੁਦਰੇ ਮਸਨੂਈ ਸੰਬੰਧ ਵਿੱਚ ਬੱਝੇ ਹੋਏ ਹਨ।

ਚਿੰਨ੍ਹਤ ਤੇ ਚਿੰਨ੍ਹਕ ਦਾ ਸੰਬੰਧ ਕਮਿਕ ਤਰਤੀਬ ਦਾ ਸੰਬੰਧ ਨਹੀਂ ਬਲਿਕ ਸਹਿਸੰਬੰਧ ਹੈ ਜੋ ਤੁੱਲਤਾ (epiuvalence) ਦਾ ਹੈ ।
ਚਿੰਨ੍ਹਤ ਸਦਾ ਅਮੂਰਤ (abstract) ਹੁੰਦਾ ਹੈ ।

ਡਾ. ਰਵਿੰਦਰ ਸਿੰਘ ਰਵੀ (ਵਿਰਸਾ ਤੇ ਵਰਤਮਾਨ, 1986 : 171) ਨੇ ਇਸ ਸੰਕਲਪ ਦੀ ਸਾਰੀ ਵਿਥਿਆ ਦਾ ਬੜੇ ਹੀ ਸੰਖੇਪ ਢੰਗ ਨਾਲ ਮੁਕੰਮਲ ਬਿਆਨ ਕੀਤਾ ਹੈ।ਡਾ. ਰਵੀ ਨੇ ਲਿਖਿਆ ਹੈ – ਭਾਸ਼ਾਈ ਚਿੰਨ੍ਹ ਦੁਪੱਖੀ ਮਨੋਵਿਗਿਆਨਕ ਇਕਾਈ ਹੈ।ਮਸਲਨ 'ਗਊ ਇੱਕ ਭਾਸ਼ਾਈ ਚਿੰਨ੍ਹ ਦੇ ਰੂਪ ਵਿੱਚ ਸੰਕਲਪ (ਵਿਸ਼ੇਸ਼ ਜਾਨਵਰ) ਹੈ, ਅਤੇ ਇਸਦੇ ਉੱਚਾਰਨ ਜਾਂ ਸੁਣਨ ਤੋਂ ਸਾਡੇ ਜ਼ਿਹਨ ਵਿੱਚ ਪੈਦਾ ਹੋਣ ਵਾਲੇ ਮਾਨਸਿਕ ਬਿੰਬ (ਧੁਨੀ ਬਿੰਬ) ਦਾ ਸੁਮੇਲ ਹੈ ਨਾ ਕਿ ਕਿਸੇ ਨਾਮ ਅਤੇ ਵਸਤੂ ਦਾ ਸੁਮੇਲ ਜਿਵੇਂ ਸਾਧਾਰਣ ਰੂਪ ਵਿੱਚ ਸਮਝ ਲਿਆ ਜਾਂਦਾ ਹੈ, ਭਾਸ਼ਾਈ ਚਿੰਨ੍ਹ ਦੇ ਦੋ ਪੱਖਾਂ ਸੰਕਲਪ ਅਤੇ ਧੁਨੀ ਬਿੰਬ ਨੂੰ ਸੋਸਿਊਰ ਤਕਨੀਕੀ ਸਬਦਾਂ ਵਿੱਚ ਕ੍ਰਮਵਾਰ ਚਿੰਨ੍ਹਤ ਅਤੇ ਚਿੰਨ੍ਹਕ ਦਾ ਨਾਂ ਦੇਂਦਾ ਹੈ ਅਰਥਾਤ ਸਾਧਾਰਣ ਰੂਪ ਵਿੱਚ ਇੱਕ ਭਾਸ਼ਾਈ ਚਿੰਨ੍ਹ = ਚਿੰਨ੍ਹਤ+ਚਿੰਨ੍ਹਕ । . . . ਇਸ ਦੇ ਨਾਲ ਹੀ ਉਹ ਅਮਲ ਜਿਹੜਾ ਚਿੰਨ੍ਹਤ ਅਤੇ ਚਿੰਨ੍ਹਕ ਨੂੰ ਆਪਸ ਵਿੱਚ ਜੋੜਦਾ ਹੈ ਅਤੇ ਚਿੰਨ੍ਹ ਦੀ ਸਿਰਜਨਾ ਦਾ ਕਾਰਣ ਬਣਦਾ ਹੈ ਉਸ ਨੂੰ 'ਚਿੰਨ੍ਹਨ ਜਾਂ ਚਿੰਨ੍ਹੀਕਰਣ (signification) ਨਾਂ ਦਿੱਤਾ ਗਿਆ ਹੈ।

**M.A (PUNJABI) SEMESTER-II**

**ਤੇਹਰਵਾਂ ਪਰਚਾ**

**ਯੂਨਿਟ-ਚੌਥਾ**

**ਚੌਮਸਕੀ ਦੇ ਭਾਸ਼ਾਈ ਸੰਕਲਪ**

1.1 ਭੂਮਿਕਾ
1.1.1 ਪਾਠ ਦਾ ਮੰਤਵ
1.1.2 ਚੌਮਸਕੀ ਦੇ ਭਾਸ਼ਾਈ ਸੰਕਲਪ
1.1.3 ਭਾਸ਼ਾਈ ਯੋਗਤਾ ਅਤੇ ਨਿਭਾਓ
1.1.4 ਗਹਿਨ ਅਤੇ ਸਤਹੀ ਜੁਗਤ
1.1.5 ਵਾਕ-ਉਸਾਰੀ ਨੇਮਾ ਦੇ ਰੂਪਾਂਤਰੀ ਵਰਗ ਅਤੇ ਨੇਮ
1.1.6 ਧੁਨੀ ਰੂਪਾਤਮਕ ਨੇਮ
1.1.7 ਅਭਿਆਸ ਲਈ ਪ੍ਰਸ਼ਨ
1.1.8 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

## 1.1 ਭੂਮਿਕਾ

ਨੌਮ ਚੌਮਸਕੀ ਇੱਕ ਅਮਰੀਕੀ ਭਾਸ਼ਾ ਵਿਗਿਆਨੀ, ਬੋਧ ਵਿਗਿਆਨੀ, ਦਾਰਸ਼ਨਿਕ,ਇਤਿਹਾਸਕਾਰ ਅਤੇ ਸਿਆਸੀ ਆਲੋਚਕ ਹੈ। ਇਸ ਨੂੰ ਆਧੁਨਿਕ ਭਾਸ਼ਾ ਵਿਗਿਆਨ ਦਾ ਪਿਤਾ ਮੰਨਿਆ ਜਾਂਦਾ ਹੈ। ਅੱਜ ਕੱਲ ਉਹ ਮੈਸਾਚੂਸਟਸ ਇੰਸਟੀਚਿਊਟ ਆਫ਼ ਟਕਨਾਲੋਜੀ ਦਾ ਪ੍ਰੋਫ਼ੈਸਰ ਹੈ।ਚੌਮਸਕੀ ਨੂੰ ਜੇਨੇਰੇਟਿਵ ਗਰਾਮਰ ਦੇ ਸਿੱਧਾਂਤ ਦਾ ਪ੍ਰਤੀਪਾਦਕ ਅਤੇ ਵੀਹਵੀਂ ਸਦੀ ਦੇ ਭਾਸ਼ਾ ਵਿਗਿਆਨ ਵਿੱਚ ਸਭ ਤੋਂ ਵੱਡਾ ਯੋਗਦਾਨੀ ਮੰਨਿਆ ਜਾਂਦਾ ਹੈ।ਚੌਮਸਕੀ ਨੇ ਆਪਣੀ ਮੁਢਲੀ ਵਿੱਦਿਆ ਸੈਂਟਰਲ ਸਕੂਲ ਆਫ਼ ਫਿਲਾਡੇਲਫੀਆ ਤੋਂ ਕੀਤੀ ਅਤੇ 1945 ਵਿੱਚ ਯੂਨੀਵਰਸਿਟੀ ਆਫ਼ ਪੈਨਸਿਲਵਾਨੀਆ ਵਿੱਚ ਭਾਸ਼ਾ-ਵਿਗਿਆਨ ਪੜ੍ਹਨ ਚਲੇ ਗਏ। ਇੱਥੇ ਚੌਮਸਕੀ ਦਾ ਸੰਪਰਕ ਪ੍ਰਸਿੱਧ ਭਾਸ਼ਾ-ਵਿਗਿਆਨੀ ਜ਼ੈਲਿਗ ਹੈਰਿਸ ਨਾਲ ਹੋਇਆ, ਜਿਸ ਨੇ ਚੌਮਸਕੀ ਦੀ ਗਿਆਨ-ਸੇਧ ਵਿੱਚ ਵੱਡਾ ਰੋਲ ਅਦਾ ਕੀਤਾ।

ਉਸ ਨੇ ਜਦੋਂ ਮਨੋਵਿਗਿਆਨ ਦੇ ਵਿਗਿਆਨੀ ਬੀ.ਐਫ ਸਕਿਨਰ ਦੀ ਕਿਤਾਬ ਵਰਬਲ ਬਿਹੇਵੀਅਰ ਦੀ ਆਲੋਚਨਾ ਲਿਖੀ, ਜਿਸ ਨੇ 1950 ਦੇ ਦਹਾਕੇ ਵਿੱਚ ਵਿਆਪਕ ਮਾਨਤਾ ਪ੍ਰਾਪਤ ਵਿਵਹਾਰਵਾਦ ਦੇ ਸਿਧਾਂਤ ਨੂੰ ਚੁਨੌਤੀ ਦਿੱਤੀ, ਤਾਂ ਇਸ ਨਾਲ ਕਾਗਨੀਟਿਵ ਮਨੋਵਿਗਿਆਨ ਵਿੱਚ ਇੱਕ ਤਰ੍ਹਾਂ ਦੀ ਕ੍ਰਾਂਤੀ ਦਾ ਜਨਮ ਹੋਇਆ, ਜਿਸ ਨਾਲ ਨਾ ਸਿਰਫ ਮਨੋਵਿਗਿਆਨ ਦਾ ਅਧਿਐਨ ਅਤੇ ਜਾਂਚ ਪ੍ਰਭਾਵਿਤ ਹੋਏ ਸਗੋਂ ਭਾਸ਼ਾ ਵਿਗਿਆਨ, ਸਮਾਜ ਸ਼ਾਸਤਰ ਅਤੇ ਮਾਨਵਸ਼ਾਸਤਰ ਵਰਗੇ ਕਈ ਖੇਤਰਾਂ ਵਿੱਚ ਬੁਨਿਆਦੀ ਤਬਦੀਲੀਆਂ ਆਈਆਂ।1960 ਦੇ ਦਹਾਕੇ ਵਿਚ ਉਸਨੇ ਵਿਅਤਨਾਮ ਜੰਗ ਦੀ ਆਲੋਚਨਾ ਦੀ ਕਿਤਾਬ "ਦ ਰਿਸਪਾਂਸਿਬਿਲਿਟੀ ਆਫ ਇੰਟੇਲੈਕਚੁਅਲਸ"ਲਿਖੀ।ਇਸ ਦੇ ਬਾਅਦ ਚੌਮਸਕੀ ਖਾਸ ਤੌਰ

ਉੱਤੇ ਅੰਤਰਰਾਸ਼ਟਰੀ ਪੱਧਰ ਉੱਤੇ ਮੀਡੀਆ ਦੇ ਆਲੋਚਕ ਅਤੇ ਰਾਜਨੀਤੀ ਦੇ ਵਿਦਵਾਨ ਵਜੋਂ ਜਾਣੇ ਜਾਣ ਲੱਗੇ। ਖੱਬੇ ਪੱਖ ਅਤੇ ਅਮਰੀਕਾ ਦੀ ਰਾਜਨੀਤੀ ਵਿੱਚ ਅੱਜ ਉਹ ਇੱਕ ਤੇਜ਼ ਤਰਾਰ ਚਿੰਤਕ ਵਜੋਂ ਪ੍ਰਸਿਧ ਹਨ।

1.1.2 **ਪਾਠ ਦਾ ਮੰਤਵ:** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨੋਮ ਚੌਮਸਕੀ ਦੇ ਭਾਸ਼ਾਈ ਸੰਕਲਪਾਂ ਨੂੰ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਨੋਮ ਚੌਮਸਕੀ ਨੇ ਜਿੱਥੇ ਭਾਸ਼ਾਈ ਸੰਕਲਪਾਂ ਦੀ ਸਿੱਧਾਂਤਕ ਪੇਸ਼ਕਾਰੀ ਕੀਤੀ ਜਾਂਦੀ ਹੈ, ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਨੋਮ ਚੌਮਸਕੀ ਦੇ ਭਾਸ਼ਾਈ ਸੰਕਲਪਾਂ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ।

## 1.1.2 **ਚੌਮਸਕੀ ਦੇ ਭਾਸ਼ਾਈ ਸੰਕਲਪ**

## 1.1.3 **ਭਾਸ਼ਾਈ ਯੋਗਤਾ ਅਤੇ ਨਿਭਾਓ**

ਭਾਸ਼ਾਈ ਯੋਗਤਾ ਅਤੇ ਨਿਭਾਓ ਸੰਕਲਪ ਚੌਮਸਕੀ ਦੁਆਰਾ ਪੇਸ਼ ਕੀਤੇ ਗਏ ਹਨ। ਇਸ ਤੋਂ ਪਹਿਲਾਂ ਸੌਸਿਊਰ ਨੇ ਲਾਂਗ ਤੇ ਪੈਰੋਲ ਸੰਕਲਪ ਪ੍ਰਸਤੁਤ ਕੀਤੇ। ਇਤਿਹਾਸਕ ਭਾਸ਼ਾ ਵਿਗਿਆਨ ਵਿਚ ਭਾਸ਼ਾਵਾਂ ਦੇ ਇਤਿਹਾਸ ਦਾ ਵੇਰਵਾ ਹੀ ਦਿੱਤਾ ਜਾਂਦਾ ਹੈ ਜਦੋਂ ਕਿ ਭਾਸ਼ਾ ਵਿਚ ਕੀ ਹੁੰਦਾ ਹੈ ਇਸ ਸਬੰਧੀ ਚੌਮਸਕੀ ਆਪਣੇ ਸਿਧਾਂਤ ਪੇਸ਼ ਕਰਦਾ ਹੈ। ਚੌਮਸਕੀ ਨੇ ਭਾਸ਼ਾ ਨਾਲ ਸਬੰਧਿਤ ਮਾਨਸਿਕ ਵਰਤਾਰੇ ਨੂੰ ਅਧਾਰ ਬਣਾਉਦਿਆ ਇਹ ਨਿਰਨਾ ਦਿੱਤਾ ਹੈ ਕਿ ਹਰ ਬੱਚੇ ਵਿਚ ਭਾਸ਼ਾ ਸਿਖਣ ਦੀ ਸਮਰੱਥਾ ਹੁੰਦੀ ਹੈ। ਭਾਸ਼ਾ ਦੇ ਵਿਸਥਾਰ ਦੇ ਮੁਕਾਬਲੇ ਨਿਯਮਾਂ ਦੀ ਮਾਤਰਾ ਸੀਮਤ ਹੁੰਦੀ ਹੈ। ਬੱਚਾ ਵਿਸਥਾਰ ਨਹੀਂ ਸਿਖਦਾ ਸਗੋਂ ਉਸ ਦੇ ਨਿਯਮਾਂ ਨੂੰ ਸੁਚੇਤ ਅਤੇ ਅਚੇਤ ਤੌਰ 'ਤੇ ਗ੍ਰਹਿਣ ਕਰਦਾ ਹੈ। ਇਹ ਉਸ ਦਾ ਇਕ ਜਮਾਂਦਰੂ ਗੁਣ ਹੈ। ਇਸ ਗੱਲ ਨੂੰ ਅਧਾਰ ਬਣਾ ਕੇ ਚੌਮਸਕੀ ਨੇ ਇਸ ਸਿਧਾਂਤ ਨੂੰ ਰੂਪਾਂਤਰੀ ਅਤੇ ਸਿਰਜਨਾਤਮਕ ਵਿਆਕਰਨ ਦਾ ਨਾਂ ਦਿੱਤਾ ਕਿਉਂਕਿ ਬੱਚਾ ਨਿਯਮਾਂ ਤੋਂ ਜਾਣੂੰ ਹੋ ਕੇ ਕਈ ਵਾਰ ਅਜਿਹੇ ਨਾਂ ਦੀ ਸਿਰਜਨਾ ਕਰਦਾ ਹੈ, ਜਿਨ੍ਹਾਂ ਨੂੰ ਉਸ ਨੇ ਕਦੀ ਸੁਣਿਆ ਜਾ ਵਰਤਿਆ ਤੱਕ ਨਹੀਂ ਹੁੰਦਾ। ਸੌਸਿਊਰ ਦੁਆਰਾ ਪੇਸ਼ ਕੀਤੇ ਗਏ ਦੋ ਸੰਕਲਪਾਂ ਵਿਚੋਂ ਲਾਂਗ ਦਾ ਵਰਤਾਰਾ ਸਮੂਹਕ ਹੈ, ਜਦੋਂ ਕਿ ਪੈਰੋਲ ਦਾ ਵਰਤਾਰਾ ਵਿਅਕਤੀਗਤ ਹੈ। ਇਨ੍ਹਾਂ ਸੰਕਲਪਾਂ ਦਾ ਆਧਾਰ ਸਮਾਜਕ ਹੈ ਜਦੋਂ ਕਿ ਰੂਪਾਂਤਰੀ ਸਿਰਜਨਾਤਮਕ ਵਿਆਕਰਨ ਵਿਚ ਭਾਸ਼ਾਈ ਯੋਗਤਾ ਅਤੇ ਨਿਭਾਓ, ਲਾਂਗ ਅਤੇ ਪੈਰੋਲ ਨਾਲ ਜੁੜਦੇ ਸੰਕਲਪ ਹਨ ਪਰ ਇਨ੍ਹਾਂ ਦਾ ਆਧਾਰ ਸਮਾਜਕ ਨਾ ਹੋ ਕੇ ਮਨੋਵਿਗਿਆਨਕ ਹੈ। ਚੌਮਸਕੀ ਅਨੁਸਾਰ ਬੱਚੇ ਵਿਚ ਸਿੱਖਣ ਦੀ ਯੋਗਤਾ ਮੁੱਢ ਤੋਂ ਹੀ ਪਈ ਹੁੰਦੀ ਹੈ। ਜਿਸ ਵਾਤਾਵਰਨ ਵਿਚ ਬੱਚਾ ਆਪਣਾ ਵਿਕਾਸ ਕਰਦਾ ਹੈ, ਉਸ ਵਿਚੋਂ ਹੀ ਆਪਣੀ ਭਾਸ਼ਾਈ ਯੋਗਤਾ ਨੂੰ ਵਿਕਸਤ ਕਰਦਾ ਹੈ।

ਇਹ ਵਿਕਾਸ ਭਾਸ਼ਾਈ ਨਿਯਮਾਂ 'ਤੇ ਅਧਾਰਤ ਹੁੰਦਾ ਹੈ। ਇਕ ਨਿਸ਼ਚਿਤ ਉਮਰ ਤੱਕ ਉਹ ਭਾਸ਼ਾ ਸਬੰਧੀ ਸਮੁੱਚੇ ਨਿਯਮਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਇਸ ਤੱਥ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਭਾਸ਼ਾ ਦੀ ਦਰੁਸਤ ਵਰਤੋਂ ਕਰਦਾ ਹੈ। ਨਿਯਮਾਂ ਨੂੰ ਸਿੱਖ ਜਾਂ ਗ੍ਰਹਿਣ ਕਰ ਲੈਣ ਨਾਲ ਉਸ ਵਿਚ ਭਾਸ਼ਾਈ ਯੋਗਤਾ ਪੈਦਾ ਹੁੰਦੀ ਹੈ।ਉਸ ਯੋਗਤਾ ਦੇ ਅਧਾਰ ’ਤੇ ਜਦੋਂ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਭਾਸ਼ਾਈ ਯੋਗਤਾ ਕਿਹਾ ਜਾਂਦਾ ਹੈ। ਚੌਮਸਕੀ ਅਨੁਸਾਰ ਭਾਸ਼ਾਈ ਯੋਗਤਾ ਸੀਮਤ ਹੁੰਦੀ ਹੈ ਕਿਉਂਕਿ ਇਹ ਨਿਯਮਾਂ ਤੇ ਅਧਾਰਿਤ ਹੁੰਦੀ ਹੈ ਪਰ ਇਸ ਯੋਗਤਾ ਦੀ ਵਰਤੋਂ ਨਾਲ ਭਾਸ਼ਾ ਦਾ ਨਿਭਾਓ ਕੀਤਾ ਜਾਂਦਾ ਹੈ। ਇਹ ਪੱਖ ਭਾਸ਼ਾ ਦਾ ਸਿਰਜਨਾਤਮਕ ਪੱਖ ਹੈ । ਸਧਾਰਨ ਬੋਲਚਾਲ ਅਤੇ ਲਿਖਤ ਪੱਧਰ ਤੇ ਇਸ ਤਰ੍ਹਾਂ ਦੇ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਗੁੰਝਲਦਾਰ ਹੁੰਦੇ ਹਨ। ਇਹ ਦੋਵੇਂ ਸੰਕਲਪ ਭਾਸ਼ਾ ਦੇ ਨਿਯਮਾਂ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੁਆਰਾ ਭਾਸ਼ਾਈ ਰੂਪਾਂ ਦੀ ਸਿਰਜਨਾ ਕਰਨ ਨਾਲ ਸਬੰਧਤ ਹਨ।

## 1.1.4 **ਗਹਿਨ ਅਤੇ ਸਤਹੀ ਜੁਗਤ**

ਇਸ ਸੰਕਲਪ ਦੀ ਵਰਤੋਂ ਰੂਪਾਂਤਰੀ ਵਿਆਕਰਨ ਵਿਚ ਚੌਮਸਕੀ ਨੇ ਕੀਤੀ ਹੈ। ਇਸ ਦੇ ਵਿਪਰੀਤ ਸਤਹੀ ਸੰਚਾਰਨਾ ਵਿੱਚ ਇਸ ਸੰਕਲਪ ਨੂੰ ਰੱਖਿਆ ਜਾਂਦਾ ਹੈ। ਭਾਸ਼ਾ ਦੀ ਬਣਤਰ ਵਿਚ ਵਰਤੇ ਜਾਣ ਵਾਲੇ ਵਾਕਾਂ ਨੂੰ ਧੁਨੀ-ਵਿਉਂਤ ਦੇ ਪੱਖ ਤੋਂ ਸਤਹੀ ਬਣਤਰ ਵਿਚ ਰੱਖਿਆ ਜਾਂਦਾ ਹੈ। ਵਾਕ ਦੀ ਬਣਤਰ ਵਿਚ ਵਿਚਰਨ ਵਾਲੇ ਤੱਤਾਂ ਦਾ ਇਕ ਸਤਹੀ ਰੂਪ ਹੁੰਦਾ ਹੈ। ਜਿਸ ਨੂੰ 'ਸਤਹੀ ਬਣਤਰ' ਕਿਹਾ ਜਾਂਦਾ ਹੈ। ਵਾਕ ਵਿਚ ਵਿਚਰਨ ਵਾਲੇ ਤੱਤਾਂ ਦਾ ਇਕ ਗਹਿਨ ਵਿਚਰਨ ਹੁੰਦਾ ਹੈ। ਜਿਸ ਨੂੰ ਭਾਸ਼ਾ ਦਾ ਗਹਿਨ ਸੰਰਚਨਾ ਕਿਹਾ ਜਾਂਦਾ ਹੈ। ਭਾਸ਼ਾ ਦੀ ਗਹਿਨ ਸੰਰਚਨਾ ਅਰਥ 'ਤੇ ਅਧਾਰਤ ਹੁੰਦੀ ਹੈ। ਵਾਕ ਦਾ ਸਤਹੀ ਪੱਧਰ ਕਈ ਵਾਰ ਸਹੀ ਅਰਥਾਂ ਦਾ ਸੰਚਾਰ ਕਰਨ ਵਿਚ ਸਮਰਥ ਨਹੀਂ ਹੁੰਦਾ ਇਸ ਲਈ ਇਸ ਪਰਕਾਰ ਦਾ ਅਧਿਅਨ ਗਹਿਨ ਪੱਧਰ 'ਤੇ ਕੀਤਾ ਜਾਂਦਾ ਹੈ। ਚੌਮਸਕੀ ਨੇ ਇਹ ਸਥਿਤੀ ਪੇਸ਼ ਕਰਨ ਲਈ ਇਕ ਉਦਾਹਰਨ ਦਿੱਤੀ ਹੈ "ਫਲਾਇੰਗ ਪਲੇਨਜ਼ ਕੈਨ ਬੀ ਡੇਂਜਰਸ"। ਇਸ ਦੇ ਦੋ ਅਰਥ ਨਿਕਲਦੇ ਹਨ ਭਾਵ ਉਡਦੇ ਜਹਾਜ ਖਤਰਨਾਕ ਹੁੰਦੇ ਹਨ ਜਾਂ ਜਹਾਜ਼ ਉਡਾਏ ਖਤਰਨਾਕ ਹੁੰਦੇ ਹਨ। ਗਹਿਨ ਸੰਰਚਨਾ ਦੇ ਦੂਜੇ ਪੱਖ ਦਾ ਅਧਿਅਨ ਐਕਟਿਵ ਅਤੇ ਪੈਸਿਵ ਵਾਕਾ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ। ਇਹ ਵਾਕ ਗਹਿਨ ਪੱਧਰ 'ਤੇ ਇਕੋ ਪ੍ਰਕਾਰ ਦੇ ਅਰਥਾਂ ਦਾ ਸੰਚਾਰ ਕਰਦੇ ਹਨ।

### 1.1.5 ਵਾਕ-ਉਸਾਰੀ ਨੇਮਾ ਦੇ ਰੂਪਾਂਤਰੀ ਵਰਗ ਅਤੇ ਨੇਮ

ਪੰਜਾਬੀ ਦੀ ਸ਼ਬਦ ਸਿਰਜਨਾ ਵੇਲੇ ਇਨ੍ਹਾਂ ਦੀ ਬਣਤਰ ਵਿਚ ਦੋ ਪ੍ਰਕਾਰ ਦੇ ਤੱਤ ਵਿਚਰਦੇ ਹਨ : ਕੇਂਦਰੀ ਤੱਤ (ਧਾਤੂ) ਅਤੇ ਬਾਹਰੀ ਤੱਤ (ਵਧੇਤਰ)। ਵਾਕ ਵਿਚ ਇਕ ਇਕਾਈ ਦੀ ਦੂਜੀ ਇਕਾਈ ਨਾਲ ਵਾਕਾਤਮਕ ਸਬੰਧ ਸਥਾਪਤ ਕਰਨ ਵਾਲੀਆਂ ਸ਼ਬਦ-ਸ਼੍ਰੇਣੀਆਂ (ਸਬੰਧਕ, ਯੋਜਕ, ਪਾਰਟੀਕਲਜ਼) ਨੂੰ ਛੱਡ ਕੇ ਬਾਕੀ ਸਾਰੇ ਸ਼ਬਦ ਰੂਪਾਂ ਵਿਚ ਕੇਂਦਰੀ ਤੱਤ ਮੌਜੂਦ ਹੁੰਦੇ ਹਨ, ਜਿਥੇ ਕੇਂਦਰੀ ਤੱਤ ਸ਼ਬਦ ਦੇ ਮੂਲ ਨੂੰ ਉਜਾਗਰ ਕਰਦੇ ਹਨ, ਉਥੇ ਵਧੇਤਰ ਉਸ ਮੂਲ ਵਿਚ ਵਿਆਕਰਨਕ ਪੱਖ ਤੋਂ ਵਾਧਾ ਕਰਦੇ ਹਨ ਜਾਂ ਧਾਤੂ ਦੇ ਮੂਲ ਸਰੂਪ ਤੋਂ ਅਲੱਗ ਭਾਂਤ ਦਾ ਵਿਆਕਰਨਕ ਕਾਰਜ ਕਰਾਉਂਦੇ ਹਨ, ਜਿਵੇਂ : 'ਗਰੀਬ' ਇਕ ਧਾਤੂ ਸ਼ਬਦ ਹੈ ਤੇ ਵਾਕਾਤਮਕ ਬਣਤਰ ਵਿਚ ਵਿਸ਼ੇਸ਼ਣ ਵਜੋਂ ਵਿਚਰਦਾ ਹੈ ਪਰ (-ਈ) ਵਧੇਤਰ ਰਾਹੀਂ ਹੋਂਦ ਵਿਚ ਆਇਆ 'ਗਰੀਬੀ' ਸ਼ਬਦ ਨਾਂਵ ਵਜੋਂ ਵਿਚਰਦਾ ਹੈ। ਪੰਜਾਬੀ ਵਿਚ ਧਾਤੂ ਨਾਲ ਦੋ ਪਰਕਾਰ ਦੇ ਵਧੇਤਰ ਵਿਚਰਦੇ ਹਨ : ਧਾਤੂ ਤੋਂ ਪਹਿਲਾਂ ਅਗੇਤਰ ਅਤੇ ਧਾਤੂ ਤੋਂ ਪਿਛੋਂ ਪਿਛੇਤਰਾਂ ਦੀ ਇਕ ਕਿਸਮ ਨੂੰ ਰੂਪਾਂਤਰੀ ਵਧੇਤਰ ਕਿਹਾ ਜਾਂਦਾ ਹੈ। ਰੂਪਾਂਤਰੀ ਪਿਛੇਤਰਾਂ ਦੀ ਪਛਾਣ ਹਿਤ ਕੁਝ ਲੱਛਣ ਇਸ ਪ੍ਰਕਾਰ ਹਨ :-

(1) ਰੂਪਾਂਤਰੀ ਪਿਛੇਤਰ ਸ਼ਬਦ ਦੀ ਬਣਤਰ ਵਿਚ ਅੰਤ 'ਤੇ ਵਿਚਰਦੇ ਹਨ।

(2) ਇਹ ਧਾਤੂ ਤੋਂ ਪਿਛੋਂ ਜਾਂ ਵਿਉਤਪਤ ਪਿਛੇਤਰ ਤੋਂ ਪਿਛੋਂ ਵਿਚਰਦੇ ਹਨ।

(3) ਇਹ ਪਿਛੇਤਰ ਜਿਸ ਸ਼ਬਦ ਨਾਲ ਜੁੜਦੇ ਹਨ ਉਸ ਸ਼ਬਦ ਦੀ ਸ਼੍ਰੇਣੀ ਵਿਚ ਪਰਿਵਰਤਨ ਨਹੀਂ ਵਿਸ਼ੇਸ਼ਣ ਵਾਕੰਸ਼ ਆਉਂਦਾ ਹੈ ਭਾਵ ਇਹ ਪਿਛੇਤਰ ਸ਼ਰੇਣੀ ਰੱਖਿਅਕ ਹੀ ਹੁੰਦੇ ਹਨ ਸ਼ਰੇਣੀ ਬਦਲੂ ਨਹੀਂ।

(4) ਇਕ ਸ਼ਬਦ ਬਣਤਰ ਵਿਚ ਰੂਪਾਂਤਰੀ ਪਿਛੇਤਰ ਇਕ ਵਾਰ ਹੀ ਵਿਚਰਦਾ ਹੈ।

(5) ਰੂਪਾਂਤਰੀ ਪਿਛੇਤਰਾਂ ਦੀ ਮਦਦ ਨਾਲ ਵਿਕਾਰੀ ਸ਼ਬਦਾਂ ਵਿਚ ਵਿਆਕਰਨ ਸ਼੍ਰੇਣੀਆਂ ਅਨੁਸਾਰ ਰੂਪਾਂਤਰਨ ਹੁੰਦਾ ਹੈ ਅਤੇ ਇਨ੍ਹਾਂ ਦੀ ਵਰਤੋਂ ਨਾਲ ਰੂਪਾਵਲੀ ਹੋਂਦ ਵਿਚ ਆਉਂਦੀ ਹੈ।

(6) ਰੂਪਾਂਤਰੀ ਰੂਪਾਂ ਦੇ ਧਾਤੂਆਂ ਦਾ ਇਕ ਰੂਪਾਵਲੀ ਵਿਚ ਦੁਹਰਾ ਹੁੰਦਾ ਹੈ। ਵੱਖ ਵੱਖ ਸ਼ਬਦ ਸ਼੍ਰੇਣੀਆਂ ਦੇ ਸ਼ਬਦ ਰੂਪਾਂਤਰੀ ਪਿਛੇਤਰਾਂ ਨਾਲ ਵੱਖ-ਵੱਖ ਪਰਕਾਰ ਰੂਪ ਸਿਰਜਦੇ ਹਨ ਅਤੇ ਇਨ੍ਹਾਂ ਦਾ ਰੂਪਾਂਤਰਨ ਇਸ ਪਰਕਾਰ ਹੁੰਦਾ ਹੈ, ਜਿਵੇਂ : ਪੰਜਾਬੀ ਨਾਂਵ, ਵਚਨ ਅਤੇ ਕਾਰਕਾਂ ਲਈ ਰੂਪਾਂਤਰਤ ਹੁੰਦੇ ਹਨ, ਜਿਵੇਂ : ਘੋੜਾ (ਇਕ ਵਚਨ, ਪੁਲਿੰਗ, ਸਧਾਰਨ ਕਾਰਕ), ਘੋੜ-ਏ-ਘੋੜੇ (ਬਹੁਵਚਨ, ਪੁਲਿੰਗ, ਸਧਾਰਨ ਕਾਰਕ), ਘੋੜੇ ( ਇਕ ਵਚਨ, ਪੁਲਿੰਗ, ਸਬੰਧਕੀ ਕਾਰਕ), ਘੋੜਿਆਂ (ਬਹੁਵਚਨ, ਪੁਲਿੰਗ, ਸਬੰਧਕੀ ਕਾਰਕ), ਘੋੜਿਓ (ਇਕ ਵਚਨ ਪੁਲਿੰਗ, ਅਪਾਦਾਨ) ਆਦਿ ਇਸੇ ਤਰ੍ਹਾਂ ਕਿਰਿਆ ਧਾਤੂਆਂ ਨਾਲ ਲੱਗਣ ਵਾਲੇ ਰੂਪਾਂਤਰੀ

ਪਿਛੇਤਰ ਲਿੰਗ, ਵਚਨ, ਪੁਰਖ, ਕਾਲ, ਵਾਚ, ਆਸਪੈਕਟ ਆਦਿ ਦੇ ਸੂਚਕ ਹੁੰਦੇ ਹਨ, ਜਿਵੇਂ ਉਹ ਜਾਂਦਾ ਹੈ।ਇਸ ਵਿੱਚ ਜਾਂਦਾ ਹੈ (ਇਕ ਵਚਨ, ਪੁਲਿੰਗ, ਤੀਜਾ ਪੁਰਖ) ਵਰਤਮਾਨ ਕਾਲ ਆਦਿ ਦਾ ਸੂਚਕ ਹੈ। ਜਾਂਦਾ ਵਿਚ ਜਾਂ (ਧਾਤੂ) ਦਾ (ਵਧੇਤਰ) ਹੈ। ਰੂਪਾਂਤਰੀ ਪਿਛੇਤਰਾਂ ਵਾਲੇ ਨਾਂਵ ਸ਼ਬਦ ਕਿਰਿਆ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ : ਮੁੰਡੇ ਪੜ੍ਹਦੇ ਹਨ ਵਿਚ ਮੁੰਡੇ ( ਏ) ਪੜ੍ਹ (ਦੇ) ਹਨ।

### 1.1.6 ਧੁਨੀ ਰੂਪਾਤਮਕ ਨੇਮ

ਚੌਮਸਕੀ ਦੇ ਸਿਧਾਂਤ ਅਨੁਸਾਰ, ਭਾਸ਼ਾ ਗ੍ਰਹਿਣਤਾ ਮਨੁੱਖੀ ਦਿਮਾਗ਼ ਦੀ ਜਮਾਂਦਰੂ ਸੰਰਚਨਾ ਜਾਂ ਕਾਰਜ ਹੈ।ਉਸ ਦਾ ਵਿਚਾਰ ਹੈ ਕਿ ਬੱਚੇ ਕਿਸੇ ਵੀ ਭਾਸ਼ਾ ਨੂੰ ਸਿੱਖਣ ਦੀ ਯੋਗਤਾ,ਵਿਰਸੇ ਦੇ ਰੂਪ ਵਿੱਚ, ਜਨਮ ਤੋਂ ਹੀ ਪ੍ਰਾਪਤ ਕਰਕੇ ਆਉਂਦੇ ਹਨ । ਉਸਦਾ ਦਾਅਵਾ ਹੈ ਕਿ ਕੁਝ ਭਾਸ਼ਾ ਵਿਗਿਆਨਕ ਸੰਰਚਨਾਵਾਂ ਜੋ ਬੱਚੇ ਇੰਨੀ ਸ਼ੁੱਧਤਾ ਨਾਲ ਪ੍ਰਯੋਗ ਕਰਦੇ ਹਨ, ਲਾਜ਼ਮੀ ਤੌਰ 'ਤੇ ਬੱਚੇ ਦੇ ਮਨ ਉਤੇ ਪਹਿਲਾਂ ਤੋਂ ਹੀ ਉਕਰੇ ਧੁਨੀ ਰੂਪਾਤਮਕ ਨੇਮ ਹੁੰਦੇ ਹਨ।ਚੌਮਸਕੀ ਦਾ ਵਿਚਾਰ ਹੈ ਕਿ ਕਿਸੇ ਇੱਕ ਹੀ ਧੁਨੀ-ਸਮੂਹ ਨੂੰ ਵੱਖ-ਵੱਖ ਕ੍ਰਮ ਵਿੱਚ ਸਥਪਿਤ ਕਰਨ ਅਤੇ ਨਵੇਂ-ਨਵੇਂ ਸੰਦਰਭਾਂ ਵਿੱਚ ਪ੍ਰਯੋਗ ਕਰਨ ਦੀ ਸਮਰੱਥਾ ਤੇ ਵਿਆਕਰਨ ਦੇ ਪਾਲਣ ਦੀ ਕੁਸ਼ਲਤਾ, ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਵਿਕਸਿਤ ਹੋਣੀ ਆਰੰਭ ਹੋ ਜਾਂਦੀ ਹੈ ।

ਇਸ ਤਰ੍ਹਾਂ, ਚੌਮਸਕੀ ਦਾ ਵਿਚਾਰ ਹੈ ਕਿ ਬੱਚੇ ਰਸਮੀ ਵਿਆਕਰਨ ਦੁਆਰਾ ਨਿਰਦੇਸ਼ਿਤ ਨਹੀਂ ਹੁੰਦੇ ਸਗੋਂ ਉਹ ਗ਼ੈਰ-ਰਸਮੀ ਵਿਆਕਰਨ ਦੇ ਨਿਯਮਾਂ ਦੁਆਰਾ ਸ਼ਬਦਾਂ ਨੂੰ ਉਨ੍ਹਾਂ ਦੇ ਅਰਥ ਨਾਲ ਸਬੰਧਿਤ ਕਰ ਦਿੰਦੇ ਹਨ ।ਅਜਿਹਾ ਕਰਕੇ ਬੱਚੇ ਜਿਨ੍ਹਾਂ ਨਿਯਮਾਂ ਦਾ ਬੱਚੇ ਅਨੁਸਰਨ ਕਰਦੇ ਹਨ, ਚੌਮਸਕੀ ਨੇ ਉਨ੍ਹਾਂ ਨੂੰ 'ਜਨਰੇਟਿਵ ਵਿਆਕਰਨ'' ਦਾ ਨਾਮ ਦਿੱਤਾ ਹੈ ਕਿਉਂਕਿ ਇਨ੍ਹਾਂ ਨਿਯਮਾਂ ਦਾ ਪ੍ਰਯੋਗ ਕਰਕੇ, ਬੱਚੇ ਨਵੇਂ-ਨਵੇਂ ਵਾਕਾਂ ਦਾ ਨਿਰਮਾਣ ਕਰਨਾ ਸਿਖਦੇ ਹਨ ਤੇ ਸਫ਼ਲ ਵੀ ਹੁੰਦੇ ਹਨ।

### ਅਭਿਆਸ ਲਈ ਪ੍ਰਸ਼ਨ

1. ਭਾਸ਼ਾਈ ਯੋਗਤਾ ਅਤੇ ਨਿਭਾਓ ਦੇ ਸੰਬੰਧ ਵਿੱਚ ਨੌਮ ਚੌਮਸਕੀ ਦੇ ਸਿਧਾਂਤ ਦੀ ਵਿਆਖਿਆ ਕਰੋ ।
2. ਨੌਮ ਚੌਮਸਕੀ ਦੇ ਗਹਿਨ ਅਤੇ ਸਤਹੀ ਜੁਗਤ ਦੇ ਸਿੱਧਾਂਤ ਨੂੰ ਸਪੱਸ਼ਟ ਕਰੋ ।
3. ਚੌਮਸਕੀ ਨੇ ਵਾਕ-ਉਸਾਰੀ ਨੇਮਾਂ ਦੇ ਰੂਪਾਂਤਰੀ ਵਰਗ ਅਤੇ ਨੇਮ ਬਾਰੇ ਕੀ ਕਿਹਾ ਹੈ? ਚਰਚਾ ਕਰੋ ।

### 1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


| | | | |
|---|---|---|---|
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |
| ਅਰਸ਼ੀ, ਗੁਰਚਰਨ ਸਿੰਘ | 2000 | *ਪੱਛਮੀ ਕਾਵਿਸ਼ਾਸਤਰ-* | ਆਰਸੀ ਪਬਲਿਸ਼ਰਜ਼, ਦਿੱਲੀ |
| ਬੂਟਾ ਸਿੰਘ ਬਰਾੜ | 2018 | ਭਾਸ਼ਾ ਵਿਗਿਆਨ:ਸਿਧਾਂਤ ਤੇ ਵਿਹਾਰ | ਲਾਹੌਰ ਬੁਕਸ,ਲੁਧਿਆਣਾ |

# ਨੌਮ ਚੌਮਸਕੀ ਦੀ ਰੂਪਾਂਤਰੀ ਵਿਆਕਰਣ

-ਜੋਗਾ ਸਿੰਘ (ਡਾ.)

## ਭੂਮਿਕਾ

ਰੂਪਾਂਤਰੀ ਵਿਆਕਰਣ ਦਾ ਆਰੰਭ ਅਮਰੀਕੀ ਭਾਸ਼ਾ ਵਿਗਿਆਨੀ ਨੋਮ ਚਮਸਕੀ (Noam Chomsky) ਦੀ ਪੁਸਤਕ ਸਿੰਟੈਕਟਿਕ ਸਟਰਕਚਰਜ਼ (Syntacitc Structures, 1957) ਦੇ ਪ੍ਰਕਾਸ਼ਨ ਨਾਲ ਹੁੰਦਾ ਹੈ। ਸੋਸਿਊਰ ਦੀ ਪੁਸਤਕ ਏ ਕੋਰਸ ਇਨ ਜਨਰਲ ਲਿੰਗੁਇਸਟਿਕਸ (A Coursei n General iLngiusitcs, 1913) ਦੇ ਪ੍ਰਕਾਸ਼ਨ ਤੋਂ ਬਾਅਦ ਚੌਮਸਕੀ ਦੀ ਇਹ ਪੁਸਤਕ ਭਾਸ਼ਾ ਵਿਗਿਆਨ ਵਿੱਚ ਸਭ ਤੋਂ ਵੱਡੀ ਕ੍ਰਾਂਤੀ ਹੈ । ਵਿਆਕਰਣ ਦੇ ਖੇਤਰ ਵਿੱਚ ਟੈਕਟਿਕ ਸਟਰਕਚਰਜ਼ ਦਾ ਪ੍ਰਕਾਸ਼ਨ ਪਾਨਿਨੀ ਦੀ ਅਸ਼ਟਾਧਿਆਈ ਤੋਂ ਬਾਅਦ ਸਭ ਤੋਂ ਵੱਡੀ ਘਟਨਾ ਹੈ,ਜਿਸ ਨੇ ਸਿਰਫ਼ ਵਿਆਕਰਣ ਸਿਧਾਂਤ ਨੂੰ ਹੀ ਨਹੀਂ ਪੂਰੇ ਦੇ ਪੂਰੇ ਭਾਸ਼ਾ ਵਿਗਿਆਨਕ ਸਿਧਾਂਤ ਨੂੰ ਮੂਲ ਰੂਪ ਵਿੱਚ ਬਦਲ ਕੇ ਰੱਖ ਦਿੱਤਾ ਹੈ ।

ਪ੍ਰਸਿੱਧ ਭਾਸ਼ਾ ਵਿਗਿਆਨੀ Bazell ਦੀ Syntacitc Structures 'ਤੇ ਇਹ ਟਿੱਪਣੀ ਕਿ “ਭਾਸ਼ਾ ਵਿਗਿਆਨ ਹੁਣ ਪਹਿਲਾਂ ਵਾਂਗ ਨਹੀਂ ਰਹੇਗਾ। ਇਸ ਪੁਸਤਕ ਵਿੱਚ ਪੇਸ਼ ਹੋਏ ਸਿਧਾਂਤ ਦੀ ਮਹੱਤਤਾ ਅਤੇ ਵਿਲੱਖਣਤਾ ਨੂੰ ਸਪਸ਼ਟ ਅਤੇ ਅਤਿ ਸੰਖੇਪ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਪੁਸਤਕ ਤੋਂ ਲੈ ਕੇ ਹੁਣ ਤੱਕ ਭਾਸ਼ਾ ਵਿਗਿਆਨ ਵਿੱਚ ਰੂਪਾਂਤਰੀ ਸਿਧਾਂਤ (Transformaitonal Theory) ਸਭ ਤੋਂ ਵਧ ਪਰਚਲਤ ਅਤੇ ਭਾਰੂ ਸਿਧਾਂਤ ਰਿਹਾ ਹੈ ਅਤੇ ਇਸਨੇ ਸਿਰਫ ਭਾਸ਼ਾ ਦਾ ਹਰ ਪੱਧਰ 'ਤੇ (ਧੁਨੀ ਬਣਤਰ, ਵਿਆਕਰਣਕ ਬਣਤਰ, ਅਰਥ-ਬਣਤਰ ਆਦਿ) ਨਵਾਂ ਵਿਸ਼ਲੇਸ਼ਣ ਹੀ ਪੇਸ਼ ਨਹੀਂ ਕੀਤਾ ਬਲਕਿ ਅਨੇਕਾਂ ਨਵੇਂ ਭਾਸ਼ਾਈ ਤੱਥਾਂ ਨੂੰ ਉਜਾਗਰ ਕੀਤਾ ਹੈ, ਜੋ ਇਸ ਸਿਧਾਂਤ ਦੇ ਆਗਮਨ ਤਕ ਅਣਗੌਲੇ ਪਏ ਸਨ। ਸਾਡੇ ਇਸ ਪਾਠ ਦਾ ਮੁਖ ਰੂਪ ਵਿੱਚ ਮਕਸਦ ਰੂਪਾਂਤਰੀ ਵਿਆਕਰਣ ਦੇ ਮੁੱਖ ਨੁਕਤਿਆਂ ਨੂੰ ਪੇਸ਼ ਕਰਨਾ ਹੈ ।

## ਪਿਛੋਕੜ

**11.0.** ਨਿਕਟ-ਅੰਗ ਵਿਸ਼ਲੇਸ਼ਣ ਵਿਧੀ (Immeidate Consittuent Analyiss) ਰੂਪਾਂਤਰੀ ਵਿਆਕਰਣ ਦੇ ਆਗਮਨ ਤੱਕ ਭਾਸ਼ਾ ਵਿਗਿਆਨਕ ਅਧਿਐਨਾਂ ਵਿੱਚ ਸੰਰਚਨਾਤਮਕ ਸਿਧਾਂਤ ਦਾ ਬੋਲਬਾਲਾ ਸੀ।ਇਸ ਸਿਧਾਂਤ ਦੀ ਵਿਆਕਰਣਕ ਵਿਸ਼ਲੇਸ਼ਣ ਦੀ ਵਿਧੀ ਨੂੰ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਕਿਹਾ ਜਾਂਦਾ ਹੈ।ਇਸ ਵਿਧੀ ਵਿੱਚ ਵਾਕ ਵਿਹਲੀਆਂ ਇਕਾਈਆਂ ਸਥਾਪਤ ਕੀਤੀਆਂ ਜਾਂਦੀਆਂ ਸਨ ਅਤੇ ਇਹਨਾਂ ਇਕਾਈਆਂ ਦੇ ਆਪਸੀ ਸੰਬੰਧਾਂ ਨੂੰ ਸਿੱਧਾਂਤਕ ਭਾਸ਼ਾ-ਵਿਗਿਆਨ ਜਾ ਰਹੇ ਵਾਕ ਦੇ ਨਿਕਟ-ਅੰਗ ਵਿਚ ਦਰਸਾਇਆ ਜਾਂਦਾ ਸੀ । ਮਿਸਾਲ ਲਈ ਹੇਠ ਦਿੱਤੇ ਜਾ ਰਹੇ ਵਾਕ ਦੇ ਨਿਕਟ-ਅੰਗ ਵਿਸ਼ਲੇਸ਼ਣ ਨੂੰ ਲਿਆ ਜਾ ਸਕਦਾ ਹੈ :-

1. ਛੋਟਾ ਮੁੰਡਾ ਚੰਗਾ ਕੰਮ ਕਰਦਾ ਹੈ ।

   ਇਸ ਵਾਕ ਵਿਚਲੇ ਸੰਬੰਧਾਂ ਨੂੰ ਹੇਠਲੇ ਚਿਤਰ (diagram) ਰਾਹੀਂ ਦਰਸਾਇਆ ਜਾ ਸਕਦਾ ਹੈ:-

ਛੋਟਾ→ਮੁੰਡਾ→ ਚੰਗਾ →ਕੰਮ→ਕਰਦਾ →ਹੈ

ਵਿਸ਼ੇਸ਼ਣ → ਨਾਂਵ →ਵਿਸ਼ੇਸ਼ਣ →ਨਾਂਵ →ਕਿਰਿਆ→ਸਹਾਇਕ →ਕਿਰਿਆ

ਨਾਂਵ ਵਾਕੰਸ਼ → ਨਾਂਵ ਵਾਕੰਸ਼→ਕਿਰਿਆ ਵਾਕੰਸ਼→ਕਿਰਿਆ ਵਾਕੰਸ਼→ਵਾਕ

ਉਪਰੋਕਤ ਚਿੱਤਰ ਦਰਸਾਉਂਦਾ ਹੈ ਕਿ ਚਰਚਾ ਹੇਠਲੇ ਵਾਕ ਦੀ ਬਣਤਰ ਕਿਵੇਂ ਹੋਈ ਹੈ । ਹੇਠੋਂ ਉਪਰ ਨੂੰ ਵਾਕ ਦੀ ਬਣਤਰ ਦੀ ਵਿਆਖਿਆ ਇੰਜ ਹੋਵੇਗੀ । ਪੂਰੇ ਵਾਕ ਦੇ ਦੋ ਅੰਗ ਹਨ, ਨਾਂਵ ਵਾਕੰਸ਼ (ਛੋਟਾ ਮੁੰਡਾ) ਅਤੇ ਕਿਰਿਆ ਵਾਕੰਸ਼ (ਚੰਗਾ ਕੰਮ ਕਰਦਾ ਹੈ) । ਨਾਂਵ ਵਾਕੰਸ਼ (ਛੋਟਾ ਮੁੰਡਾ) ਦੇ ਦੋ ਅੰਗ ਹਨ ? ਨਾਂਵ (ਮੁੰਡਾ) ਅਤੇ ਵਿਸ਼ੇਸ਼ਣ (ਛੋਟਾ) । ਕਿਰਿਆ ਵਾਕੰਸ਼ ਦੇ ਵੀ ਦੋ ਅੰਗ ਹਨ ? ਨਾਂਵ ਵਾਕੰਸ਼ (ਚੰਗਾ ਕੰਮ) ਅਤੇ ਕਿਰਿਆ ਵਾਕੰਸ਼ (ਕਰਦਾ ਹੈ) । ਨਾਂਵ ਵਾਕੰਸ਼ (ਚੰਗਾ ਕੰਮ) ਦੇ ਫਿਰ ਦੋ ਅੰਗ ਹਨ, ਨਾਂਵ (ਕੰਮ) ਅਤੇ ਵਿਸ਼ੇਸ਼ਣ (ਚੰਗਾ) । ਕਿਰਿਆ ਵਾਕੰਸ਼ (ਕਰਦਾ ਹੈ) ਦੇ ਦੋ ਅੰਗ ਹਨ, ਕਿਰਿਆ (ਕਰਦਾ) ਅਤੇ ਸਹਾਇਕ ਕਿਰਿਆ (ਹੈ)।

ਉਪਰੋਕਤ ਵਿਧੀ ਵਾਕ ਵਿਸ਼ਲੇਸ਼ਣ ਦੀ ਰੂਪਾਂਤਰੀ ਵਿਆਕਰਣ ਦੇ ਆਗਮਨ ਤੋਂ ਪਹਿਲਾਂ ਦੀ ਵਿਧੀ ਸੀ । ਇਸ ਨੂੰ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਧੀ ਰਾਹੀਂ ਵਾਕ ਦੀਆਂ ਇਕਾਈਆਂ ਦੇ ਨਿਕਟ ਸੰਬੰਧਾਂ ਨੂੰ ਦਰਸਾਇਆ ਜਾਂਦਾ ਹੈ, ਯਾਨੀ ਕਿ ਕਿਸ ਇਕਾਈ ਦਾ ਸੰਬੰਧ ਕਿਸ ਇਕਾਈ ਨਾਲ ਪਹਿਲਾਂ ਹੈ।

### 11.1. **ਖੰਡਤ ਇਕਾਈਆਂ (Disconitnuous Consittuents)**

ਨੌਮ ਚੌਮਸਕੀ ਨੇ ਕੁੱਝ ਅਜਿਹੇ ਮਹੱਤਵਪੂਰਨ ਭਾਸ਼ਾਈ ਤੱਥਾਂ ਨੂੰ ਧਿਆਨਗੋਚਰ ਕੀਤਾ ਜੋ ਨਿਕਟ-ਅੰਗ ਵਿਸਲੇਸ਼ਣ ਵਿਧੀ ਦੀ ਪਕੜ ਤੋਂ ਬਾਹਰ ਸਨ । ਇਹਨਾਂ ਵਿਚੋਂ ਪਹਿਲਾਂ ਤੱਥ ਉਹ ਇਕਾਈਆਂ ਹਨ ਜੋ ਵਾਕ ਬਣਤਰ ਵਿੱਚ ਇਕ ਥਾਂ ਤੇ ਇਕੱਠੀਆਂ ਨਹੀਂ ਹੁੰਦੀਆਂ, ਜਾਂ ਟੋਇਆਂ ਵਿੱਚ ਬਿਖਰੀਆਂ ਹੁੰਦੀਆਂ ਹਨ । ਇਹਨਾਂ ਇਕਾਈਆਂ ਨੂੰ ਖੰਡਤ ਇਕਾਈਆਂ (Disconitnuous Consittuents) ਕਿਹਾ ਜਾਂਦਾ ਹੈ । ਅੰਗਰੇਜ਼ੀ ਭਾਸ਼ਾ ਵਿੱਚ ਅਜਿਹੀਆਂ ਸਪਸ਼ਟ ਮਿਸਾਲਾਂ ਲਭਦੀਆਂ ਹਨ:-

1.He rang me up
2.He siwtched the fan off

ਵਾਕ (1) ਵਿੱਚ ਸਪਸ਼ਟ ਹੈ ਕਿ rang ਦਾ up ਨਾਲ me ਨਾਲੋਂ ਸੰਬੰਧ ਪਹਿਲਾਂ ਹੈ। ਇਵੇਂ ਹੀ ਵਾਕ (2) ਵਿਚ switched ਦਾ ਸੰਬੰਧ the fan ਨਾਲੋਂ off ਨਾਲ ਪਹਿਲਾਂ ਹੈ । ਪਰ ਨਿਕਣ-ਅੰਗ ਵਿਸ਼ਲੇਸ਼ਣ ਵਿਧੀ ਰਾਹੀਂ ਇਹਨਾਂ ਸੰਬੰਧਾਂ ਨੂੰ ਦਰਸਾਉਣਾ ਕਠਿਨਾਈਆਂ ਪੇਸ਼ ਕਰਦਾ ਹੈ ਕਿਉਂਕਿ ਨੇੜਲੇ ਸੰਬੰਧਾਂ ਵਾਲੀਆਂ ਇਕਾਈਆਂ ਇਕ ਦੂਜੀ ਦੇ ਨਾਲ-ਨਾਲ ਨਹੀਂ ਹਨ ਬਲਕਿ ਉਹਨਾਂ ਵਿਚਕਾਰ ਹੋਰ ਇਕਾਈ ਵਿਦਮਾਨ ਹੈ।

## 11.2. ਲੁਪਤ ਇਕਾਈਆਂ (Deleted Consittuents)

ਲੁਪਤ ਇਕਾਈਆਂ ਦੂਜਾ ਮਹੱਤਵਪੂਰਨ ਭਾਸ਼ਾਈ ਤੱਥ ਹਨ ਜੋ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਦੀ ਪਕੜ ਤੋਂ ਬਾਹਰ ਹੈ । ਇਸ ਦੀ ਵਿਆਖਿਆ ਹੇਠਲੇ ਪੰਜਾਬੀ ਵਾਕਾਂ ਦੀ ਸਹਾਇਤਾ ਨਾਲ ਦਿੱਤੀ ਜਾ ਸਕਦੀ ਹੈ-

5. ਮੈਂ ਪਾਣੀ ਪੀਤਾ ।
6. ਮੈਂ ਚਾਹ ਪੀਤੀ।

ਉਪਰੋਕਤ ਵਾਕਾਂ ਵਿੱਚ ਕਿਰਿਆ ਦਾ ਮੇਲ ਕਰਮ ਨਾਲ ਹੈ । ਵਾਕ (5) ਵਿੱਚ ਪਾਣੀ ਪੁਲਿੰਗ ਹੈ ਅਤੇ ਕਿਰਿਆ ਪੀਤਾ ਵੀ ਪੁਲਿੰਗ ਰੂਪ ਵਿੱਚ ਹੈ । ਵਾਕ (6) ਵਿੱਚ ਚਾਹ ਇਸਤਰੀ ਲਿੰਗ ਹੈ ਅਤੇ ਕਿਰਿਆ ਪੀਤੀ ਵੀ ਇਸਤਰੀ ਲਿੰਗ ਰੂਪ ਵਿੱਚ ਹੈ । ਆਓ ਹੁਣ ਉਪਰੋਕਤ ਵਾਕਾਂ ਦੀ ਤੁਲਨਾ ਹੇਠਲੇ ਵਾਕਾਂ ਨਾਲ ਕਰੀਏ -

7. ਮੈਂ ਘਰ ਗਿਆ।
8. ਮੈਂ ਘਰ ਗਈ ।

ਸਪੱਸ਼ਟ ਹੈ ਕਿ ਜੇ ਮੈਂ ਦਾ ਸੰਬੰਧ ਮਰਦ ਨਾਲ ਹੋਵੇ ਤਾਂ ਕਿਰਿਆ ਪੁਲਿੰਗ ਰੂਪ ਵਿੱਚ ਹੁੰਦੀ ਹੈ (ਜਿਵੇਂ ਕਿ ਵਾਕ (7) ਵਿੱਚ ਗਿਆ ਹੈ) ਅਤੇ ਜੇ ਮੈਂ ਦਾ ਸੰਬੰਧ ਇਸਤ੍ਰੀ ਨਾਲ ਹੋਵੇ ਤਾ ਕਿਰਿਆ ਇਸਤਰੀ ਲਿੰਗ ਰੂਪ ਵਿੱਚ ਹੁੰਦੀ ਹੈ (ਜਿਵੇਂ ਕਿ ਵਾਕ (8) ਵਿੱਚ ਗਈ ਹੈ)।

ਪਰ ਵਾਕ (5) ਅਤੇ (6) ਵਿੱਚ (7) ਅਤੇ (8) ਵਾਂਗ ਨਹੀਂ ਹੋ ਸਕਦਾ । ਯਾਨੀ ਕਿ, ਵਾਕ (9) ਅਤੇ (10) ਗਲਤ ਹਨ -

9. ਮੈਂ ਪਾਣੀ ਪੀਤੀ।
10. ਮੈਂ ਚਾਹ ਪੀਤਾ।

ਉਪਰੋਕਤ ਗੁੰਝਲ ਨੂੰ ਹੇਠਲੇ ਵਾਕਾਂ ਦੀ ਮਦਦ ਨਾਲ ਸਮਝਿਆ ਜਾ ਸਕਦਾ ਹੈ -

11. ਲੜਕਾ ਚਾਹ ਪੀਂਦਾ ਹੈ।
12. ਲੜਕੇ ਨੇ ਚਾਹ ਪੀਤੀ ।

ਵਾਕ(11) ਵਿੱਚ ਕਿਰਿਆ (ਪੀਂਦਾ) ਦਾ ਮੇਲ ਕਰਮ (ਲੜਕਾ) ਨਾਲ ਹੈ।ਇਸਦਾ ਕਾਰਣ ਇਹ ਹੈ ਕਿ ਵਾਕ (12) ਵਿੱਚ ਕਰਤਾ ਦਾ ਮੇਲ ਕਿਰਿਆ ਨਾਲ ਨਹੀਂ ਹੋ ਸਕਦਾ ਕਿਉਂਕਿ ਕਰਤਾ (ਲੜਕੇ) ਤੋਂ ਬਾਅਦ ਸੰਬੰਧਕ (ਨੇ) ਆਉਂਦਾ ਹੈ। ਯਾਨੀ ਕਿ, ਪੰਜਾਬੀ ਵਿੱਚ ਜੇ ਕਰਤਾ ਤੇ ਬਾਅਦ ਸੰਬੰਧਕ ਹੋਵੇ ਤਾਂ ਕਰਤਾ ਦਾ ਕਿਰਿਆ ਨਾਲ ਮੇਲ ਨਹੀਂ ਹੋ ਸਕਦਾ ।

ਆਓ ਹੁਣ (5) ਅਤੇ (6) ਵਾਕਾਂ ਨੂੰ ਇਸ ਨਿਯਮ ਦੀ ਰੋਸ਼ਨੀ ਵਿੱਚ ਵੇਖੀਏ । (5) ਅਤੇ (6) ਅਜਿਹੇ ਵਾਕ ਹਨ ਜਿਨ੍ਹਾਂ ਦਾ ਕਰਤਾ ਜੋ ਪਹਿਲੇ ਅਤੇ ਦੂਜੇ ਪੁਰਖ ਪੜਨਾਂਵ (ਮੈਂ, ਅਸੀਂ, ਤੂੰ, ਤੁਸੀਂ) ਨਾ ਹੋਣ ਤਾਂ ਕਰਤਾ ਤੋਂ ਬਾਅਦ ਨੇ ਸੰਬੰਧਕ ਆਵੇਗਾ। ਜਿਵੇਂ ਕਿ ਵਾਕਾ (13) ਅਤੇ (14) ਵਿੱਚ ਹੈ -

13. ਲੜਕੇ ਨੇ ਪਾਣੀ ਪੀਤਾ।
14. ਲੜਕੇ ਨੇ ਚਾਹ ਪੀਤੀ ।

ਇਸੇ ਸਬੰਧਕ ਕਰਕੇ ਕਰਤਾ (ਲੜਕੇ) ਦਾ ਮੇਲ ਕਿਰਿਆ ਨਾਲ ਨਹੀਂ ਹੋ ਸਕਦਾ, ਪਾਣੀ ਪੀਤਾ ਪਰ ਚਾਹ ਪੀਤੀ।ਹੁਣ ਜੇ ਮੰਨ ਲਿਆ ਜਾਵੇ ਕਿ (5) ਅਤੇ (6) ਵਾਕਾਂ ਵਿੱਚ ਵੀ ਭਾਵੇਂ ਨੇ ਪ੍ਰਤੱਖ ਰੂਪ ਵਿੱਚ ਵਿਦਮਾਨ ਨਹੀਂ ਹੈ ਪਰ ਇਹਨਾਂ ਵਾਕਾਂ ਵਿੱਚ ਇਹ (ਨੇ) ਇੰਜ ਕਾਰਜਸ਼ੀਲ ਹੈ ਜਿਵੇਂ ਇਹ ਪ੍ਰਤੱਖ ਰੂਪ ਵਿੱਚ ਵਿਦਮਾਨ ਹੋਵੇ ਤਾਂ (5) ਅਤੇ (6) ਵਾਕਾਂ ਵਿਚਲੀ ਮੇਲ ਦੀ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਹੈ । ਯਾਨੀ ਕਿ, ਕਿਉਂਕਿ ਮੈਂ ਤੋਂ ਬਾਅਦ ਨੇ ਸਬੰਧਕ ਵਿਦਮਾਨ ਹੈ, ਇਸ ਕਰਕੇ ਕਿਰਿਆ ਦਾ ਮੇਲ ਕਰਤਾ ਮੈਂ ਨਾਲ ਨਾ ਹੋ ਕੇ ਕਰਮ ਪਾਣੀ (5) ਅਤੇ ਚਾਹ (6) ਨਾਲ ਹੁੰਦਾ ਹੈ।

ਭਾਸ਼ਾਵਾਂ ਵਿੱਚ ਹੋਰ ਵੀ ਅਨੇਕਾਂ ਮਿਸਾਲਾਂ ਮਿਲਦੀਆਂ ਹਨ, ਜਿੱਥੇ ਇਕਾਈਆਂ ਪ੍ਰਤੱਖ ਰੂਪ ਵਿੱਚ ਵਿਦਮਾਨ ਨਾ ਹੋ ਕੇ ਵੀ ਵਾਕ ਵਿੱਚ ਕਾਰਜਸ਼ੀਲ ਹੁੰਦੀਆਂ ਹਨ।ਇਹ ਮਿਸਾਲਾਂ ਜਾਂ ਤੱਥ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਕਠਿਨਾਈਆਂ ਪੈਦਾ ਕਰਦੇ ਹਨ ਕਿਉਂਕਿ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਵਿੱਚ ਸਿਰਫ਼ ਪ੍ਰਤੱਖ ਇਕਾਈਆਂ ਦਾ ਹੀ ਲੇਖਾ-ਜੋਖਾ ਦਿੱਤਾ ਜਾ ਸਕਦਾ ਹੈ।

**11.3. ਵਿਸਥਾਪਤ ਇਕਾਈਆਂ (Displaced Consittuents)** ਵਿਸਥਾਪਤ ਇਕਾਈਆਂ ਤੀਜਾ ਮਹੱਤਵਪੂਰਨ ਭਾਸ਼ਾਈ ਤੱਥ ਹੈ, ਜੋ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਕਠਿਨਾਈਆਂ ਪੇਸ਼ ਕਰਦਾ ਹੈ।ਮਿਸਾਲ ਲਈ ਨਿਮਨ ਵਾਕਾਂ ਨੂੰ ਲਿਆ ਜਾ ਸਕਦਾ-

15. ਮੈਂ ਦਿੱਲੀ ਵਿੱਚ ਸ਼ਾਮ ਨੂੰ ਮਿਲਿਆ।
16. ਦਿੱਲੀ ਵਿੱਚ ਮੈਂ ਸ਼ਾਮ ਨੂੰ ਮਿਲਿਆ

ਉਪਰੋਕਤ ਵਾਕ (15) ਅਤੇ (16) ਸਮ-ਅਰਥੀ ਹਨ। ਪਰ ਵਾਕ (15) ਵਿੱਚ ਇਕਾਈ ਦਿੱਲੀ ਵਿੱਚ ਮੈਂ ਤੋਂ ਬਾਅਦ ਵਿੱਚ ਆ ਰਹੀ ਹੈ ਜਦੋਂ ਕਿ ਵਾਕ (16) ਵਿੱਚ ਮੈਂ ਤੋਂ ਪਹਿਲਾਂ ਆ ਰਹੀ ਹੈ । ਅਜਿਹੀਆਂ ਇਕਾਈਆਂ ਵੀ ਜੋ ਆਪਣੇ ਮੂਲ ਸਥਾਨ ਤੋਂ ਇਧਰ-ਓਧਰ ਵਿਚਰਦੀਆਂ , ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਕਠਿਨਾਈਆਂ ਪੇਸ਼ ਕਰਦੀਆਂ ਹਨ ਕਿਉਂਕਿ ਇਸ ਵਿਧੀ ਰਾਹੀਂ ਇਹਨਾਂ ਦੇ ਅਸਲੀ ਵਿਆਕਰਣਕ ਸੰਬੰਧ ਦਰਸਾਉਣਾ ਸੰਭਵ ਨਹੀਂ ਹੈ।

**11.4. ਅੰਤਰਵਾਕੀ ਸੰਬੰਧ (Intersentenital Relaitons)**

ਅੰਤਰਵਾਕੀ ਸੰਬੰਧ ਇਕ ਹੋਰ ਭਾਸ਼ਾਈ ਤੱਥ ਹੈ ਜੋ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਕਠਿਨਾਈਆਂ ਪੇਸ਼ ਕਰਦਾ ਹੈ । ਆਓ ਵਾਕਾਂ (17) ਅਤੇ (18) ਦੀ ਤੁਲਨਾ ਕਰੀਏ -

17. ਪਾਣੀ ਰਾਮ ਨੇ ਪੀਤਾ।
18. ਇਹ ਰਾਮ ਸੀ ਜਿਸ ਨੇ ਪਾਣੀ ਪੀਤਾ ।

ਵਾਕ (17) ਅਤੇ (18) ਸਮ-ਅਰਥੀ ਹਨ। ਜੇ ਇਹ ਸਮ-ਅਰਥੀ ਹਨ ਤਾਂ ਇਹ ਸਮ-ਅਰਥਤਾ ਇਹਨਾਂ ਵਾਕਾਂ ਦੇ ਵਿਸ਼ਲੇਸ਼ਣ ਵਿੱਚ ਵੀ ਪ੍ਰਗਟ ਹੋਣੀ ਚਾਹੀਦੀ ਹੈ। ਪਰ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਵਿੱਚ ਕੋਈ ਅਜਿਹਾ ਢੰਗ ਨਹੀਂ ਹੈ ਕਿ ਇਹਨਾਂ ਵਾਕਾਂ ਦੀ ਸਮਅਰਥਤਾ ਵਿਆਕਰਣ ਵਿਸ਼ਲੇਸ਼ਣ ਵਿੱਚ ਵੀ ਪ੍ਰਗਟ ਹੋ ਸਕੇ।

ਉਪਰੋਕਤ ਚਾਰ ਪ੍ਰਕਾਰ ਦੇ ਭਾਸ਼ਾਈ ਤੱਥਾਂ ਤੋਂ ਇਲਾਵਾ ਵੀ ਅਨੇਕਾਂ ਤੱਥ ਹਨ ਜੋ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਦੀ ਪਕੜ ਵਿੱਚ ਨਹੀਂ ਆਉਂਦੇ । ਪਰ ਇਥੇ ਸਾਡਾ ਮਨੋਰਥ ਕਿਉਂਕਿ ਸੰਖੇਪ ਜਾਣਕਾਰੀ ਦੇਣਾ ਹੈ, ਇਸ ਲਈ ਇਹਨਾਂ ਤੱਥਾਂ ਦੇ ਹੋਰ ਵਿਸਤਾਰ ਵਿੱਚ ਨਹੀਂ ਜਾਇਆ ਜਾ ਰਿਹਾ । ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਦੀਆਂ ਘਾਟਾਂ ਉਪਰੋਕਤ ਚਾਰ ਪ੍ਰਕਾਰ ਦੇ ਤੱਥ ਹੀ ਸਪਸ਼ਟ ਰੂਪ ਵਿੱਚ ਪ੍ਰਗਟ ਕਰ ਦੇਂਦੇ ਹਨ। ਅਗਲੇ ਭਾਗ ਵਿੱਚ ਇਹ ਦਰਸਾਇਆ ਗਿਆ ਹੈ ਕਿ ਚੋਮਸਕੀ ਨੇ ਕਿਵੇਂ ਆਪਣੀ ਰੂਪਾਂਤਰੀ ਵਿਆਕਰਣ ਰਾਹੀਂ ਇਹਨਾਂ ਤੱਥਾਂ ਦਾ ਢੁਕਵਾਂ ਵਿਆਕਰਣਕ ਵਿਸ਼ਲੇਸ਼ਣ ਪੇਸ਼ ਕੀਤਾ।

### III. ਰੂਪਾਂਤਰੀ ਵਿਆਕਰਣ (Transformaitonal Grammar)

ਚੌਮਸਕੀ ਨੇ ਤਿੰਨ ਮੂਲ ਸੰਕਲਪ ਪੇਸ਼ ਕੀਤੇ ਜਿਨ੍ਹਾਂ ਨਾਲ ਉਪਰੋਕਤ ਕਿਸਮ ਦੇ ਭਾਸ਼ਾਈ ਤੱਥਾਂ ਦੀ ਵਿਆਖਿਆ ਸੰਭਵ ਹੋ ਸਕੀ। ਇਹ ਤਿੰਨ ਸੰਕਲਪ ਸਨ - ਆਰੰਭਕ ਬਣਤਰ (Deep Structure), ਅੰਤਕ ਬਣਤਰ (Surface Structure) ਅਤੇ ਰੂਪਾਂਤਰੀ ਨਿਯਮ (Transformaitonal Rules) । ਚੌਮਸਕੀ ਨੇ ਮੱਤ ਪੇਸ਼ ਕੀਤਾ ਕਿ ਵਾਕ ਦੀ ਘਾੜਤ ਇਕ ਤੋਂ ਵਧੇਰੇ ਤਲਾਂ (Levels) ਤੇ ਹੁੰਦੀ ਹੈ ਅਤੇ ਇਕ ਤਲ ਦੀ ਬਣਤਰ ਦੂਜੇ ਤਲ ਦੀ ਬਣਤਰ ਨਾਲੋਂ ਵੱਖਰੀ ਹੁੰਦੀ ਹੈ। ਇਕ ਤਲ ਦੀ ਬਣਤਰ ਤੋਂ ਦੂਜੇ ਤਲ ਦੀ ਬਣਤਰ ਤੱਕ ਕੁੱਝ ਤਬਦੀਲੀਆਂ ਆਉਂਦੀਆਂ ਹਨ । ਇਹਨਾਂ ਤਬਦੀਲੀਆਂ ਨੂੰ ਰੂਪਾਂਤਰਣ ਕਿਹਾ ਜਾਂਦਾ ਹੈ ਅਤੇ ਇਹ ਤਬਦੀਲੀਆਂ ਲਿਆਉਣ ਵਾਲੇ ਨਿਯਮਾਂ ਨੂੰ ਰੂਪਾਂਤਰੀ ਨਿਯਮ (Transformaitonal Rules) । ਜਿਸ ਤਲ ਤੋਂ ਵਾਕ ਦੀ ਸਿਰਜਣ ਪ੍ਰਕਿਰਿਆ ਆਰੰਭ ਹੁੰਦੀ ਹੈ ਉਸਨੂੰ ਆਰੰਭਕ ਬਣਤਰ (Deep Structure) ਕਿਹਾ ਜਾਂਦਾ ਹੈ ਅਤੇ ਜੋ ਬਣਤਰ ਵਾਕ ਦੇ ਰੂਪ ਵਿੱਚ ਸਾਡੇ ਸਾਹਮਣੇ ਪੇਸ਼ ਹੁੰਦੀ ਹੈ ਉਸ ਨੂੰ ਅੰਤਕ ਬਣਤਰ (Surface Structure)।ਆਰੰਭਕ ਬਣਤਰ ਤੋਂ ਅੰਤਕ ਬਣਤਰ ਤੱਕ ਆਉਣ ਵਾਲੀਆਂ ਤਬਦੀਲੀਆਂ ਰੂਪਾਂਤਰਣ ਹਨ।ਕਈ ਵਿਦਵਾਨ ਦਏਪ ਸਟਰੁਚਟੁਰਏ ਅਤੇ ਸੁਰਡਓਚਏ ਸਟਰੁਚਟੁਰਏ ਦਾ ਪੰਜਾਬੀ ਉਲਥਾ ਤਰਤੀਬਵਾਰ ਗਹਿਨ ਸੰਰਚਨਾ ਅਤੇ ਸਤਹੀ ਸੰਰਚਨਾ ਜਾਂ ਬਣਤਰ ਕਰਦੇ ਹਨ ।ਹੇਠਲਾ ਚਿੱਤਰ ਇਥੇ ਕੀਤੀ ਵਿਵੇਚਨਾ ਨੂੰ ਮੂਰਤੀਮਾਨ ਕਰਦਾ ਹੈ -

**ਆਰੰਭਕ ਬਣਤਰ (Deep Structure) → ਰੂਪਾਂਤਰਣ (Transformaitons) → ਅੰਤਕ ਬਣਤਰ(Surface Structure)**

ਇਨ੍ਹਾਂ ਉਪਰੋਕਤ ਤਿੰਨ ਸੰਕਲਪਾਂ ਦੀ ਲੋਅ ਵਿੱਚ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਸਮੱਸਿਆਮੂਲਕ ਵਾਕਾਂ ਜਾਂ ਤੱਥਾਂ ਦੀ ਵਿਆਖਿਆ ਸਹਿਜੇ ਹੀ ਦਿੱਤੀ ਜਾ ਸਕਦੀ ਹੈ।III.0 ਤੋਂ III.3 ਉਪਭਾਗਾਂ ਵਿੱਚ ਇਸ ਵਿਆਖਿਆ ਦੀ ਵਿਵੇਚਨਾ ਦਿੱਤੀ ਗਈ ਹੈ।

111.0. **ਖੰਡਤ ਇਕਾਈਆਂ (Disconitnuous Consittuents) ਅਤੇ ਰੂਪਾਂਤਰੀ ਵਿਆਕਰਣ**

ਸਾਡੀ ਵਿਵੇਚਨਾ ਵਿੱਚ ਸਭ ਤੋਂ ਪਹਿਲੀ ਸਮੱਸਿਆਮੂਲਕ ਬਣਤਰ ਖੰਡਤ ਇਕਾਈਆਂ ਦੇ ਤੱਥਾਂ ਵਾਲੀ ਸੀ। ਹਵਾਲੇ ਲਈ ਇਹਨਾਂ ਵਾਕਾਂ ਨੂੰ ਇਥੇ ਦੁਹਰਾਇਆ ਜਾਂਦਾ ਹੈ-

3. He rang me up.
4. He siwtched the fan off.

ਇਕ ਤੋਂ ਵਧੇਰੇ ਤਲਾਂ 'ਤੇ ਵਾਕ ਦੀ ਬਣਤਰ ਦੇ ਸੰਕਲਪ ਅਤੇ ਰੂਪਾਂਤਰਣ ਦੇ ਸੰਕਲਪ ਨਾਲ ਇਹਨਾਂ ਵਾਕਾਂ ਦਾ ਵਿਸ਼ਲੇਸ਼ਣ ਇਹ ਕੀਤਾ ਜਾਵੇਗਾ ਕਿ ਇਕ ਤਲ 'ਤੇ (ਆਰੰਭਕ ਤਲ 'ਤੇ) ਇਹ ਖੰਡਤ ਇਕਾਈਆਂ ਅਖੰਡ ਰੂਪ ਵਿੱਚ ਵਿਦਮਾਨ ਹਨ । ਯਾਨੀ ਕਿ ਇਹਨਾਂ ਵਾਕਾਂ ਦੀਆਂ ਆਰੰਭਕ ਤਲ 'ਤੇ ਬਣਤਰਾਂ ਜਾਂ ਆਰੰਭਕ ਬਣਤਰਾਂ ਇਸ ਪ੍ਰਕਾਰ ਹਨ-

3 He rang up me.
4 He siwtched off th: fan.

ਫਿਰ ਰੂਪਾਂਤਰਣ ਰਾਹੀਂ ਨਾਂਵ-ਵਾਕੰਸ਼ me ਅਤੇ ਨਾਂਵ ਵਾਕੰਸ਼ the fan ਇਕਾਈਆਂ ਖੱਬੇ ਨੂੰ ਚੱਲ ਕੇ ਕਿਰਿਆਵਾਂ rang ਅਤੇ switched ਦੇ ਸੱਜੇ ਆ ਜਾਂਦੀਆਂ ਹਨ ਅਤੇ ਨਤੀਜੇ ਵਜੋਂ ਕ੍ਰਮਵਾਰ ਵਾਕ (3) ਅਤੇ (4) ਪ੍ਰਾਪਤ ਹੁੰਦੇ ਹਨ। ਨਾਂਵ ਵਾਕੰਸ਼ ਦੇ ਸਥਾਨ ਬਦਲਣ ਦੇ ਰੂਪਾਂਤਰਣ ਨੂੰ ਨਾਂਵ-ਵਾਕੰਸ਼ ਵਿਸਥਾਪਨ ਰੂਪਾਂਤਰੀ ਨਿਯਮ ਦਾ ਨਾਂ ਦਿੱਤਾ ਜਾ ਸਕਦਾ ਹੈ।

ਇਸ ਸਾਰੀ ਪ੍ਰਕਿਰਿਆ ਨੂੰ ਨਿਮਨ ਚਿੱਤਰ ਰਾਹੀਂ ਦਰਸਾਇਆ ਜਾ ਸਕਦਾ ਹੈ-

**ਆਰੰਭਕ ਬਣਤਰ → He rang up me → ਵਾਕੰਸ਼ ਵਿਸਥਾਪਨ ਰੂਪਾਂਤਰਣ → He rang me up → ਅੰਤਕ ਬਣਤਰ**

ਇਸ ਪ੍ਰਕਿਰਿਆ ਨੂੰ ਦਿਖਾਉਣ ਦੀ ਇਕ ਵਿਧੀ (21) ਵੀ ਹੈ -

**21. He rang me up “t”**

T ਚਿੰਨ੍ਹ trace (ਪੈੜ) ਸ਼ਬਦ ਲਈ ਵਰਤਿਆ ਗਿਆ ਹੈ ਜੋ ਦਰਸਾਉਂਦਾ ਹੈ ਕਿ ਇਸ ਸਥਾਨ ਤੋਂ ਕੋਈ ਇਕਾਈ ਵਿਸਥਾਪਤ ਹੋਈ ਹੈ। ਭਾਸ਼ਾਵਾਂ ਵਿੱਚ ਇਹ ਪਰਮਾਣ ਵੀ ਮਿਲਦੇ ਹਨ ਕਿ ਇਹਨਾਂ ਪੈੜਾਂ (traces) ਦਾ ਭਾਵੇਂ ਪ੍ਰਤੱਖ ਪ੍ਰਗਟਾਵਾ ਨਹੀਂ ਹੁੰਦਾ ਪਰ ਇਹ ਫਿਰ ਵੀ ਵਾਕ-ਬਣਤਰ ਵਿੱਚ ਕਾਰਜਸ਼ੀਲ ਹੁੰਦੀਆਂ ਹਨ । ਸਥਾਨ ਦੀ ਘਾਟ ਕਾਰਣ ਅਸੀਂ ਇਸ ਸੰਖੇਪ ਜਾਣਕਾਰੀ ਵਿੱਚ ਇਹਨਾਂ ਪਰਮਾਣਾਂ ਦੀ ਵਿਵਚੇਨਾ ਨਹੀਂ ਕਰ ਰਹੇ ਕਿਉਂਕਿ ਫਿਰ ਇਹ ਇਕੱਲਾ ਅਧਿਆਇ ਹੀ ਪੁਸਤਕ ਦਾ ਰੂਪ ਲਏ ਲਵੇਗਾ, ਜਦੋਂ ਕਿ ਇਸ ਅਧਿਆਇ ਦਾ ਟੀਚਾ ਰੂਪਾਂਤਰੀ ਵਿਆਕਰਣ ਦੀ ਸੰਖੇਪ ਜਾਣਕਾਰੀ ਦੇਣਾ ਹੈ। ਇਹਨਾਂ ਵਿਸਤਾਰਾਂ ਲਈ ਅਧਿਆਇ ਦੇ ਅੰਤ 'ਤੇ ਦਿੱਤੀਆਂ ਹਵਾਲਾ ਪੁਸਤਕਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਇਥੇ ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਵਾਕ-ਬਣਤਰ ਦੇ ਇਕ ਤੋਂ ਵਧੇਰੇ ਤਲਾਂ ਤੇ ਬਣਤਰ ਅਤੇ ਰੂਪਾਂਤਰਣ ਦੀਆਂ ਧਾਰਣਾਵਾਂ ਦੇ ਪੱਖ ਵਿੱਚ ਪਰਮਾਣ ਕੀ ਹੈ ? ਅਜਿਹੇ ਵਡੇਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਭਾਵੇਂ ਇਸ ਅਧਿਆਇ ਦਾ ਮੰਤਵ ਨਹੀਂ ਹੈ ਪਰ ਇਨ੍ਹਾਂ ਸੰਕੇਤ ਜ਼ਰੂਰ ਦਿੱਤਾ ਜਾ ਸਕਦਾ ਹੈ ਕਿ ਇਕ ਤਾਂ ਇਹ ਧਾਰਣਾਵਾਂ ਉਹਨਾਂ ਭਾਸ਼ਾਈ ਤੱਥਾਂ ਦੀ ਵਿਆਖਿਆ ਸੰਭਵ ਬਣਾਉਂਦੀਆਂ ਹਨ, ਜਿਨ੍ਹਾਂ ਦੀ ਵਿਆਖਿਆ ਪਹਿਲੇ ਸਿੱਧਾਂਤਕ ਮਾਡਲਾਂ ਵਿੱਚ ਨਹੀਂ ਹੋ ਸਕੀ ਅਤੇ ਦੂਜੇ, ਜਿਵੇਂ ਕਿ ਪਹਿਲਾਂ ਜ਼ਿਕਰ ਵੀ ਕੀਤਾ ਗਿਆ ਹੈ, ਭਾਸ਼ਾ ਵਿਚੋਂ ਹੀ ਪਰਮਾਣ ਮਿਲਦੇ ਹਨ ਕਿ ਵਿਸਥਾਪਤ ਇਕਾਈਆਂ ਦੀਆਂ ਪੈੜਾਂ ਵੀ ਕਾਰਜਸ਼ੀਲ ਹੁੰਦੀਆਂ ਹਨ। ਅਗਲੇ ਹਿੱਸੇ ਵਿੱਚ ਦਿੱਤੀ ਜਾ ਰਹੀ ਵਿਵੇਚਨਾ ਇਸ ਨੂੰ ਸਪਸ਼ਟ ਕਰੇਗੀ ।

III.1. ਲੁਪਤ ਇਕਾਈਆਂ (Deleted Consittuents) ਅਤੇ ਰੂਪਾਂਤਰੀ ਵਿਆਕਰਨ ਪੰਜਾਬੀ ਦੇ ਹੇਠ ਲਿਖੇ ਵਾਕ ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਲਈ ਸਮੱਸਿਆ ਪੈਦਾ ਕਰਦੇ ਹਨ -

5, ਮੈਂ ਚਾਹ ਪੀਤੀ।
6. ਮੈਂ ਪਾਣੀ ਪੀਤਾ।

ਇਹਨਾਂ ਵਾਕਾਂ ਵਿੱਚ ਸਬੰਧਕ ਦੀ ਅਣਹੋਂਦ ਦੇ ਬਾਵਜੂਦ ਵੀ ਕਿਰਿਆ (ਪੀਤੀ ਅਤੇ ਪੀਤਾ) ਦਾ ਮੇਲ ਕ੍ਰਮਵਾਰ ਕਰਮ ਚਾਹ ਅਤੇ ਪਾਣੀ ਨਾਲ ਹੈ। ਇਕ ਤੋਂ ਵਧੇਰੇ ਤਲਾ 'ਚ ਬਣਤਰ ਅਤੇ ਰੂਪਾਂਤਰਣ ਦੇ ਸੰਕਲਪ ਅਜਿਹੇ ਵਾਕਾਂ ਦਾ ਵੀ ਵਿਸ਼ਲੇਸ਼ਣ ਪੇਸ਼ ਕਰਦੇ ਹਨ। ਹੇਠਲਾ ਚਿੱਤਰ ਇਹਨਾਂ ਵਾਕਾਂ ਦੀ ਸਿਰਜਣ ਪ੍ਰਕਿਰਿਆ ਦੀ ਤਸਵੀਰ ਪੇਸ਼ ਕਰਦਾ ਹੈ .
21.ਆਰੰਭਕ ਬਣਤਰ

1. ਮੈਂ ਨੇ ਚਾਹ ਪੀਤੀ
2. ਮੈਂ ਨੇ ਪਾਣੀ ਪੀਤਾ

'ਨੇ' ਲੋਪਨ ਨਿਯਮ ਹੈ।

ਮੈਂ ਚਾਹ ਪੀਤੀ
ਮੈਂ ਪਾਣੀ ਪੀਤਾ

ਅੰਤਕ ਬਣਤਰ ਹੈ।

ਇਹ ਪਰਕਿਰਿਆ ਸਪਸ਼ਟ ਕਰਦੀ ਹੈ ਕਿ ਕਿਉਂ ਨੇ (ਸਬੰਧਕ) ਦੀ ਅਣਦ ਹੋਣ ਤੇ ਵੀ ਇਹਨਾਂ ਵਾਕਾਂ ਵਿੱਚ ਕਿਰਿਆ (ਪੀਤੀ, ਪੀਤਾ) ਦਾ ਮੇਲ ਕਰਤਾ (ਮੈਂ) ਨਾਲ ਨਹੀਂ ਹੁੰਦਾ। ਇਹ ਇਸ ਕਰਕੇ ਹੈ ਕਿ ਜਿਸ ਵੇਲੇ ਕਰਤਾ ਅਤੇ ਕਿਰਿਆ ਦਾ ਮੇਲ ਹੋ ਰਿਹਾ ਹੈ (ਆਰੰਭਕ ਤਲ 'ਤੇ) ਉਸ ਵੇਲੇ ਨੇ ਕਰਤਾ ਨਾਲ ਵਿਦਮਾਨ ਹੈ ਅਤੇ ਨੇ ਦਾ ਲੌਪ ਮੇਲ ਤੋਂ ਬਾਅਦ ਹੁੰਦਾ ਹੈ।

ਇਥੇ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਭਾਸ਼ਾ ਵਿੱਚ ਨੇ ਲੋਪ ਜਿਹੇ ਨਿਯਮ ਹੁੰਦੇ ਹੀ ਕਿਉਂ ਹਨ। ਇਥੇ ਇਸ ਵਿਸਤਾਰ ਵਿੱਚ ਜਾਣਾ ਪਰਸੰਗਕ ਨਾ ਹੋਣ ਕਰਕੇ ਇਸ ਪ੍ਰਸ਼ਨ ਦਾ ਉਤਰ ਪੇਸ਼ ਨਹੀਂ ਕੀਤਾ ਜਾ ਰਿਹਾ। ਪਰ ਇੰਨਾ

ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦੀਆਂ ਨਾਤੀ ਭਾਸ਼ਾਵਾਂ (ਜਿਵੇਂ ਕਿ ਹਿੰਦੀ) ਵਿੱਚ ਨੇ ਦੀ ਮੈਂ ਨਾਲ ਹੋਂਦ ਪੰਜਾਬੀ ਵਿੱਚ ਆਰੰਭਕ ਤਲ 'ਤੇ ਨੇ ਦੀ ਹੋਂਦ ਦਾ ਪਰਮਾਣ ਹੋ ਸਕਦਾ ਹੈ। ਇਥੇ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਆਵੱਸ਼ਕ ਨਹੀਂ ਕਿ ਵਿਚਾਰਾਧੀਨ ਵਾਕਾਂ ਦੀਆਂ ਆਰੰਭਕ ਬਣਤਰਾਂ ਉਦੋਂ ਹੀ ਹੋਣ ਜਿਵੇਂ ਇਥੇ ਦਿੱਤੀਆਂ ਜਾ ਰਹੀਆਂ ਹਨ। ਬਲਕਿ ਇੱਕ ਬਿਲਕੁਲ ਨਹੀਂ ਹੈ। ਪਰ ਇੱਥੇ ਸਾਡੀ ਵਿਵੇਚਨਾ ਦਾ ਮਨੋਰਥ ਰੂਪਾਂਤਰੀ ਮਾਡਲ ਅਨੁਸਾਰ ਵਾਕਾਂ ਦਾ ਸੰਪੂਰਨ ਵਿਸ਼ਲੇਸ਼ਣ ਦੇਣਾ ਨਹੀਂ ਹੈ ਬਲਕਿ ਇਹਨਾਂ ਵਾਕਾਂ ਦੀ ਸਹਾਇਤਾ ਨਾਲ ਰੂਪਾਂਤਰੀ ਸਿਧਾਂਤ ਦੀਆਂ ਮੂਲ ਮਾਨਤਾਵਾਂ ਦੀ ਸਰਲ ਵਿਆਖਿਆ ਪੇਸ ਕਰਨਾ ਹੈ।ਵਿਆਖਿਆ ਦੀ ਸਰਲਤਾ ਲਈ ਹੀ ਵਿਸ਼ਲੇਸ਼ਣ ਦੀਆਂ ਸੂਖ਼ਮਤਾਵਾਂ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ। ਵਿਸ਼ਲੇਸ਼ਣ ਦੀਆਂ ਸੂਖ਼ਮਤਾਵਾਂ ਨੂੰ ਸਮਝਣ ਲਈ ਵਧੇਰੇ ਵਿਸਤਰਤ ਅਧਿਐਨ ਦੀ ਲੋੜ ਹੈ ਜੋ ਮਕਸਦ ਕੇਵਲ ਇਸ ਇਕ ਅਧਿਆਇ ਦੇ ਅਧਿਐਨ ਨਾਲ ਪੂਰਾ ਨਹੀਂ ਹੋ ਸਕਦਾ।

### III.2. ਵਿਸਥਾਪਤ ਇਕਾਈਆਂ (Displaced Consittuents) ਅਤੇ ਰੂਪਾਂਤਰੀ ਵਿਆਕਰਣ

ਵਿਸਥਾਪਤ ਇਕਾਈਆਂ ਤੀਜਾ ਪ੍ਰਮੁੱਖ ਭਾਸ਼ਾਈ ਤੱਥ ਹੇ ਜੋ ਰੂਪਾਂਤਰੀ ਵਿਆਕਰਣ ਤੋਂ ਪਹਿਲੇ ਮਾਡਲਾਂ ਲਈ ਸੰਕਟ ਪੇਸ਼ ਕਰਦਾ ਹੈ। ਇਸ ਪਰਸੰਗ ਵਿੱਚ ਹੇਠ ਲਿਖੇ ਵਾਕਾਂ ਨੂੰ ਦੁਹਰਾਇਆ ਜਾ ਰਿਹਾ ਹੈ

15. ਮੈਂ ਦਿੱਲੀ ਵਿੱਚ ਸ਼ਾਮ ਨੂੰ ਮਿਲਿਆ।
16. ਦਿੱਲੀ ਵਿੱਚ ਮੈਂ ਸ਼ਾਮ ਨੂੰ ਮਿਲਿਆ।

ਇਹਨਾਂ ਦੋਹਾਂ ਵਾਕਾਂ ਦੀ ਇਕਮਿਕਤਾ (idenitty)ਅਤੇ ਸਮ-ਅਰਥਤਾ ਦੀ ਨਿਕਟ-ਅੰਗ ਵਿਸ਼ਲੇਸ਼ਣ ਕੋਈ ਵਿਆਖਿਆ ਨਹੀਂ ਦਿੰਦਾ। ਪਰ ਰੂਪਾਂਤਰੀ ਵਿਆਕਰਣ ਪ੍ਰਣਾਲੀ ਵਿੱਚ ਅਜਿਹੀ ਵਿਆਖਿਆ ਹਾਸਲ ਹੈ। ਇਕ ਤੋਂ ਵਧੇਰੇ ਤਲਾਂ 'ਤੇ ਬਣਤਰ ਦਾ ਸੰਕਲਪ ਅਤੇ ਰੂਪਾਂਤਰਣ ਦਾ ਸੰਕਲਪ ਇਹ ਸੰਭਾਵਨਾ ਪੈਦਾ ਕਰਦੇ ਹਨ ਕਿ ਇਹਨਾਂ ਦੋਹਾਂ ਵਾਕਾਂ ਵਿਚੋਂ ਇਕ ਨੂੰ ਦੂਜੇ ਦਾ ਰੂਪਾਂਤਰੀ ਰੂਪ ਮੰਨ ਲਿਆ ਜਾਵੇ । ਵਾਕ (15) ਕਿਉਂਕਿ ਸਾਧਾਰਣ ਤਰਤੀਬ ਦੇ ਜ਼ਿਆਦਾ ਨੇੜੇ ਹੈ, ਜਾਂ ਸਾਧਾਰਣ ਤਰਤੀਬ ਵਿੱਚ ਹੈ, ਇਸ ਲਈ ਵਾਕ (16) ਦੀ ਸਿਰਜਣ ਪ੍ਰਕਿਰਿਆ ਇੰਜ ਦਰਸਾਈ ਜਾ ਸਕਦੀ ਹੈ -

22.ਆਰੰਭਕ ਬਣਤਰ

- **ਮੈਂ ਦਿੱਲੀ ਵਿੱਚ ਸ਼ਾਮ ਨੂੰ ਮਿਲਿਆ**
- **'ਦਿੱਲੀ ਵਿੱਚ' ਵਾਕੰਸ਼ ਵਿਸਥਾਪਨ(ਰੂਪਾਂਤਰਣ)**
- **ਦਿੱਲੀ ਵਿੱਚ ਮੈਂ ਸ਼ਾਮ ਨੂੰ ਮਿਲਿਆ (ਅੰਤਕ ਬਣਤਰ)**

ਇੰਜ ਦੋਹਾਂ ਵਾਕਾਂ ਦੇ ਅੰਤਰ ਸੰਬੰਧਾਂ ਦੀ ਵਿਸ਼ਲੇਸ਼ਣਾਤਮਕ ਵਿਆਖਿਆ ਵੀ ਹਾਸਲ ਹੋ ਜਾਂਦੀ ਹੈ ਅਤੇ ਦੋਹਾਂ ਦੇ ਵਖਰੇਵੇਂ ਦੀ ਵਿਆਖਿਆ ਵੀ। ਇਸ ਵਾਕ ਵਿੱਚ ਵਿਸਥਾਪਨ ਦਾ ਪ੍ਰੇਰਨਾ ਸਰੋਤ ਵੀ ਸਪਸ਼ਟ ਹੈ।ਵਾਕ(15) ਵਿੱਚ ਮੈਂ ਵਿਸ਼ਾ (Topic) ਅਤੇ ਦਿੱਲੀ ਵਿੱਚ ਸ਼ਾਮ ਨੂੰ ਮਿਲਿਆ ਟਿੱਪਣੀ (Comment) ਹੈ। ਪਰ ਵਾਕ (16) ਵਿੱਚ ਦਿੱਲੀ ਵਿੱਚ ਵਿਸ਼ਾ ਹੈ ਅਤੇ ਮੈਂ ਸ਼ਾਮ ਨੂੰ ਮਿਲਿਆ ਟਿੱਪਣੀ । ਦੋਹਾਂ ਵਾਗ ਵਿੱਚ ਭਾਵੇਂ ਤਾਰਕਿਕ ਜਾਂ ਕਰਤਾ-ਕਰਮ (Agent-Affected) ਆਦਿ ਅਰਥ-ਸੰਬੰਧ ਇਕੋ ਜਿਹੇ ਹਨ ਪਰ ਵਿਸ਼ਾ ਟਿੱਪਣੀ (Topic-Comment) ਸੰਬੰਧ ਬਦਲ ਜਾਂਦੇ ਹਨ।

ਇੰਜ ਅਸੀਂ ਵੇਖਦੇ ਹਾਂ ਕਿ ਰੂਪਾਂਤਰੀ ਮਾਡਲ ਵਿਸਥਾਪਤ ਇਕਾਈਆਂ ਦੀ ਵੀ ਸਿੱਧਾਂਤਕ ਵਿਆਖਿਆ ਪੇਸ਼ ਕਰਦਾ ਹੈ, ਜੋ ਕਿ ਪਹਿਲੇ ਮਾਡਲਾਂ ਵਿੱਚ ਨਹੀਂ ਸੀ ਮਿਲਦੀ ।

### III.3. ਵਾਕ-ਸਮਅਰਥਤਾ (Sentenital Synonymy) ਅਤੇ ਰੂਪਾਂਤਰੀ ਵਿਆਕਰਣ

ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਵਿੱਚ ਪਿੱਛੇ ਵਿਵੇਚੀਆਂ ਘਾਟਾਂ ਹੀ ਨਹੀਂ ਸਨ ਬਲਕਿ ਇਸ ਵਿੱਚ ਸਮ-ਅਰਥੀ ਵਾਕਾਂ ਦੇ ਅੰਤਰ-ਸੰਬੰਧਾਂ ਬਾਰੇ ਵੀ ਕੋਈ ਸਿੱਧਾਂਤਕ ਵਿਆਖਿਆ ਨਹੀਂ ' ਮਿਲਦੀ। ਜਿਵੇਂ ਕਿ ਅਸਾਂ ਪਿੱਛੇ ਵੇਖਿਆ ਹੈ ਕਿ ਵਾਕ (17) ਅਤੇ (18) ਸਮ-ਅਰਥੀ ਹਨ -

17. ਪਾਣੀ ਰਾਮ ਨੇ ਪੀਤਾ।
18. ਇਹ ਰਾਮ ਸੀ ਜਿਸ ਨੇ ਪਾਣੀ ਪੀਤਾ।

ਕਿਸੇ ਵੀ ਸਿੱਧਾਂਤਕ ਮਾਡਲ ਲਈ ਪਰਵਾਨ ਚੜ੍ਹਨ ਲਈ ਜ਼ਰੂਰੀ ਹੈ ਕਿ ਇਹ ਸਮ-ਅਰਥਤਾ ਦਾ ਤੱਥ ਉਸ ਮਾਡਲ ਦੇ ਵਿਸ਼ਲੇਸ਼ਣ ਵਿੱਚ ਵੀ ਉਜਾਗਰ ਹੋਵੇ ਜੋ ਕਿ ਰੂਪਾਂਤਰੀ ਵਿਆਕਰਣ ਤੋਂ ਪਹਿਲੇ ਮਾਡਲਾਂ ਵਿੱਚ ਪ੍ਰਾਪਤ ਨਹੀਂ ਹੈ। ਪਰ ਅਜਿਹੀ ਵਿਆਖਿਆ ਰੂਪਾਂਤਰੀ ਮਾਡਲ ਵਿੱਚ ਜ਼ਰੂਰ ਪ੍ਰਾਪਤ ਹੈ। ਰੂਪਾਂਤਰੀ ਮਾਡਲ ਵਿੱਚ ਕਿਉਂਕਿ ਵਾਕ ਦੀ ਰਚਨਾ ਇਕ ਤੋਂ ਵਧੇਰੇ ਤਲਾਂ 'ਤੇ ਹੋਈ ਮੰਨੀ ਜਾਂਦੀ ਹੈ, ਇਸ ਲਈ ਇਹਨਾਂ ਵਾਕਾਂ ਬਾਰੇ ਵੀ ਕਿਹਾ ਜਾ ਸਕਦਾ ਹੈ ਕਿ ਇਕ ਤਲ 'ਤੇ ਇਹਨਾਂ ਦੀ ਬਣਤਰ ਸਮਰੂਪ ਹੈ ਜਾਂ ਇਕੋ ਜਿਹੀ ਹੈ। ਇਹ ਆਰੰਭਕ ਬਣਤਰ (Deep Structure) ਦਾ ਪੱਧਰ ਹੈ। ਇਹ ਅਜਿਹਾ ਪੱਧਰ ਹੈ ਜਿੱਥੇ ਸੰਰਚਨਾ ਵਿੱਚ ਸਿਰਫ਼ ਤਾਰਕਿਕ ਅਰਥ ਸੰਬੰਧ ਹੀ ਰੂਪਮਾਨ ਹੁੰਦੇ ਹਨ। ਦੋਹਾਂ ਵਾਕਾਂ ਵਿੱਚ ਕਿਉਂਕਿ ਤਾਰਕਿਕ (ਕਰਤਾ, ਕਰਮ, ਕਿਰਿਆ) ਸੰਬੰਧ ਇਕੋ ਜਿਹੇ ਹਨ।ਇਸ ਕਰਕੇ ਇਹਨਾਂ ਦੀ ਆਰੰਭਕ ਬਣਤਰ ਵੀ ਇਕੋ ਜਿਹੀ ਹੋਵੇਗੀ, ਜੋ ਸਰਲ ਰੂਪ ਵਿੱਚ ਇੰਜ ਪੇਸ਼ ਕੀਤੀ ਜਾ ਸਕਦੀ ਹੈ -
23. ਆਰੰਭਕ ਬਣਤਰ

| ਰਾਮ ਨੇ ਪਾਣੀ ਪੀਤਾ |
|---|

ਇਸ ਬਣਤਰ ਤੋਂ ਵੱਖ-ਵੱਖ ਰੂਪਾਂਤਰੀ ਨੇਮਾਂ ਰਾਹੀਂ ਵਾਕ (17) ਅਤੇ (18) ਦੀ ਉਤਪੱਤੀ ਹੁੰਦੀ ਹੈ। ਇੰਜ ਰੂਪਾਂਤਰੀ ਮਾਡਲ ਰਾਹੀਂ (17) ਅਤੇ (18) ਵਾਕਾਂ ਦੀ ਸਮ-ਅਰਥਤਾ ਦੀ ਵਿਆਖਿਆ ਮਿਲ ਜਾਂਦੀ ਹੈ। ਯਾਨੀ ਕਿ, ਕਿਉਂਕਿ ਦੋਹਾਂ ਵਾਕਾਂ ਦੀ ਆਰੰਭਕ ਬਣਤਰ (Deep Structure) ਸਾਂਝੀ ਹੈ, ਇਸ ਲਈ ਦੋਵੇਂ ਵਾਕ ਸਮਅਰਥੀ ਹਨ।

### III.4. ਸਾਰ

ਇੰਜ ਅਸੀਂ ਵੇਖਦੇ ਹਾਂ ਕਿ ਜਿਨ੍ਹਾਂ ਮਹੱਤਵਪੂਰਨ ਭਾਸ਼ਾਈ ਤੱਥਾਂ ਦਾ ਪਹਿਲੇ ਮਾਡਲਾਂ ਵਿੱਚ ਕੋਈ ਵਿਸ਼ਲੇਸ਼ਣ ਪ੍ਰਾਪਤ ਨਹੀਂ ਸੀ ਅਤੇ ਨਾ ਹੀ ਇਹਨਾਂ ਤੱਥਾਂ ਲਈ ਪਹਿਲੇ ਮਾਡਲ ਕੋਈ ਸਿੱਧਾਂਤਕ ਵਿਆਖਿਆ ਪੇਸ਼ ਕਰਦੇ ਸਨ, ਰੂਪਾਂਤਰੀ ਸਿਧਾਂਤ ਨੇ ਉਹਨਾਂ ਤੱਥਾਂ ਦਾ ਸੰਰਚਨਾਤਕ ਵਿਸ਼ਲੇਸ਼ਣ ਪੇਸ਼ ਕੀਤਾ ਅਤੇ ਇਹਨਾਂ ਤੱਥਾਂ ਦੀ ਸਿੱਧਾਂਤਕ ਵਿਆਖਿਆ ਵੀ ਪੇਸ਼ ਕੀਤੀ । ਇਹਨਾਂ ਕਾਰਣਾਂ ਕਰਕੇ ਰੂਪਾਂਤਰੀ ਸਿਧਾਂਤ ਨੇ ਭਾਸ਼ਾ ਵਿਗਿਆਨ ਵਿੱਚ ਇਕ ਨਵੀਂ ਕਰਾਂਤੀ ਲਿਆਂਦੀ ਅਤੇ ਰੂਪਾਂਤਰੀ ਸਿਧਾਂਤ ਸਿੰਟੈਕਟਿਕ ਸਟਰਕਚਰਜ਼ ਦੇ ਪ੍ਰਕਾਸ਼ਨ (1957) ਤੋਂ ਲੈ ਕੇ ਹਦ ਤਕ ਸਭ ਤੋਂ ਵੱਧ ਪ੍ਰਚੱਲਤ ਅਤੇ ਪ੍ਰਭਾਵੀ ਸਿਧਾਂਤ ਹੈ । ਰੂਪਾਂਤਰੀ ਸਿਧਾਂਤ ਤੋਂ ਬਾਅਦ ਕੁੱਝ ਵੱਖਰੇ ਵਿਸ਼ਲੇਸ਼ਣਾਤਮਕ ਮਾਡਲ ਵੀ ਪ੍ਰਚਲਨ ਵਿੱਚ ਆਏ, ਜਿਵੇਂ ਕਿ ਸਬੰਧਕੀ ਵਿਆਕਰਣ, (Relaitonal Grammar) ਪਰ ਇਹ ਮਾਡਲ ਸਿਰਫ਼ ਪ੍ਰਤੱਖ ਰੂਪ ਵਿੱਚ ਹੀ

ਵੱਖਰੇ ਹਨ । ਇਕ ਤੋਂ ਵਧੇਰੇ ਤਲਾਂ 'ਤੇ ਵਾਕ ਦੀ ਬਣਤਰ ਅਤੇ ਰੂਪਾਂਤਰਣ ਦੇ ਸੰਕਲਪ ਇਹਨਾਂ ਸਭ ਮਾਡਲਾਂ ਵਿੱਚ ਅੰਤਰਨਿਹਤ ਹਨ।

**V. ਰੂਪਾਂਤਰੀ ਸਿਧਾਂਤ ਦੇ ਕੁੱਝ ਹੋਰ ਅਹਿਮ ਸੰਕਲਪ**

ਪਿੱਛੇ ਅਸੀਂ ਰੂਪਾਂਤਰੀ ਵਿਆਕਰਣ ਦੇ ਤਿੰਨ ਸੰਕਲਪਾਂ ਆਰੰਭਕ ਬਣਤਰ (Deep Structure), ਅੰਤਕ ਬਣਤਰ (Surface Structure) ਅਤੇ ਰੂਪਾਂਤਰਣ (Transfo- maitons) ਦੀ ਵਿਵੇਚਨਾ ਹੀ ਕੀਤੀ ਹੈ ਅਤੇ ਦਰਸਾਇਆ ਹੈ ਕਿ ਕਿਵੇਂ ਇਹ ਸੰਕਲਪ ਕੁੱਝ ਮਹੱਤਵਪੂਰਣ ਭਾਸ਼ਾਈ ਤੱਥਾਂ ਦਾ ਵਿਸ਼ਲੇਸ਼ਣ ਕਰਨ ਅਤੇ ਇਹਨਾਂ ਦੀ ਵਿਆਖਿਆ ਦੇਣ ਵਿੱਚ ਸਹਾਈ ਹੁੰਦੇ ਹਨ।ਇਹ ਤਿੰਨ ਸੰਕਲਪ ਰੂਪਾਂਤਰੀ ਵਿਆਕਰਣ ਦੇ ਆਧਾਰਭੂਤ ਸੰਕਲਪ ਹਨ ਅਤੇ ਇਹਨਾਂ ਕਰਕੇ ਇਹ ਸਿਧਾਂਤ ਪਹਿਲੇ ਸਿਧਾਤਾਂ ਨਾਲੋਂ ਮੌਲਿਕ ਰੂਪ ਵਿੱਚ ਵਿਲੱਖਣ ਹੈ। ਰੂਪਾਂਤਰੀ ਸਿਧਾਂਤ ਦੇ ਕੁੱਝ ਹੋਰ ਅਹਿਮ ਸੰਕਲਪ ਹਨ ਜਿਨ੍ਹਾਂ ਦੀ ਜਾਣਕਾਰੀ ਇਸ ਅਧਿਆਇ ਦੇ ਪ੍ਰਸੰਗ ਵਿੱਚ ਦਿੱਤੀ ਜਾਣੀ ਜ਼ਰੂਰੀ ਹੈ । ਇਹ ਸੰਕਲਪ ਹਨ – ਵਾਕੰਸ਼ ਬਣਤਰ (Phrase Structure), ਸਿਰਜਣਾਤਮਕਤਾ (Creaitivty), ਪ੍ਰਜਨਨਾਤਮਕਤਾ (Generaitivty), ਯੋਗਤਾ ਅਤੇ ਸਮਰੱਥਾ (Competence and Performance) ਅਤੇ ਵਿਆਕਰਣ ਦਾ ਮਾਨਸਿਕ ਯਥਾਰਥ (Psycholoigcal Reailty of Grammar) । ਇਸ ਖੰਡ ਵਿੱਚ ਇਹਨਾਂ ਸੰਕਲਪਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

**IV. ਵਾਕ–ਬਣਤਰ**

ਚੌਮਸਕੀ ਨੇ ਆਰੰਭਕ ਬਣਤਰ, ਅੰਤਕ ਬਣਤਰ ਅਤੇ ਰੂਪਾਂਤਰਣ ਦੇ ਸੰਕਲਪਾਂ ਨਾਲ ਜਿੱਥੇ ਵਿਆਕਰਣ ਸਿਧਾਂਤ ਨੂੰ ਮੂਲੋਂ ਹੀ ਬਦਲ ਦਿੱਤਾ ਉਥੇ ਉਸਨੇ ਵਾਕਾਂ ਦੀ ਬਣਤਰ ਨੂੰ ਵਾਕੰਸ਼–ਬਣਤਰ ਦੇ ਦ੍ਰਿਸ਼ਟੀਕੋਣ ਤੋਂ ਵੀ ਨਵੇਂ ਸਿਰਿਉਂ ਪਰਿਭਾਸ਼ਤ ਕੀਤਾ। ਚੌਮਸਕੀ ਦੇ ਵਾਕੰਸ਼ ਬਣਤਰ ਬਾਰੇ ਨਵੇਂ ਦ੍ਰਿਸ਼ਟੀਕੋਣ ਦੀ ਵਿਵੇਚਨਾ ਲਈ ਆਉ ਪੰਜਾਬੀ ਦੇ ਹੇਠਲੇ ਦੋ ਵਾਕਾਂ ਦੀ ਪੜਚੋਲ ਕਰੀਏ

24. ਜੁਗਿੰਦਰ ਕੰਮ ਕਰਦਾ ਸੀ।
25 ਜੁਗਿੰਦਰ ਕੰਮ ਕਰ ਸਕਦਾ ਸੀ।

ਉਪਰੋਕਤ ਵਾਕਾਂ ਵਿੱਚ ਕੇਵਲ ਕਰਦਾ ਅਤੇ ਕਰ ਸਕਦਾ ਦਾ ਹੀ ਅੰਤਰ ਹੈ । ਕਰਦਾ ਅਤੇ ਕਰ ਸਕਦਾ ਵਿੱਚ ਦਾ ਤੱਤ ਸਾਂਝਾ ਹੈ।ਸਾਡੇ ਲਈ ਪਰਸੰਗਕ ਗੱਲ ਇਹ ਹੈ ਕਿ ਇਹ ਦਾ ਤੱਤ ਕਿਰਿਆ ਸਭ ਦੀ ਅਣਹੋਂਦ ਵਿੱਚ ਹੀ ਮੁੱਖ ਕਿਰਿਆ (ਇਥੇ ਕਰਨ ਨਾਲ ਜੁੜ ਕੇ ਆ ਸਕਦਾ ਹੈ। ਕਰਦਾ ਅਤੇ ਕਰ ਸਕਦਾ ਦੀ ਤੁਲਨਾ ਇਸ ਦਾ ਤੱਤ ਦੀ ਸਾਪੇਖਕ ਸੁਤੰਤਰਤਾ ਦਾ ਸੰਕੇਤ ਦੇਂਦੀ ਹੈ।ਯਾਨੀ ਕਿ, ਇਹ ਹੁੰਦਾ ਤੱਤ ਕਿਰਿਆ ਕਰ ਜਾਂ ਸਹਾਇਕ ਕਿਰਿਆ ਸਕ ਨਾਲ ਥੋਪਿਆ ਨਹੀਂ ਹੋਇਆ ਅਤੇ ਵੱਖਰੀਆਂ ਵੱਖਰੀਆਂ ਪਰਸਥਿਤੀਆਂ ਵਿੱਚ ਇਹ ਦੋਹਾਂ ਵਿਚੋਂ ਕਿਸੇ ਨਾਲ ਵੀ ਜੁੜ ਕੇ ਆ ਸਕਦਾ ਹੈ।

ਹੁਣ, ਜੇ ਕਰਦਾ ਅਤੇ ਕਰ ਸਕਦਾ ਨੂੰ ਆਧਾਰਭੂਤ ਤੱਥ ਮੰਨ ਕੇ ਕਿਰਿਆਵੀ ਬਣਤਰ ਦੀ ਵਿਆਕਰਣ ਉਸਾਹਨੀ ਹੋਵੇ ਤਾਂ ਦੋ ਸੰਭਵ ਤਰੀਕੇ ਹਨ, ਇਕ ਤਾਂ ਇਹ ਕਿ ਦਾ ਨੂੰ ਕਰਦਾ ਅਤੇ ਸਕਦਾ ਦੋਹਾਂ ਦਾ ਅੰਦਰੂਨੀ ਹਿੱਸਾ ਸਮਝ ਲਿਆ ਜਾਵੇ ਅਤੇ ਦੂਜਾ ਇਹ ਕਿ –ਦਾ ਨੂੰ ਇਕ ਸੁਤੰਤਰ ਤੱਤ ਮੰਨ ਲਿਆ ਜਾਵੇ ਜੋ ਵਾਕ ਰਚਨਾ ਦੀ ਪ੍ਰਕਿਰਿਆ ਵਿੱਚ ਇਕ ਪੜਾਅ ਤੇ ਕਰ ਜਾਂ ਸਕ ਨਾਲ ਜੁੜ ਸਕਦਾ ਹੈ । ਸਪਸ਼ਟ ਹੈ ਕਿ ਦੂਜੀ ਤਰ੍ਹਾਂ ਦੀ ਵਿਆਕਰਣ, ਜੋ ਦਾ ਨੂੰ ਸੁਤੰਤਰ ਤੱਤ ਮੰਨਦੀ ਹੈ, ਉਸ ਵਿਆਕਰਣ ਨਾਲੋਂ ਸੰਖੇਪ ਹੋਵੇਗੀ ਜੋ ਦਾ ਨੂੰ ਕਰਦਾ ਅਤੇ ਸਕਦਾ ਦੋਹਾਂ ਵਿੱਚ ਅੰਦਰੂਨੀ ਹਿੱਸਾ ਮੰਨਦੀ

ਹੈ।ਇਸ ਦਾ ਕਾਰਣ ਇਹ ਹੈ ਪਹਿਲੀ ਤਰ੍ਹਾਂ ਦੀ ਵਿਆਕਰਣ ਕਰ ਅਤੇ ਸਭ ਦਾ ਇਕ-ਇਕ ਮੂਲ ਰੂਪ ਦੇਂਦੀ ਹੈ ਅਤੇ ਦਾ ਵਾਲੇ ਰੂਪ ਰੂਪਾਂਤਰੀ ਨਿਯਮ ਰਾਹੀਂ ਪ੍ਰਾਪਤ ਕਰਦੀ ਹੈ।ਪਰ ਦੂਜੀ ਪ੍ਰਕਾਰ ਦੀ ਵਿਆਕਰਣ ਕਰ ਅਤੇ ਸਕ ਦੇ ਕਰਦਾ ਅਤੇ ਸਕਦਾ ਰੂਪਾਂ ਲਈ ਦੋ ਵੱਖ-ਵੱਖ ਨਿਯਮ ਦੇਂਦੀ ਹੈ, ਇਕ ਕਰ ਲਈ ਅਤੇ ਦੂਜਾ ਸਭ ਲਈ। ਇਥੇ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਸਕਦਾ ਦੀ ਮੌਜੂਦਗੀ ਵਿੱਚ ਕਿਰਿਆ ਕਰ ਦਾ ਕਰਦਾ ਰੂਪ ਵਾਕ ਵਿੱਚ ਸੰਭਵ ਨਹੀਂ ਹੈ । ਇਹ ਤੱਥ ਵੀ -ਦਾ ਤੱਤ ਦੀ ਸੁਤੰਤਰਤਾ ਦਾ ਸੰਕੇਤ ਦੇਂਦਾ ਹੈ ਅਤੇ ਜੇ -ਦਾ ਜਿਹੇ ਹੋਰ ਨਾਲ ਜੁੜ ਕੇ ਆਉਣ ਵਾਲੇ ਕਾਲ (Tense), ਕਾਲਸਰੂਪ (Aspect) ਆਦਿ ਬੰਧੇਜੀ (Bound) ਰੂਪਾਂ ਨੂੰ ਧਿਆਨਗੋਚਰ ਕਰੀਏ ਤਾਂ ਸਪੱਸ਼ਟ ਹੀ ਹੈ ਕਿ ਦਾ ਜਿਹੇ ਤੱਤਾਂ ਨੂੰ ਸੁਤੰਤਰ ਮੰਨਣ ਵਾਲੀ ਵਿਆਕਰਣ ਅਤਿਅੰਤ ਸੰਖੇਪ ਵੀ ਹੋਵੇਗੀ ਅਤੇ ਭਾਸ਼ਾ ਦੇ ਤੱਥ ਵੀ ਅਜਿਹੀ ਸੁਤੰਤਰਤਾ ਲਈ ਪਰਮਾਣ ਪੇਸ਼ ਕਰਦੇ ਹਨ ।

ਨੌਮ ਚੌਮਸਕੀ ਨੇ ਇਹਨਾਂ ਕਾਰਣਾਂ ਕਰਕੇ ਕਾਲ (Tense) ਆਦਿ ਰੂਪਾਂ ਨੂੰ ਸੁਤੰਤਰ ਹਸਤੀਆਂ ਮੰਨਿਆ ਅਤੇ ਇਹਨਾਂ ਨੂੰ ਵਾਕ ਬਣਤਰ ਵਿੱਚ ਇਵੇਂ ਹੀ ਕੇਂਦਰੀ ਸ਼੍ਰੇਣੀਆਂ ਮੰਨਿਆ ਜਿਵੇਂ ਨਾਂਵ, ਕਿਰਿਆ ਆਦਿ ਨੂੰ ਅਤੇ ਜਿਵੇਂ ਨਾਂਵ-ਵਾਕੰਸ਼ ਨਾਂਵ ਦਾ ਪਾਸਾਰ ਹੈ, ਕਿਰਿਆ ਵਾਕੰਸ਼ ਕਿਰਿਆ ਦਾ ਪਾਸਾਰ ਹੈ ਇਵੇਂ ਹੀ ਵਾਕ ਵੀ ਇਕ ਵਾਕੰਸ਼ ਹੈ ਅਤੇ ਇਹ ਕਾਲ (Tense) ਤੱਤ ਦਾ ਪਾਸਾਰ ਹੈ ਯਾਨੀ ਕਿ ਵਾਕ ਇਕ ਕਾਲ-ਵਾਕੰਸ਼ (Tense Prast) ਹੈ।

ਸਿਰਫ਼ ਇੰਨਾ ਹੀ ਨਹੀਂ, ਇਸ ਦ੍ਰਿਸ਼ਟੀਕੋਣ ਤੋਂ ਰੂਪਾਂਤਰਵਾਦੀ ਵਿਆਕਰਣਕਾਰਾਂ ਨੇ ਹੋਰ ਵਾਕੰਸ਼ ਵੀ ਲੱਭੇ ਜਿਵੇਂ ਕਾਲ ਸਰੂਪ ਵਾਕੰਸ਼ (Aspect Phrase) ਬਿਰਤੀਵਾਚਕ ਵਾਕੰਸ਼ (Modal Phrase) ਆਦਿ । ਇਸ ਦ੍ਰਿਸ਼ਟੀਕੋਣ ਤੋਂ ਵਾਕਾਂ (24) ਅਤੇ (21) ਦੀ ਸਿਰਜਣ ਪਰਕਿਰਿਆ ਚਿੱਤਰਾਂ (26) ਅਤੇ (27) ਰਾਹੀਂ ਵਿਖਾਈ ਜਾ ਸਕਦੀ ਹੈ

26. ਜੁਗਿੰਦਰ ਕੰਮ ਕਰਦਾ ਸੀ ਦੀ ਰਚਨਾ ਪਰਕਿਰਿਆ-

**ਕਾਲ ਵਾਕੰਸ਼ (ਵਾਕ)---ਕਾਲਸਰੂਪ ਵਾਕੰਸ਼---ਕਾਲ---ਸੀ---ਕਿਰਿਆ ਵਾਕੰਸ਼--- ਦਾ ਕਾਲਸਰੂਪ--- ਵਾਕੰਸ਼---ਨਾਂਵ--- ਜੁਗਿੰਦਰ---ਨਾਂਵ ਵਾਕੰਸ਼---ਕੰਮ---ਕਿਰਿਆ---ਕਰ**

ਚਿੱਤਰ (26) ਵਿੱਚ ਕਰ ਅਤੇ -ਦਾ ਇਕ ਪੜਾਅ ਤੇ ਵੱਖ-ਵੱਖ ਸਥਾਨਾਂ 'ਤੇ ਹਨ । ਪਰ ਬਾਅਦ ਵਿੱਚ ਕਿਰਿਆ ਕਰ ਵਿਸਥਾਪਤ ਹੋ ਕੇ "ਦਾ ਨਾਲ ਜਾ ਜੁੜਦੀ ਹੈ । 27 ਜੁਗਿੰਦਰ ਕੰਮ ਕਰ ਸਕਦਾ ਸੀ ਦੀ ਰਚਨਾ ਪਰਿਕਿਰਿਆ -

**ਕਾਲ ਵਾਕੰਸ਼---ਕਾਲ ਸਰੂਪ ਵਾਕੰਸ਼--- ਕਾਲ---ਸੀ**

**ਕਾਲ ਸਰੂਪ ਵਾਕੰਸ਼---ਦਾ---ਬਿਰਤੀਵਾਚਕ ਵਾਕੰਸ਼**

**ਕਿਰਿਆ ਵਾਕੰਸ਼---ਨਾਂਵ ਵਾਕੰਸ਼--- ਜੁਗਿੰਦਰ**

**ਨਾਂਵ ਵਾਕੰਸ਼---ਕੰਮ**

**ਕਿਰਿਆ---ਕਰ**

ਚਿੱਤਰ (27) ਵਿੱਚ ਸਕ ਅਤੇ -ਦਾ ਇਕ ਪੜਾਅ ਤੇ ਵੱਖਰੇ-ਵੱਖਰੇ ਹਨ । ਪਰ ਬਾਅਦ ਵਿੱਚ ਸਭ ਵਿਸਥਾਪਤ ਹੋ ਕੇ -ਦਾ ਨਾਲ ਜੁੜਦੀ ਹੈ ।

(26) ਅਤੇ (27) ਚਿੱਤਰਾਂ ਦੀ ਤੁਲਨਾ ਸਪਸ਼ਟ ਕਰਦੀ ਹੈ ਕਿ ਸਭ ਦੀ ਮੌਜੂਦਗੀ ਵਿੱਚ ਦਾ ਕਰ ਨਾਲ ਕਿਉਂ ਨਹੀਂ ਜੁੜ ਸਕਦਾ । ਕਾਰਣ ਇਹ ਹੈ ਕਿ ਇਸ ਸਥਿਤੀ ਵਿੱਚ ਕਰ ਅਤੇ ਦਾ ਵਿਚਕਾਰ ਸਭ ਦੀ ਉਪਸਥਿਤੀ ਕਰ ਅਤੇ -ਦਾ ਨੂੰ ਜੋੜਨ ਤੋਂ ਰੋਕਦੀ ਹੈ ਅਤੇ -ਦਾ ਦਾ ਮੇਲ ਸਿਰਫ਼ ਸਭ ਨਾਲ ਹੋ ਸਕਦਾ ਹੈ। ਇਕ ਚੌਮਸਕੀ ਨੇ ਵਾਕ-ਬਣਤਰ ਦੇ ਨਿਯਮਾਂ ਵਿੱਚ ਵੀ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਆਪਣੇ ਵਿਸ਼ਲੇਸ਼ਣ ਲਈ ਭਾਸ਼ਾ ਵਿਚੋਂ ਤੱਥ-ਮੂਲਕ (Emipircal) ਪ੍ਰਮਾਣ ਪੇਸ਼ ਕੀਤੇ।

### IV.1. ਸਿਰਜਣਾਤਮਕਤਾ ਅਤੇ ਪਰਜਨਾਤਮਕਤਾ (Creaitivty and Generaitivty)

ਪ੍ਰਸਿੱਧ ਦਰਸ਼ਨਵੇਤਾ ਵਾਨ ਹਮਬੋਲਟ (Van Humboldt) ਨੇ ਭਾਸ਼ਾ ਦੇ ਇਕ ਤੱਥ ਨੂੰ ਨੋਟ ਕੀਤਾ ਕਿ ਵਿਆਕਰਣ ਦੇ ਸੀਮਤ ਨਿਯਮਾਂ ਰਾਹੀਂ ਅਸੀਮ ਵਾਕਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਵਾਕ ਸਿਰਫ਼ ਗਿਣਤੀ ਪੱਖੋਂ ਹੀ ਅਸੀਮ ਨਹੀਂ ਬਲਕਿ ਤਾਰਕਿਕ ਰੂਪ ਅਸੀਮ ਲੰਬਾਈ ਦੇ ਵਾਕ ਦੀ ਸਿਰਜੇ ਜਾ ਸਕਦੇ ਹਨ। ਮਿਸਾਲ ਲਈ ਅੰਗਰੇਜੀ ਦਾ ਨਿਮਨ ਅਧੂਰਾ ਵਾਕ ਲਿਆ ਜਾ ਸਕਦਾ ਹੈ-

28. I met a farmer that killed the cat that killed the rat that had eaten the crop that was grown by the farmer that lived in a village that was built by a man that lived in other village that....

ਇੰਜ ਇਸ ਵਾਰ ਨੂੰ ਜਿੰਨਾ ਚਾਹੇ ਲੰਮਾ ਬਣਾਇਆ ਜਾ ਸਕਦਾ ਹੈ। ਹਮਬੋਲਟ ਨੇ ਇਸ ਸਮੱਸਿਆ ਨੂੰ ਪੇਸ਼ ਤਾਂ ਕੀਤਾ ਪਰ ਇਸ ਦਾ ਭੇਦ ਚੌਮਸਕੀ ਨੇ ਹੀ ਖੋਜਿਆ ਜੋ ਸਿੰਟਟੈਟਿਕ ਸਟਰਕਚਰਜ਼ ਵਿੱਚ ਦਰਜ ਕੀਤਾ । ਚੌਮਸਕੀ ਨੇ ਦੱਸਿਆ ਕਿ ਵਾਕਾਂ ਦੀ ਬਣਤਰ ਦਾ ਇਕ ਗੁਣ ਦੁਹਰਾਓ (Recurison) ਹੈ । ਯਾਨੀ ਕਿ ਕੋਈ ਇਕਾਈ ਆਪਣੇ ਪੱਧਰ ਦੀ ਇਕਾਈ ਜਾਂ ਆਪਣੇ ਪੱਧਰ ਤੋਂ ਛੋਟੀ ਇਕਾਈ ਦਾ ਹਿੱਸਾ ਬਣ ਸਕਦੀ ਹੈ । ਮਿਸਾਲ ਲਈ ਇਕ ਵਾਕ ਵਿੱਚ ਕਈ ਉਪਵਾਕ ਹੋ ਸਕਦੇ ਹਨ ਜਾਂ ਇੱਥੋਂ ਤੱਕ ਕਿ ਇਕ ਵਾਕ ਵਿੱਚ ਇਕ ਵਾਕੰਸ਼ ਦਾ ਹਿੱਸਾ ਵੀ ਹੋ ਸਕਦਾ ਹੈ। ਜਿਵੇਂ ਕਿ (29) ਵਿੱਚ ਹੈ -

29. ਇਕ ਬੰਦਾ ਜੋ ਬਹੁਤ ਮਿਹਨਤ ਨਾਲ ਕੰਮ ਕਰਦਾ ਸੀ ਕੱਲ ਮੈਨੂੰ ਮਿਲਿਆ।

ਇਸ ਵਾਕ ਵਿੱਚ ਖੰਡ ਇਕ ਬੰਦਾ ਜੋ ਬਹੁਤ ਮਿਹਨਤ ਨਾਲ ਕੰਮ ਕਰਦਾ ਸੀ, ਇਕ ਨਾਂਵ-ਵਾਕੰਸ਼ ਹੈ ਪਰ ਇਸਦਾ ਇਹ ਖੰਡ ਬੰਦਾ ਬਹੁਤ ਮਿਹਨਤ ਨਾਲ ਕੰਮ ਕਰਦਾ ਸੀ ਖੁਦ ਇਕ ਵਾਕ ਹੈ ਜੋ ਆਪਣੇ ਤੋਂ ਛੋਟੀ ਇਕਾਈ ਨਾਂਵ-ਵਾਕੰਸ਼ ਦੇ ਹਿੱਸੇ ਦੇ ਰੂਪ ਵਿੱਚ ਉਪਸਥਿਤ ਹੈ। ਵਾਕਾਵੀ ਬਣਤਰ ਦੇ ਇਸ ਗੁਣ ਨੂੰ ਚੌਮਸਕੀ ਨੇ ਵਾਕਾਂ ਦੀ ਅਸੀਮਤਾ ਦਾ ਕਾਰਣ ਲੱਭਿਆ । ਇਸ ਗੁਣ ਨੂੰ ਉਸ ਨੇ ਅੰਤਰਨਿਹਤਨ (Embedidng) ਦਾ ਨਾਮ ਦਿੱਤਾ।

ਇਸੇ ਵਿਚਾਰ ਨੂੰ ਅੱਗੇ ਤੋਰਦਿਆਂ ਚੌਮਸਕੀ ਨੇ ਮੱਤ ਪੇਸ਼ ਕੀਤਾ ਕਿ ਕਿਸੇ ਵਿਆਕਰਣਕ ਮਾਡਲ ਦਾ ਕੰਮ ਸਿਰਫ਼ ਉਹਨਾਂ ਵਾਕਾਂ ਦੀ ਬਣਤਰ ਦਾ ਵਿਸ਼ਲੇਸ਼ਣ ਹੀ ਨਹੀਂ ਹੈ ਜੋ ਤੱਥ (data) ਰੂਪ ਵਿੱਚ ਬੋਲੇ ਜਾਂ ਲਿਖੇ ਜਾ ਚੁੱਕੇ ਹਨ । ਬਲਕਿ, ਵਿਆਕਰਣ ਦਾ ਕੰਮ ਇਸ ਤੋਂ ਵੀ ਅੱਗੇ ਵਧਕੇ ਉਹਨਾਂ ਵਾਕਾਂ ਦੀ ਬਣਤਰ ਨੂੰ ਵੀ ਨਿਰਧਾਰਤ ਕਰਣ ਦੇ ਯੋਗ

ਹੋਣਾ ਚਾਹੀਦਾ ਹੈ ਜੋ ਕਦੇ ਵੀ ਬੋਲੇ ਜਾਂ ਲਿਖੇ ਨਹੀਂ ਗਏ ਪਰ ਬੋਲੇ ਜਾਂ ਲਿਖੇ ਜਾ ਸਕਦੇ ਹਨ । ਇੰਜ ਵਿਆਕਰਣਕ ਵਿਸ਼ਲੇਸ਼ਣ ਦਾ ਕੰਮ ਸਿਰਫ ਵਰਣਨ (Descirbe) ਕਰਨਾ ਹੀ ਨਹੀਂ ਬਲਕਿ ਪਰਜਨਨ (Generate) ਕਰਨਾ ਹੈ ਅਤੇ ਵਿਆਕਰਣ ਨੂੰ ਅਜਿਹਾ ਮਾਡਲ ਪੇਸ਼ ਕਰਨਾ ਚਾਹੀਦਾ ਹੈ ਜੋ ਕਿਸੇ ਭਾਸ਼ਾ ਦੇ ਸਾਰੇ ਸੰਭਾਵੀ ਵਾਕਾਂ ਦਾ ਪਰਜਨਨ ਕਰ ਸਕੇ।ਇਸੇ ਦ੍ਰਿਸ਼ਟੀਕੋਣ ਕਰਕੇ ਰੂਪਾਂਤਰੀ ਵਿਆਕਰਣ ਨੂੰ ਪਰਜਨਨਾਤਮਕ ਵਿਆਕਰਣ (Generaitve Grammar) ਜਾਂ ਪਰਜਨਨਾਤਮਕ ਰੂਪਾਂਤਰੀ ਵਿਆਕਰਣ (Transformaitonal Generaitve Grammar) ਵੀ ਕਿਹਾ ਜਾਂਦਾ ਹੈ।

### IV.2. ਯੋਗਤਾ ਅਤੇ ਸਮਰੱਥਾ (Competence and Performance)

ਪਹਿਲੀਆਂ ਵਿਆਕਰਣ ਪ੍ਰਣਾਲੀਆਂ (ਮੁੱਖ ਰੂਪ ਵਿੱਚ ਸੰਰਚਨਾਤਮਕ ਵਿਆਕਰਣ ਪ੍ਰਣਾਲੀ) ਲਈ ਪ੍ਰਗਟ ਭਾਸ਼ਾ, ਉਚਰਤ ਜਾਂ ਲਿਖਤੀ ਰੂਪ, ਹੀ ਵਿਆਕਰਣਕ ਵਿਸ਼ਲੇਸ਼ਣ ਲਈ ਤੱਥ (Data) ਸਨ। ਪਰ ਚੌਮਸਕੀ ਨੇ ਨੋਟ ਕੀਤਾ, ਜਿਵੇਂ ਕਿ ਪਿੱਛੇ ਕਿਹਾ ਜਾ ਚੁੱਕਾ ਹੈ, ਕਿ ਵਿਆਕਰਣ ਦਾ ਕਾਰਜ ਉਹਨਾਂ ਸੰਭਾਵੀ ਵਾਕਾਂ ਲਈ ਵੀ ਪਰਜਨਨਾਤਮਕ ਨੇਮ ਪੇਸ਼ ਕਰਨਾ ਹੈ ਜੋ ਹਾਲੇ ਤੱਕ ਬੋਲੇ ਜਾਂ ਲਿਖੇ ਵੀ ਨਹੀਂ ਗਏ। ਕਿਉਂਕਿ ਇਹਨਾਂ ਸੰਭਾਵੀ ਵਾਕਾਂ ਦਾ ਆਧਾਰ ਕਿਸੇ ਬੁਲਾਰੇ ਦੀ ਭਾਸ਼ਾਈ ਯੋਗਤਾ ਹੈ,ਇਸ ਲਈ ਵਿਆਕਰਣ ਦਾ ਕਾਰਜ ਬੁਲਾਰੇ ਦੀ ਭਾਸ਼ਾਈ ਯੋਗਤਾ ਦਾ ਪ੍ਰਗਟ ਮਾਡਲ ਪੇਸ਼ ਕਰਨਾ ਹੈ । ਫਿਰ ਸਭ ਬੁਲਾਰਿਆਂ ਦੀ ਯੋਗਤਾ ਵੀ ਬਰਾਬਰ ਨਹੀਂ ਹੁੰਦੀ । ਇਸ ਲਈ ਵਿਆਕਰਣ ਦੀ ਵਸਤੂ (Object) ਇਕ ਆਦਰਸ਼ ਬੁਲਾਰੇ ਦੀ ਭਾਸ਼ਾਈ ਯੋਗਤਾ ਦਾ ਸਿੱਧਾਂਤਕ ਨਿਰੂਪਣ ਕਰਨਾ ਹੈ। ਚੌਮਸਕੀ ਨੇ ਬੁਲਾਰੇ ਦੀ ਯੋਗਤਾ ਅਤੇ ਇਸ ਯੋਗਤਾ ਦੇ ਵਾਸਤਵਿਕ ਭਾਸ਼ਾਈ ਪ੍ਰਗਟਾਵੇ ਵਿਚਕਾਰ ਵਖਰੇਵੇਂ ਨੂੰ ਦ੍ਰਿਸ਼ਟੀਗੋਚਰ ਕਰਕੇ ਬੁਲਾਰੇ ਦੀ ਯੋਗਤਾ ਅਤੇ ਸਮਰੱਥਾ (Competence and Performance) ਦੇ ਦੋ ਸੰਕਲਪ ਪੇਸ਼ ਕੀਤੇ । ਯੋਗਤਾ ਬੁਲਾਰੇ ਦੀ ਮਾਨਸਿਕਤਾ ਦਾ ਹਿੱਸਾ ਹੈ ਜੋ ਨਿਯਮਾਂ ਦੇ ਰੂਪ ਵਿੱਚ ਮਨੁੱਖੀ ਦਿਮਾਗ ਦਾ ਹਿੱਸਾ ਹੈ ਪਰ ਸਮਰੱਥਾ ਉਸ ਬੁਲਾਰੇ ਰਾਹੀਂ ਵਾਸਤਵ ਵਿੱਚ ਵਰਤੀ ਜਾਂਦੀ ਭਾਸ਼ਾ ਹੈ । ਚੌਮਸਕੀ ਨੇ ਆਦਰਸ਼ ਬੁਲਾਰੇ ਦੀ ਯੋਗਤਾ ਦਾ ਸਿੱਧਾਂਤਕ ਨਿਰੂਪਣ ਜਾਂ ਮਾਡਲ ਪੇਸ਼ ਕਰਨ ਨੂੰ ਵਿਆਕਰਣਕ ਅਧਿਐਨ ਦਾ ਟੀਚਾ ਮਿਥਿਆ ਨਾ ਕਿ ਸਿਰਫ ਵਾਸਤਵ ਵਿੱਚ ਵਰਤੇ ਜਾਂਦੇ ਵਾਕਾਂ ਦਾ ਬਣਤਰੀ ਵਿਸ਼ਲੇਸ਼ਣ।

### IV.3. ਵਿਆਕਰਣ ਦਾ ਮਾਨਸਿਕ ਯਥਾਰਥ (Psycholoigcal Reailty of Grammars)

ਚੌਮਸਕੀ ਦੇ ਆਗਮਨ ਤੋਂ ਪਹਿਲਾਂ ਭਾਸ਼ਾ ਸਿੱਖਣ ਦੀ ਪ੍ਰਕ੍ਰਿਆ ਨੂੰ ਇਕ ਸਮਾਜਕ ਕਾਰਵਾਈ ਸਮਝਿਆ ਜਾਂਦਾ ਸੀ । ਯਾਨੀ ਕਿ, ਬੱਚਾ ਕਿਸੇ ਵਿਸ਼ੇਸ਼ ਭਾਸ਼ਾਈ ਸਮਾਜ ਵਿੱਚ ਜਨਮ ਲੈਂਦਾ ਹੈ ਅਤੇ ਜੋ ਭਾਸ਼ਾ ਉਸਦੇ ਆਲੇ-ਦੁਆਲੇ ਵਰਤੋਂ ਵਿੱਚ ਲਿਆਈ ਜਾਂਦੀ ਹੈ ਉਸਦੇ ਆਧਾਰ 'ਤੇ ਉਹ ਭਾਸ਼ਾ ਸਿਖਦਾ ਹੈ । ਯਾਨੀ ਕਿ, ਇਹ ਸਾਰੀ ਪ੍ਰਕਿਰਿਆ ਤਕਰੀਬਨ ਇੰਜ ਹੈ ਜਿਵੇਂ ਵਾਕਾਂ ਨੂੰ ਯਾਦ ਕਰਨਾ ਹੋਵੇ । ਚੌਮਸਕੀ ਨੇ ਸਕਿਨਰ ਦੀ ਪੁਸਤਕ ਭਾਸ਼ਾਈ ਵਿਵਹਾਰ (Verbal Behaivour) ਦੀ ਪੜਚੋਲ ਵਿੱਚ ਇਸ ਧਾਰਣਾ ਨੂੰ ਗਲਤ ਸਾਬਤ ਕਰਨ ਲਈ ਕੁੱਝ ਅਹਿਮ ਦਲੀਲਾਂ ਦਿੱਤੀਆਂ। ਉਸਦੀ ਪਹਿਲੀ ਦਲੀਲ ਇਹ ਸੀ ਕਿ ਜੋ ਭਾਸ਼ਾ ਬੱਚੇ ਦੇ ਆਲੇ-ਦੁਆਲੇ ਵਰਤੀ ਜਾਂਦੀ ਹੈ ਉਹ ਟੁੱਟੀ-ਫੁੱਟੀ ਭਾਸ਼ਾ ਹੁੰਦੀ ਹੈ। ਬਹੁਤੇ ਵਾਕ ਅਪੂਰਨ ਹੁੰਦੇ ਹਨ ਅਤੇ ਪਰਸੰਗ ਤੋਂ ਹੀ ਉਹਨਾਂ ਦੇ ਅਰਥ ਸਮਝੇ ਜਾਂਦੇ ਹਨ । ਦੂਜੇ, ਇਸ ਭਾਸ਼ਾ ਵਿੱਚ ਉਸ ਭਾਸ਼ਾ ਦੇ ਸਭ ਪ੍ਰਕਾਰ ਦੇ ਵਾਕ ਵੀ ਪ੍ਰਾਪਤ ਨਹੀਂ ਹੁੰਦੇ। ਇਸ ਲਈ ਇਸ ਭਾਸ਼ਾ ਦੇ ਆਧਾਰ 'ਤੇ ਬੱਚਾ ਉਸ ਭਾਸ਼ਾ ਦੀ ਵਿਆਕਰਣ ਨਹੀਂ ਉਸਾਰ ਸਕਦਾ। ਉਸਦੀ ਦੂਜੀ ਅਹਿਮ ਦਲੀਲ ਇਹ ਸੀ ਕਿ ਕਿਸੇ ਭਾਸ਼ਾ ਦਾ ਬੱਚਾ 4-5 ਸਾਲ ਦੀ ਉਮਰ ਤੱਕ ਉਸ ਭਾਸ਼ਾ ਦੇ ਕਲਿਸ਼ਟ ਤੋਂ ਕਲਿਸ਼ਟ ਪੈਟਰਨ ਤੇ ਵੀ ਮੁਹਾਰਤ ਹਾਸਲ ਕਰ ਲੈਂਦਾ ਹੈ।ਇਹ ਬੱਚੇ ਦੀ ਸਿੱਖਣ ਦੀ ਸਮਰੱਥਾ ਤੋਂ ਬਾਹਰ ਹੈ।ਇਸ ਲਈ ਬੱਚੇ ਦੀ ਇੰਨੀ ਤੇਜ਼ੀ ਨਾਲ ਵਿਆਕਰਣ ਜਿਹੇ ਗੁੰਝਲਦਾਰ ਵਰਤਾਰੇ ਤੇ ਮੁਹਾਰਤ ਹਾਸਲ ਕਰਨ ਦੇ ਤੱਥ ਦੀ ਵਿਆਖਿਆ ਦੀ ਲੋੜ ਹੈ।ਉਸ ਨੇ ਇਹ ਦਲੀਲ ਵੀ ਨਾਲ ਜੋੜੀ ਕਿ ਇਕ ਵਿਸ਼ੇਸ਼

ਉਮਰ ਤੋਂ ਬਾਅਦ ਭਾਸ਼ਾ ਗ੍ਰਹਿਣ ਕਰਨ ਦੀ ਸਮਰੱਥਾ ਵੀ ਉਵੇਂ ਹੀ ਘੱਟ ਜਾਂਦੀ ਹੈ ਜਿਵੇਂ ਸਰੀਰ ਦੇ ਵਿਕਾਸ ਦੀ ਰਫ਼ਤਾਰ।ਇਸ ਤੋਂ ਚੌਮਸਕੀ ਨੇ ਇਹ ਨਿਰਣਾ ਕੱਢਿਆ ਕਿ ਭਾਸ਼ਾ ਦੇ ਨੇਮ ਵੀ ਮਨੁੱਖੀ ਦਿਮਾਗ ਦਾ ਉਵੇਂ ਹੀ ਹਿੱਸਾ ਹਨ ਜਿਵੇਂ ਦੂਜੀਆਂ ਮਾਨਸਿਕ ਸਮਰਥਤਾਵਾਂ।ਯਾਨੀ ਕਿ ਭਾਸ਼ਾ ਦੇ ਨੇਮ ਜਨਮਜਾਤ (Innate) ਹਨ। ਵਾਸਤਵਿਕ ਭਾਸ਼ਾ ਸਿਰਫ ਇਹਨਾਂ ਨਿਯਮਾਂ ਨੂੰ ਉਤਪ੍ਰੇਰਤ ਹੀ ਕਰਦੀ ਹੈ ਅਤੇ ਵਾਸਤਵਿਕ ਭਾਸ਼ਾ ਬੱਚੇ ਦੇ ਭਾਸ਼ਾਈ ਵਿਕਾਸ ਦਾ ਮੂਲ ਆਧਾਰ ਨਹੀਂ ਹੈ।

### V. ਰੂਪਾਂਤਰੀ ਸਿਧਾਂਤ ਦੇ ਘਟਕ (Components of Transformaitonal Theory)

ਰੂਪਾਂਤਰੀ ਸਿਧਾਂਤ ਦੀ ਸਾਡੀ ਹੁਣ ਤੱਕ ਦੀ ਵਿਵੇਚਨਾ ਵਿੱਚ ਵਾਕ-ਬਣਤਰ ਹੀ ਮੁੱਖ ਨੁਕਤਾ ਰਿਹਾ ਹੈ। ਪਰ ਭਾਸ਼ਾ ਵਿੱਚ ਕੇਵਲ ਵਾਕ-ਬਣਤਰ ਦੇ ਹੀ ਨਿਯਮ ਨਹੀਂ ਹੁੰਦੇ । ਭਾਸ਼ਾ ਦੀ ਧੁਨੀ-ਬਣਤਰ ਵੀ ਹੁੰਦੀ ਹੈ, ਅਰਥ-ਬਣਤਰ ਵੀ ਹੁੰਦੀ ਹੈ ਅਤੇ ਵਾਕਾਂ ਦੇ ਨਾਲ ਭਾਸ਼ਾ ਵਿੱਚ ਸ਼ਬਦ ਵੀ ਹੁੰਦੇ ਹਨ। ਕਿਸੇ ਵੀ ਸਿਧਾਂਤ ਨੂੰ ਪਰਵਾਨ ਚੜ੍ਹਨ ਲਈ ਜ਼ਰੂਰੀ ਹੈ ਕਿ ਉਹ ਸਿਧਾਂਤ ਸਮੁੱਚੀ ਭਾਸ਼ਾਈ ਬਣਤਰ ਦੀ ਤਸਵੀਰ ਜਾਂ ਮਾਡਲ ਪੇਸ਼ ਕਰੇ । ਰੂਪਾਂਤਰੀ ਸਿਧਾਂਤ ਦੇ ਦ੍ਰਿਸ਼ਟੀਕੋਣ ਤੋਂ ਭਾਸ਼ਾ ਦਾ ਸੰਪੂਰਨ ਮਾਡਲ ਨਿਮਨ ਅਨੁਸਾਰ ਕਿਆਸਿਆ ਜਾਂਦਾ ਹੈ -

30. ਰੂਪਾਂਤਰੀ ਭਾਸ਼ਾ ਮਾਡਲ

ਆਧਾਰ (Base)

↓

ਵਾਕੰਸ਼ ਨਿਯਮ (Phrase Structure Rules)

↓

ਸ਼ਬਦਾਵਲੀ(Leixcon)

↓

ਆਰੰਭਕ ਬਣਤਰ(Deep Structure)

↓

ਰੂਪਾਂਤਰੀ ਨਿਯਮ (Transformaitonal Rules)

↓

ਅੰਤਕ ਬਣਤਰ(Surface Structure)

↓

ਧੁਨੀ ਨਿਯਮ (Phonoloigcal Rules)

↓

ਧੁਨੀਆਤਮਕ ਬਣਤਰ (Phonetic Structure)

ਸਿੱਧਾਂਤਕ ਭਾਸ਼ਾ-ਵਿਗਿਆਨ ਚਿੱਤਰ (30) ਰੂਪਾਂਤਰੀ ਸਿਧਾਂਤ ਦੇ ਦ੍ਰਿਸ਼ਟੀਕੋਣ ਤੋਂ ਭਾਸ਼ਾ ਦਾ ਸਮੱਗਰ ਚਿੱਤਰ ਪੇਸ਼ ਕਰਦਾ ਹੈ। ਵਾਕੰਸ਼ ਬਣਤਰ ਨਿਯਮ (Phrase Structure Rules) ਅਤੇ ਸ਼ਬਦਾਵਲੀ (Leixcon) ਭਾਸ਼ਾਈ ਆਧਾਰ (Base) ਦਾ ਹਿੱਸਾ ਹਨ। ਇਹ ਦੋਵੇਂ ਹਲਕੇ ਆਰੰਭਕ ਬਣਤਰ (Deep Structure) ਤਿਆਰ ਕਰਦੇ ਹਨ । (ਵਾਕੰਸ਼ ਬਣਤਰ ਨੂੰ ਕ-ਵਿਰਾਮ ਬਣਤਰ (X-Bar Sructure) ਵੀ ਕਿਹਾ ਜਾਂਦਾ ਹੈ ਪਰ ਇਕ ਪਰਿਚਾਇਕ ਅਧਿਆਇ ਵਿੱਚ

ਇਸ ਵਿਸਤਾਰ ਵਿੱਚ ਜਾਣਾ ਸੰਭਵ ਨਹੀਂ ਹੈ) । ਰੂਪਾਂਤਰੀ ਨਿਯਮ ਆਰੰਭਕ ਬਣਤਰ ਤੋਂ ਅੰਤਕ ਬਣਤਰ (Surface Structure) ਦਾ ਪਰਜਨਨ ਕਰਦੇ ਹਨ। ਇਸ ਵਿਆਕਰਣਕ ਬਣਤਰ ' ਤੇ ਧੁਨੀਆਤਮਕ ਨਿਯਮ (Phonoloigcal Rules) ਲਾਗੂ ਹੋ ਕੇ ਵਾਕ ਦੀ ਧੁਨੀਆਤਮਕ ਬਣਤਰ (Phoneitc Structure) ਜਾਂ ਉਚਾਰਨ ਨੂੰ ਜਨਮ ਦੇਂਦੇ ਹਨ । ਅਰਥਾਵੀ ਘਟਕ (Semanitc Component) ਦੇ ਅਰਥਾਵੀ ਨਿਯਮ (Semanitc Rules) ਅੰਤਕ ਬਣਤਰ ਤੋਂ ਵਾਕ ਦੀ ਅਰਥ ਬਣਤਰ (Semanitc Structure) ਦਾ ਉਤਪਾਦਨ ਕਰਦੇ ਹਨ। ਇੰਜ ਰੂਪਾਂਤਰੀ ਸਿਧਾਂਤ ਭਾਸ਼ਾ ਦਾ ਇਕ ਸੰਪੂਰਨ ਮਾਡਲ ਪੇਸ਼ ਕਰਦਾ ਹੈ।

VI. ਇਕ ਸਪਸ਼ਟੀਕਰਣ

ਇਸ ਅਧਿਆਇ ਵਿਚਲੀ ਵਿਵੇਚਨਾ ਰੂਪਾਂਤਰੀ ਸਿਧਾਂਤ ਦੀਆਂ ਮੂਲ ਧਾਰਣਾਵਾਂ ਦੀ ਸੰਖੇਪ ਜਾਣਕਾਰੀ ਦੇਂਦੀ ਹੈ। ਕਿਉਂਕਿ ਇਹ ਸਿਧਾਂਤ ਪੰਜਾਬੀ ਪਾਠਕ ਲਈ ਨਵਾਂ ਹੈ ਇਸ ਲਈ ਸਰਲਤਾ ਦੇ ਹਿੱਤ ਵਿੱਚ ਤਕਨੀਕੀ ਪੱਖ ਦੀਆਂ ਸੂਖ਼ਮਤਾਵਾਂ ਤੋਂ ਕੁੱਝ ਆਜ਼ਾਦੀ ਲਈ ਗਈ ਹੈ । ਜਿਵੇਂ ਕਿ ਵਿਵੇਚਨਾ ਵਿੱਚ ਦੱਸਿਆ ਗਿਆ ਹੈ ਕਿ ਰੂਪਾਂਤਰੀ ਸਿਧਾਂਤ ਦਾ ਆਰੰਭ ਚੌਮਸਕੀ ਦੀ ਪੁਸਤਕ ਸਿੰਟੈਕਟਿਕ ਸਟਰਕਚਰਜ਼ (1957) ਤੋਂ ਹੁੰਦਾ ਹੈ ਪਰ ਇਸਦਾ ਅਰਥ ਇਹ ਨਹੀਂ ਕਿ ਇਸ ਅਧਿਆਏ ਵਿੱਚ ਵਿਵੇਚਿਤ ਸਾਰੇ ਸੰਕਲਪ ਇਸ ਪੁਸਤਕ ਵਿੱਚ ਵਿਦਮਾਨ ਸਨ। ਇਥੇ ਵਿਵੇਚਿਤ ਸੰਕਲਪ ਰੂਪਾਂਤਰੀ ਸਿਧਾਂਤ ਦੇ ਹੁਣ ਤੱਕ ਦੇ ਸਾਰੇ ਵਿਕਾਸ ਦਾ ਸਾਰ ਹਨ।

VII.ਅਗਲੇਰੀ ਪਾਠ ਸਮੱਗਰੀ

ਰੂਪਾਂਤਰੀ ਵਿਆਕਰਣ ਲਈ ਸਭ ਤੋਂ ਸਰਲ ਅਤੇ ਸਪਸ਼ਟ ਪੁਸਤਕ ਐਂਡਰਿਊ ਰਾਡਫੋਰਡ (1988) ਹੈ। ਪਰ ਇਹ ਪੁਸਤਕ ਉਸਦੀ ਪਹਿਲੀ ਪੁਸਤਕ (1981) ਦੇ ਪਹਿਲੇ ਦੋ ਪਾਠ ਪੜ੍ਹਨ ਤੋਂ ਬਾਅਦ ਪੜ੍ਹੀ ਜਾਣੀ ਚਾਹੀਦੀ ਹੈ। ਇਸ ਸਿਧਾਂਤ ਦੇ ਅਧਿਐਨ ਦੇ ਆਰੰਭ ਲਈ ਹੋਰ ਸਰਲ ਪੁਸਤਕਾਂ ਹਨ ਨੀਲ ਸਮਿੱਥ ਅਤੇ ਡੀਰਡਰੇ ਵਿਲਸਨ (1979), ਬੈਂਟ ਜਾਕੋਬਸਨ (1977, 1986) ਅਤੇ ਹੋਰੋਕਸ (1987) । ਚੌਮਸਕੀ ਦੀਆਂ ਆਪਣੀਆਂ ਰਚਨਾਵਾਂ ਆਰੰਭਕ ਵਿਦਿਆਰਥੀ ਲਈ ਕਠਿਨ ਹਨ ਪਰ ਪ੍ਰਮੁੱਖ ਹਨ।

ਸਹਾਇਕ ਪੁਸਤਕਾਂ


- Chomsky, N. 1957. Syntactic Structures Mouton.139

- Chomsky, 1959. Review of B.F. Skinner, Verbal Behaviour. Language 35:26-58. 1965. Aspects of the Theory of Syntax MIT Press.

- Chomsky, 1971. Deep Structure, Surface Structure and Semantic Interpretation. In Steinberg & Jakobovits (eds), Semantics. Cambridge University Press.

- Chomsky, 1971. Remarks on Nominalization. In R. Jacobs and P.S. Rosenbaum (eds), Readings in Trasformational Grammar Waltham, Mass: Ginn and Co.

- Chomsky, 1981. Lectures on Government and Binding. Dordrecht: Foris.
- Chomsky, 1986, Barriers. MIT Press. 1997. The Minimalist Programme.
- Horrocks, G. 1987. Generative Grammar. Longman.
- Jacobsen, Bent. 1977. Transformational Syntax. North Holland.
- Chomsky, 1986. Transformational Grammar, North Holland. Radford, A. 1981. Transformational Syntax. Cambridge University Press.
- Chomsky, 1988. Transformational Grammar. Cambridge University Press. Singh, Joga. 1993. Case and Agreement in Hindi: A Government and Binding Approach. Unpublished Ph. D. Dissertation, University of York, Yor (U.K.).
- Smith, N&D. Wilson. 1979. Modern Linguistics: The Results of Chomskian Revolution. Penguin Books.

**M.A (PUNJABI) SEMESTER-II**

**ਤੇਹਰਵਾਂ ਪਰਚਾ**

**ਯੂਨਿਟ-ਪੰਜਵਾਂ ਅਤੇ ਛੇਵਾਂ**

**ਧੁਨੀ ਵਿਗਿਆਨ-1**

1.1 ਭੂਮਿਕਾ
1.1.1 ਪਾਠ ਦਾ ਮੰਤਵ
1.1.2 ਧੁਨੀ ਵਿਗਿਆਨ
1.1.3 ਧੁਨੀ ਵਿਗਿਆਨ ਦੀ ਪਰਿਭਾਸ਼ਾ ਅਤੇ ਪ੍ਰਕਾਰ
1.1.4 ਧੁਨੀ ਵਿਗਿਆਨ ਦੀ ਉਚਾਰਨ ਅੰਗ
1.1.5 ਉਚਾਰਨ ਪ੍ਰਕਿਰਿਆ
1.1.6 ਪੌਣਧਾਰਾ ਵਿਧੀਆਂ
1.1.7 ਖੰਡੀ ਧੁਨੀਆਂ
1.1.8 ਸਵਰ ਅਤੇ ਵਿਅੰਜਨ ਧੁਨੀਆਂ ਦਾ ਨਿਖੇੜਾ ਅਤੇ ਵਰਗੀਕਰਨ
1.1.9 ਅਖੰਡੀ ਧੁਨੀਆਂ ਸੁਰ, ਬਲ, ਨਾਸਿਕਤਾ ਅਤੇ ਵਾਕ ਸੁਰ
1.1.10 ਅਭਿਆਸ ਲਈ ਪ੍ਰਸ਼ਨ
1.1.11 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

## 1.1 ਭੂਮਿਕਾ

ਇਸ ਪਾਠ ਦਾ ਮੰਤਵ ਧੁਨੀ ਵਿਗਿਆਨ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਹੈ।ਧੁਨੀ ਵਿਗਿਆਨ ਦੇ ਵੱਖ-ਵੱਖ ਪ੍ਰਕਾਰਾਂ, ਉਚਾਰਨ ਅੰਗਾਂ,ਪੌਣਧਾਰਾ ਵਿਧੀਆਂ,ਉਚਾਰਨ ਪ੍ਰਕਿਰਿਆ, ਉਚਾਰਨ ਸਥਾਨ, ਧੁਨੀਆਂ ਦੇ ਵਰਗੀਕਰਨ ਲਈ ਵਰਤੀਆਂ ਜਾਂਦੀਆਂ ਵਿਧੀਆਂ,ਬਾਰੇ ਸੰਖੇਪ ਵਿਚ ਜਾਣਕਾਰੀ ਦੇਣਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਿਲ ਹੈ।

## 1.1.2 ਪਾਠ ਦਾ ਮੰਤਵ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਧੁਨੀ ਵਿਗਿਆਨ ਨੂੰ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਪਾਠ ਦੇ ਆਰੰਭ ਵਿਚ ਧੁਨੀ ਵਿਗਿਆਨ ਦੀ ਪਰਿਭਾਸ਼ਾ ਦਿੱਤੀ ਗਈ ਹੈ। ਇਸ ਦੇ ਪ੍ਰਮੁੱਖ ਪ੍ਰਕਾਰਾਂ ਦਾ ਵੇਰਵਾ ਦਿੱਤਾ ਗਿਆ ਹੈ। ਧੁਨੀ ਅਮਲ ਅਤੇ ਉਚਾਰਨ ਅੰਗਾਂ ਬਾਰੇ ਜਾਣਕਾਰੀ ਕਰਵਾ ਦਿੱਤੀ ਗਈ ਹੈ ।ਪੌਣਧਾਰਾ ਵਿਧੀਆਂ ਨੂੰ ਇਕ ਵੱਖਰੇ ਪ੍ਰਕਾਰ ਵਜੋਂ ਨਹੀਂ ਲਿਆ ਗਿਆ। ਮੁੱਢ ਵਿਚ ਹੀ ਪੌਣਧਾਰਾ ਦੀ ਪ੍ਰਕਿਰਿਆ ਨਾਲ ਜਾਣਕਾਰੀ ਕਰਵਾਈ ਗਈ ਹੈ।

## 1.1.2 ਧੁਨੀ ਵਿਗਿਆਨ

ਧੁਨੀ-ਵਿਗਿਆਨ ਭਾਸ਼ਾ ਵਿਗਿਆਨ ਦੀ ਇੱਕ ਸ਼ਾਖਾ ਹੈ,ਜਿਸ ਵਿੱਚ ਭਾਸ਼ਾਈ ਧੁਨੀਆਂ ਦਾ ਵਿਗਿਆਨਿਕ ਅਧਿਐਨ ਕੀਤਾ ਜਾਂਦਾ ਹੈ।ਉੱਚਾਰਨ ਦੇ ਧੁਨਾਤਮਕ ਪ੍ਰਤੀ ਲਿਪੀਕਰਨ ਦੇ ਲਈ ਅੰਤਰਰਾਸ਼ਟਰੀ ਧੁਨਾਤਮਕ ਵਰਨਮਾਲਾ ਦੀ ਵਰਤੋਂ ਕੀਤੀ ਜਾਂਦੀ ਹੈ।ਇਹ ਲਾਤੀਨੀ ਲਿਪੀ ਉੱਤੇ ਆਧਾਰਿਤ ਹੈ ਅਤੇ ਇਸ ਦੀ ਵਰਤੋਂ ਨਾਲ ਉੱਚਾਰਨ ਦੇ ਸਭ ਅੰਗਾਂ ਦਾ ਪ੍ਰਤੀ ਲਿਪੀਕਰਨ ਕੀਤਾ ਜਾ ਸਕਦਾ ਹੈ।ਦੁਨੀਆ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਧੁਨੀਆਂ ਦੇ ਲਈ ਵਿਸ਼ੇਸ਼ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।ਧੁਨੀ-ਵਿਗਿਆਨ ਦਾ ਅਧਿਐਨ ਪ੍ਰਾਚੀਨ ਭਾਰਤ ਵਿੱਚ ਲੱਗਪਗ 2500 ਸਾਲ ਪਹਿਲਾਂ ਤੋਂ ਕੀਤਾ ਜਾਂਦਾ ਸੀ। ਇਸਦਾ ਪ੍ਰਮਾਣ ਸਾਨੂੰ ਪਾਣਿਨੀ ਦੁਆਰਾ 500 ਈ. ਪੂ ਵਿੱਚ ਰਚਿਤ ਸੰਸਕ੍ਰਿਤ ਵਿਆਕਰਣ ਸਬੰਧੀ ਗਰੰਥ ਅਸ਼ਟਧਿਆਏ ਵਿੱਚ ਮਿਲਦਾ ਹੈ, ਜਿਸ ਵਿੱਚ ਵਿਅੰਜਨਾਂ ਦੇ ਉਚਾਰਣ ਦੇ ਸਥਾਨ ਅਤੇ ਉਚਾਰਣ ਢੰਗ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਅੱਜ ਦੀਆਂ ਜ਼ਿਆਦਾਤਰ ਭਾਰਤੀ ਲਿਪੀਆਂ ਵਿੱਚ ਵਿਅੰਜਨਾਂ ਦਾ ਸਥਾਨ ਪਾਣਿਨੀ ਦੇ ਵਰਗੀਕਰਣ ਉੱਤੇ ਆਧਾਰਿਤ ਹੈ।

ਧੁਨੀ ਵਿਗਿਆਨ ਭਾਸ਼ਾ ਦੀ ਇਕ ਸ਼ਾਖਾ ਹੈ। ਜਿਸ ਵਿਚ ਧੁਨੀਆਂ ਦੇ ਉਚਾਰਨ ਪੱਖ ਦਾ ਅਤੇ ਉਹਨਾਂ ਦੇ ਵਰਤੋਂ ਪੱਖ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਵਿਗਿਆਨ ਧੁਨੀਆਂ ਦੇ ਵਰਤਾਰੇ ਨੂੰ ਸਮਝਣ ਲਈ ਸੰਦ/ਟੂਲ ਵਜੋਂ ਸਹਾਈ ਹੁੰਦਾ ਹੈ। ਧੁਨੀ ਵਿਗਿਆਨ ਦਾ ਘੇਰਾ ਵਿਸ਼ਾਲ ਹੈ। ਇਸ ਦੇ ਘੇਰੇ ਵਿਚ ਧੁਨੀਆਂ ਦੇ ਪੈਦਾ ਹੋਣ ਦਾ ਢੰਗ, ਵਿਧੀ, ਧੁਨੀਆਂ ਦਾ ਸੰਚਾਰ ਅਤੇ ਧੁਨੀਆਂ ਧੁਨੀਆਂ ਦੀ ਸੁਣਨ ਪ੍ਰਿਕ੍ਰਿਆ ਆਦਿ ਸ਼ਾਮਿਲ ਹੁੰਦੇ ਹਨ।ਧੁਨੀ ਵਿਉਂਤ ਭਾਸ਼ਾ ਵਿਗਿਆਨ ਦੀ ਇੱਕ ਸ਼ਾਖਾ ਹੈ ਜਿਸਦਾ ਸਬੰਧ ਭਾਸ਼ਾਵਾਂ ਵਿੱਚ ਧੁਨੀਆਂ ਦੇ ਸੰਗਠਨ ਨਾਲ ਹੈ। ਪਰੰਪਰਗਤ ਤੌਰ ਉੱਤੇ ਇਹ ਵਿਸ਼ੇਸ਼ ਭਾਸ਼ਾਵਾਂ ਵਿੱਚ ਧੁਨੀਮਾਂ ਦੇ ਪ੍ਰਬੰਧਾਂ ਦਾ ਅਧਿਐਨ ਕਰਦੀ ਹੈ।ਇਤਿਹਾਸ ਵਿੱਚ ਧੁਨੀ ਵਿਉਂਤ ਬਾਰੇ ਸਭ ਤੋਂ ਪਹਿਲਾ ਅਧਿਐਨ 4ਥੀ ਸਦੀ ਈ.ਪੂ. ਵਿੱਚ ਪਾਣਿਨੀ ਦੁਆਰਾ ਲਿਖੀ ਸੰਸਕ੍ਰਿਤ ਦੀ ਵਿਆਕਰਨ ਅਸ਼ਟਧਿਆਯੀ ਵਿੱਚ ਮਿਲਦਾ ਹੈ। ਅਸਲ ਵਿੱਚ ਅਸ਼ਟਧਿਆਯੀ ਦੀ ਸਹਾਇਕ ਪੁਸਤਕ ਸ਼ਿਵ ਸੂਤਰ ਵਿੱਚ ਸੰਸਕ੍ਰਿਤ ਭਾਸ਼ਾ ਦੇ ਧੁਨੀਮਾਂ ਦਾ ਜ਼ਿਕਰ ਕੀਤਾ ਗਿਆ ਹੈ।

ਆਧੁਨਿਕ ਕਾਲ ਵਿੱਚ ਪੋਲਿਸ਼ ਵਿਦਵਾਨ ਜਾਨ ਬੋਦੋਈਨ ਦੇ ਕੂਰਟਨੇ ਨੇ ਆਪਣੇ ਪੁਰਾਣੇ ਵਿਦਿਆਰਥੀ ਮਿਲਕੋਲਾਜ ਕੁਰਜੇਵਸਕੀ ਦੇ ਨਾਲ 1876 ਵਿੱਚ ਧੁਨੀਮ ਦਾ ਸੰਕਲਪ ਦਿੱਤਾ। ਇਸਨੂੰ ਕੋਈ ਖ਼ਾਸ ਮਾਨਤਾ ਪ੍ਰਾਪਤ ਨਹੀਂ ਹੋਈ ਪਰ ਇਸ ਦੇ ਅਧਿਐਨ ਦਾ ਫ਼ਰਦੀਨਾ ਦ ਸੌਸਿਊਰ ਉੱਤੇ ਚੰਗਾ ਪ੍ਰਭਾਵ ਪਿਆ।

ਧੁਨੀ ਵਿਗਿਆਨ ਦੇ ਵਿਸ਼ਾ-ਵਸਤੂ ਨੂੰ ਸਮਝਣ ਦਾ ਇੱਕ ਤਰੀਕਾ ਭਾਸ਼ਾ ਵਿਗਿਆਨ ਦੇ ਅੰਦਰ ਦੂਜੇ ਖੇਤਰਾਂ ਦੇ ਨਾਲ ਇਸ ਦੀ ਤੁਲਨਾ ਕਰਨਾ ਹੈ. ਇੱਕ ਬਹੁਤ ਹੀ ਸੰਖੇਪ ਵਿਆਖਿਆ ਇਹ ਹੈ ਕਿ ਧੁਨੀ ਭਾਸ਼ਾ ਵਿੱਚ ਆਵਾਜ਼ ਢਾਂਚਿਆਂ ਦਾ ਅਧਿਐਨ ਹੈ, ਜੋ ਕਿ ਵਾਕ ਢਾਂਚੇ ( ਸੰਟੈਕਸ ) ਦੇ ਅਧਿਐਨ ਤੋਂ ਵੱਖ ਹੈ, ਸ਼ਬਦ ਢਾਂਚਾ ( ਰੂਪ ਵਿਗਿਆਨ ), ਜਾਂ ਸਮੇਂ ਦੇ ਨਾਲ ( ਇਤਿਹਾਸਿਕ ਭਾਸ਼ਾ ਵਿਗਿਆਨ ) ਬਦਲਣ ਵਾਲੀਆਂ ਭਾਸ਼ਾਵਾਂ ਕਿਵੇਂ ਹਨ , ਪਰ ਇਹ ਨਾਕਾਫੀ ਹੈ। ਇੱਕ ਵਾਕ ਦੇ ਢਾਂਚੇ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਇਹ ਕਿਵੇਂ ਉਚਾਰਿਆ ਜਾਂਦਾ ਹੈ, ਆਵਾਜ਼ ਦੀ ਬਣਤਰ। ਇੱਕ ਦਿੱਤੇ ਸ਼ਬਦ ਦਾ ਉਚਾਰਨ ਵੀ ਇੱਕ ਹੈ ਇੱਕ ਸ਼ਬਦ ਦੇ ਢਾਂਚੇ ਦਾ ਬੁਨਿਆਦੀ ਹਿੱਸਾ ਹੈ ਅਤੇ ਨਿਸ਼ਚਿਤ ਰੂਪ ਵਿੱਚ ਕਿਸੇ ਭਾਸ਼ਾ ਵਿੱਚ ਉਚਾਰਨ ਦੇ ਸਿਧਾਂਤ ਸਮੇਂ ਦੇ ਨਾਲ ਬਦਲ ਸਕਦੇ ਹਨ।

ਧੁਨੀ ਵਿਗਿਆਨ ਦਾ ਉਦੇਸ਼ ਸਿਧਾਂਤਾਂ ਦੀ ਖੋਜ ਕਰਨੀ ਹੈ ਜੋ ਆਵਾਜ਼ਾਂ ਨੂੰ ਭਾਸ਼ਾਵਾਂ ਵਿਚ ਸੰਚਾਲਿਤ ਕਰਨ ਲਈ ਵਰਤੇ ਜਾਂਦੇ ਹਨ ਅਤੇ ਭਿੰਨਤਾਵਾਂ ਦੀ ਵਿਆਖਿਆ ਕਰਨ ਲਈ ਹਨ।ਅਸੀਂ ਇਕ ਵਿਅਕਤੀਗਤ ਭਾਸ਼ਾ ਦਾ ਵਿਸ਼ਲੇਸ਼ਣ ਕਰ ਕੇ ਸ਼ੁਰੂ ਕਰਦੇ ਹਾਂ ਕਿ ਕਿਹੜੀਆਂ ਧੁਨੀ ਇਕਾਈਆਂ ਵਰਤੀਆਂ ਜਾਂਦੀਆਂ ਹਨ ਅਤੇ ਕਿਹੜੇ ਪੈਮਾਨੇ ਉਹ ਬਣਾਉਂਦੇ ਹਨ - ਫਿਰ ਅਸੀਂ ਵੱਖ-ਵੱਖ ਆਵਾਜ਼ ਪ੍ਰਣਾਲੀਆਂ ਦੀ ਵਿਸ਼ੇਸ਼ਤਾਵਾਂ ਦੀ ਤੁਲਨਾ ਕਰਦੇ ਹਾਂ, ਅਤੇ ਭਾਸ਼ਾਵਾਂ ਦੇ ਵਿਸ਼ੇਸ਼ ਸਮੂਹਾਂ ਵਿੱਚ ਆਵਾਜ਼ਾਂ ਦੇ ਇਸਤੇਮਾਲ ਦੇ ਨਿਯਮਾਂ ਦੇ ਅੰਦਾਜ਼ੇ ਨੂੰ ਲਾਗੂ ਕਰਦੇ ਹਾਂ।

ਜਦੋਂ ਧੁਨੀ ਨੂੰ ਹਰ ਸੰਭਵ ਵਾਕ ਆਵਾਜ਼ ਦਾ ਅਧਿਐਨ ਹੁੰਦਾ ਹੈ, ਧੁਨੀ ਵਿਗਿਆਨ ਉਸ ਤਰੀਕੇ ਦਾ ਅਧਿਅਨ ਕਰਦੀ ਹੈ, ਜਿਸ ਵਿਚ ਇਕ ਭਾਸ਼ਾ ਦੇ ਸਪੀਕਰਾਂ ਨੇ ਅਰਥ ਪ੍ਰਗਟ ਕਰਨ ਲਈ ਇਨ੍ਹਾਂ ਆਵਾਜ਼ਾਂ ਦੀ ਚੋਣ ਦਾ ਯੋਜਨਾਬੱਧ ਢੰਗ ਨਾਲ ਉਪਯੋਗ ਕੀਤਾ ਹੈ।

### 1.1.3 ਧੁਨੀ ਵਿਗਿਆਨ ਦੀ ਪਰਿਭਾਸ਼ਾ ਅਤੇ ਪ੍ਰਕਾਰ

ਭਾਸ਼ਾ ਦੀ ਵਰਤੋਂ ਲਈ ਜ਼ਰੂਰੀ ਨਹੀਂ ਇਸ ਦਾ ਉਚਾਰਨ ਹੀ ਕੀਤਾ ਜਾਵੇ,ਇਸ ਨੂੰ ਲਿਖਿਆ ਜਾ ਸਕਦਾ ਹੈ,ਰਿਕਾਰਡ ਕੀਤਾ ਜਾ ਸਕਦਾ ਹੈ, ਤੇ ਕਈ ਹੋਰ ਵਿਧੀਆਂ ਨਾਲ ਵੀ ਵਰਤਿਆ ਜਾ ਸਕਦਾ ਹੈ ਪਰੰਤੂ ਭਾਸ਼ਾ ਮੁੱਖ ਤੌਰ ਤੇ ਉਚਾਰਨ ਨਾਲ ਸੰਬੰਧ ਰੱਖਦੀ ਹੈ।ਭਾਸ਼ਾ ਅਤੇ ਉਚਾਰਨ ਦਾ ਨਹੁੰ-ਮਾਸ ਵਾਲਾ ਸੰਬੰਧ ਹੈ। ਕੋਈ ਅਜਿਹੀ ਭਾਸ਼ਾ ਨਹੀਂ ਜਿਹੜੀ ਉਚਾਰੀ ਨਾ ਜਾਂਦੀ ਹੋਵੇ ਜਾਂ ਉਚਾਰੀ ਨਾ ਜਾਂਦੀ ਰਹੀ ਹੋਵੇ।ਇਸ ਲਈ ਭਾਸ਼ਾ ਦੀਆਂ ਧੁਨੀਆਂ ਬਹੁਤ ਮਹੱਤਵ ਰੱਖਦੀਆਂ ਹਨ।ਇਹਨਾਂ ਦਾ ਅਧਿਐਨ ਹੋਰ ਵੀ ਮਹੱਤਵ ਰੱਖਦਾ ਹੈ।

ਭਾਸ਼ਾ ਵਿਗਿਆਨ ਦੀ ਉਸ ਸ਼ਾਖਾ ਨੂੰ ਧੁਨੀ ਵਿਗਿਆਨ ਆਖਿਆ ਜਾਂਦਾ ਹੈ, ਜਿਹੜੀ ਭਾਸ਼ਾ ਦੀਆਂ ਧੁਨੀਆਂ ਦੀ ਸਥਾਪਤੀ ਤੇ ਸੰਰਚਨਾ ਦਾ ਅਧਿਐਨ ਕਰਦੀ ਹੈ।

ਪਹਿਲਾਂ-ਪਹਿਲਾਂ ਧੁਨੀ ਵਿਗਿਆਨ ਨੂੰ ਵਿਸ਼ੇਸ਼ ਮਹੱਤਵ ਨਹੀਂ ਸੀ ਦਿੱਤਾ ਜਾਂਦਾ ਪਰ ਸਾਇੰਸ ਦੇ ਤਰੱਕੀ ਕਰਨ ਨਾਲ ਧੁਨੀ-ਵਿਗਿਆਨ ਦੇ ਖੇਤਰ ਵਿੱਚ-ਵਿੱਚ ਮਹੱਤਵ-ਪੂਰਨ ਲੱਭਤਾ ਤੇ ਸਥਾਪਤੀਆਂ ਹੋਈਆਂ ਹਨ,ਇਸ ਨੂੰ ਭਾਸ਼ਾ ਵਿਗਿਆਨ ਦੀ ਸਭ ਤੋਂ ਵੱਧ ਵਿਗਿਆਨਕ ਸਾਖ ਆਖਿਆ ਜਾਣ ਲਗ ਪਿਆ ਹੈ।

### ਧੁਨੀ ਵਿਗਿਆਨ ਦੇ ਪ੍ਰਕਾਰ

ਧੁਨੀਆਂ ਦੇ ਉਚਾਰਨ ਸਮੇਂ ਮਨੁੱਖੀ ਦਿਮਾਗ ਤਿੰਨ ਕਾਰਜ ਕਰਦਾ ਹੈ।ਸੋਚ ਕਾਰਜ,ਉਚਾਰ ਕਾਰਜ ਅਤੇ ਸ੍ਰਵਣ ਕਾਰਜ।ਸੋਚ ਕਾਰਜ ਧੁਨੀਆਂ ਦੇ ਉਚਾਰਨ ਵਿਚ ਸਹਾਈ ਹੁੰਦਾ ਹੈ।ਉਚਾਰਨ ਅੰਗ ਧੁਨੀਆਂ ਦਾ ਉਚਾਰਨ ਕਰਦੇ ਹਨ।ਉਚਾਰ ਤੋਂ ਬਾਅਦ ਧੁਨੀਆਂ ਤਰੰਗ ਦੇ ਰੂਪ ਵਿਚ ਹਵਾ ਰਾਹੀਂ ਦੂਸਰੇ ਵਿਅਕਤੀ (ਸਰੋਤਾਂ) ਦੇ ਕੰਨ ਤੱਕ ਪਹੁੰਚਦੀਆਂ ਹਨ।ਕੰਨ ਦਾ ਪਰਦਾ ਤਰੰਗ ਨੂੰ ਮੁੜ ਸੁਨੇਹੇ ਦੇ ਰੂਪ ਵਿਚ ਬਦਲਦਾ ਹੈ। ਇਹਨਾਂ ਤਿੰਨ ਪ੍ਰਮੁੱਖ ਕਾਰਜਾਂ ਤੇ ਅਧਾਰਤ ਧੁਨੀ ਵਿਗਿਆਨ ਨੂੰ ਤਿੰਨ ਪ੍ਰਕਾਰਾਂ ਵਿਚ ਵੰਡਿਆ ਜਾਂਦਾ ਹੈ:-

(1) ਉਚਾਰਨ ਧੁਨੀ ਵਿਗਿਆਨ-ਭਾਸ਼ਾ ਵਿਚ ਵਰਤੀਆਂ ਜਾਂਦੀਆਂ ਧੁਨੀਆਂ ਵੀ ਉਚਾਰਨ ਪ੍ਰਕਿਰਿਆ ਅਤੇ ਵਰਗੀਕਰਨ ਦਾ ਅਧਿਐਨ ਕਰਦਾ ਹੈ।

(2) ਤਰੰਗ ਧੁਨੀ ਵਿਗਿਆਨ-ਤਰੰਗ ਧੁਨੀ ਵਿਗਿਆਨ ਕਿਸੇ ਮਾਧਿਅਮ ਰਾਹੀਂ ਵਿਚਰ ਰਹੀਆਂ ਧੁਨੀ ਤਰੰਗਾਂ ਦਾ ਅਧਿਐਨ ਕਰਦਾ ਹੈ।ਵਿਸ਼ੇਸ਼ ਤੌਰ ਤੇ ਹਵਾ ਵਿਚਲੇ ਕਣਾਂ ਦੀ ਹਰਕਤ ਧੁਨੀ ਥਰਥਰਾਹਟ ਜਾਂ ਕੰਬਣੀ, ਧੁਨੀ ਤਰੰਗਾਂ ਦੀ ਵੰਨਗੀ, ਕੰਬਣੀ ਦਾ ਮਾਪ, ਧੁਨੀ ਸਪੈਜਟਰਾਂ, ਧੁਨੀ-ਘਣਤਾ ਆਦਿ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।ਤਰੰਗ, ਧੁਨੀ ਵਿਗਿਆਨ ਦਾ ਖੇਤਰ ਭੌਤਿਕ ਵਿਗਿਆਨ ਨਾਲ ਸਾਂਝਾ ਹੈ। ਤਰੰਗ,ਧੁਨੀ ਵਿਗਿਆਨ ਪ੍ਰਯੋਗਸ਼ਾਲਾ ਦੀ ਮੰਗ ਕਰਦਾ ਹੈ।

(3) ਸਵ੍ਰਣੀ ਧੁਨੀ ਵਿਗਿਆਨ-ਸਵ੍ਰਣੀ ਧੁਨੀ-ਵਿਗਿਆਨ ਧੁਨੀ ਤਰੰਗ ਨੂੰ ਸੁਨੇਹੇ ਵਿਚ ਬਦਲਣ ਦੀ ਪ੍ਰਕਿਰਿਆ ਦਾ ਅਧਿਐਨ ਕਰਦਾ ਹੈ। ਇਸ ਵਿਚ ਸਰੀਰ ਵਿਗਿਆਨ, ਕੰਨ ਦੀ ਬਣਤਰ ਦਾ ਅਧਿਅਨ, ਧੁਨੀਆਂ ਦੇ ਕੰਨ ਦੇ ਪਰਦੇ ਤੇ ਟਕਰਾ ਅਤੇ ਦਿਮਾਗ ਤੱਕ ਪਹੁੰਚਣ ਦੀ ਪ੍ਰਕਿਰਿਆ ਦਾ ਅਧਿਐਨ ਮਨੋਵਿਗਿਆਨਕ ਪੱਖੋਂ ਧੁਨੀ ਸੁਨੇਹੇ ਦਾ ਸੰਕਲਪਾਂ ਵਿਚ ਬਦਲਣ ਅਤੇ ਸੁਨੇਹੇ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਦਾ ਅਧਿਅਨ ਕਰਦਾ ਹੈ।

**ਬੋਲ-ਅਮਲ:** ਭਾਸ਼ਾ ਇਕੱਲੇ-ਕਾਰੇ ਵਿਅਕਤੀ ਦਾ ਕਾਰਜ ਨਹੀਂ। ਭਾਸ਼ਾ ਦੇ ਪੂਰਨ ਪ੍ਰਕਾਰਜ ਲਈ ਘੱਟੋਂ-ਘੱਟ ਦੋ ਵਿਅਕਤੀਆਂ ਦੀ ਲੋੜ ਹੈ।ਇਕ ਵਿਅਕਤੀ ਧੁਨੀਆਂ ਉਚਾਰਦਾ ਹੈ ਤੇ ਦੂਸਰਾ ਸੁਣਦਾ ਹੈ।ਫਿਰ ਦੂਸਰਾ ਉੱਤਰ ਵਿਚ ਕੁਝ ਧੁਨੀਆਂ ਉਚਾਰਦਾ ਹੈ ਤੇ ਪਹਿਲਾ ਸੁਣਦਾ ਹੈ।ਇਸ ਤਰ੍ਹਾਂ ਇਹ ਪ੍ਰਵਾਹ ਚਲਦਾ ਰਹਿੰਦਾ ਹੈ। ਇਸ ਸਾਧਾਰਨ ਬੋਲਚਾਲ ਦੀ ਪ੍ਰਕਿਰਿਆ ਹੇਠ ਲਿਖਿਆ ਗੇੜਾ ਪੂਰਾ ਕਰਦੀ ਹੈ :-

(ੳ) ਬਾਹਰਲੇ ਭਾਗ ਵਿਚ ਧੁਨੀਆਂ ਕਾਂਬੇ ਦੀ ਕੰਪਨ ਨਾਲ ਮੂੰਹ ਤੋਂ ਕੰਨ ਤੱਕ ਪਹੁੰਚਦੀਆਂ ਹਨ।

(ਅ) ਕੰਨ ਦੇ ਪਰਦੇ ਤੇ ਟਕਰਾ ਕੇ ਇਹ ਧੁਨੀਆਂ ਕਾਂਬੇ ਤੋਂ ਸੰਕਲਪਾਂ ਵਿਚ ਬਦਲਦੀਆਂ ਹਨ।

(ੲ) ਸੰਕਲਪ ਉਚਾਰ ਦੀ ਪ੍ਰਕਿਰਿਆ ਦੁਆਰਾ ਿ ਫਰ ਧੁਨੀ ਕੰਬਣੀ ਵਿਚ ਪਰਿਵਰਤਤ ਹੁੰਦੇ ਹਨ।

(ਸ) ਸਰੋਤ ਦੀ ਪ੍ਰਕਿਰਿਆ।

(ਹ) ਸਰੋਤ ਦੀ ਪ੍ਰਕਿਰਿਆ ਦੁਆਰਾ ਧੁਨੀ ਬਿੰਬ ਸੰਕਲਪਾਂ ਵਿਚ ਪਰਿਵਰਤਤ ਹੁੰਦੇ ਹਨ। ਇਸ ਸਮੁੱਚੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ :

ਸੰਕਲਪ

ਧੁਨੀ ਬਿੰਬ

ਸ੍ਰਵਣ ਉਚਾਰ

ਧੁਨੀ ਅਮਲ

ਇਸ ਤਰ੍ਹਾਂ ਇਹ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ।

### ਪੌਣਧਾਰਾ ਕੀ ਹੈ

ਪੌਣਧਾਰਾ:ਮਨੁੱਖੀ ਅੰਗਾਂ ਦੀ ਹਰਕਤ ਨਾਲ ਪੌਣਧਾਰਾ ਚਲਦੀ ਹੈ। ਫੇਫੜਿਆਂ ਦੀ ਹਰਕਤ ਨਾਲ ਹਵਾ ਅੰਦਰ-ਬਾਹਰ ਜਾਂਦੀ ਹੈ। ਇਸ ਨੂੰ ਫੇਫੜਿਆਂ ਦੀ ਪੌਣਧਾਰਾ ਕਿਹਾ ਜਾਂਦਾ ਹੈ।ਨਾਦ-ਯੰਤਰ ਫੇਫੜਿਆਂ ਦੀ ਪੌਣਧਾਰਾ ਨੂੰ ਰੋਕ ਕੇ ਆਪਣੀ ਹਰਕਤ ਨਾਲ ਪੌਣਧਾਰਾ ਚਲਾਉਦਾ ਹੈ। ਉਸ ਨੂੰ ਨਾਦ ਯੰਤਰੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕੋਮਲ ਤਾਲੂ ਦੀ ਸਹਾਇਤਾ ਨਾਲ ਜੋ ਪੌਣਧਾਰਾ ਚਲਦੀ ਹੈ, ਉਸ ਨੂੰ ਕੋਮਲ ਪੌਣਧਾਰਾ ਕਿਹਾ ਜਾਂਦਾ ਹੈ।

ਮਨੁੱਖੀ ਅੰਗਾਂ ਦੁਆਰਾ ਪੌਣਧਾਰਾ ਨੂੰ ਸ਼ੁਰੂ ਕਰਨ, ਪ੍ਰੇਰਨ ਅਤੇ ਰੋਕ ਲਾਉਣ ਸਦਕਾ ਧੁਨੀ ਅੰਤਰ ਪੈਦਾ ਹੁੰਦੀ ਹੈ। ਇਹ ਇਸ ਪ੍ਰਕਾਰ ਹੋਂਦ ਵਿਚ ਆਉਂਦੀ ਹੈ :

1.ਫੇਫੜੇ ਸਾਹ ਲੈਣ ਸਮੇਂ ਪੌਣਧਾਰਾ ਦੀ ਸ਼ੁਰੂਆਤ ਕਰਦੇ ਹਨ। ਫੇਫੜਿਆਂ ਦੀ ਪ੍ਰਕਿਰਿਆ ਦੁਆਰਾ ਪੌਣਧਾਰਾ ਚਲਦੀ ਹੈ।

2.ਨਾਦ ਪੱਤੀਆਂ ਪੌਣਧਾਰਾ ਨੂੰ ਰੋਕਦੀਆਂ ਹਨ, ਜਾਂ ਪੌਣਧਾਰਾ ਦੀ ਸ਼ੁਰੂਆਤ ਕਰਦੀਆਂ ਹਨ।

3.ਕੋਮਲ ਤਾਲੂ ਮੂੰਹ ਦਾ ਰਾਹ ਬੰਦ ਕਰਕੇ ਪੌਣਧਾਰਾ ਨੂੰ ਨੱਕ ਰਾਹੀਂ ਕੱਢਦਾ ਹੈ ਜਾਂ ਸਿੱਧੀ ਜਾਣ ਦਿੰਦਾ ਹੈ।

4.ਜੀਭ ਦੀ ਨੋਕ ਦੰਦਾਂ ਪਾਸ ਜਾ ਕੇ ਪੌਣਧਾਰਾ ਨੂੰ ਰੋਕਦੀ ਹੈ।

5.ਜੀਭ ਦੇ ਪਾਸ ਪਰਨਾਲੇ ਵਾਂਗ ਰੂਪ ਧਾਰ ਕੇ ਪੌਣਧਾਰਾ ਨੂੰ ਬਾਹਰ ਜਾਣ ਦਿੰਦੇ ਹਨ।

6.ਬੁੱਲ੍ਹ ਪੌਣਧਾਰਾ ਨੂੰ ਕੱਟਦੇ ਹਨ ਜਾਂ ਕੋਈ ਹੋਰ ਭਾਵ ਅਖ਼ਤਿਆਰ ਕਰਦੇ ਹਨ।

**ਉਚਾਰਨ ਦੇ ਅੰਗ**:- ਧੁਨੀਆਂ ਦਾ ਉਚਾਰਣ ਪੌਣਧਾਰਾ ਨੂੰ ਰੋਕ ਕੇ ਜਾਂ ਛੇੜ ਕੇ ਕੀਤਾ ਜਾਂਦਾ ਹੈ। ਜੋ ਅੰਗ ਪੌਣਧਾਰਾ ਨੂੰ ਸ਼ੁਰੂ ਕਰਨ, ਰੋਕਣ ਅਤੇ ਛੇੜਨ ਦਾ ਕੰਮ ਕਰਦੇ ਹਨ, ਉਹਨਾਂ ਨੂੰ ਉਚਾਰਨ ਦੇ ਅੰਗ ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਦੇ ਨਿਮਨਲਿਖਤ ਅੰਗ ਇਸ ਪ੍ਰਕਿਰਿਆ ਿਵਚ ਭਾਗ ਲੈਂਦੇ ਹਨ:

1.**ਫੇਫੜੇ** (ਫੇਫੜਿਆਂ ਦੀ ਪੌਣਧਾਰਾ):ਫੇਫੜੇ ਸਾਹ-ਪ੍ਰਣਾਲੀ ਦਾ ਅੰਗ ਹਨ।ਇਹ ਧੋਖਣੀ ਦਾ ਕੰਮ ਕਰਦੇ ਹਨ।ਫੇਫੜਿਆਂ ਦੇ ਕਾਰਜ ਸਦਕਾ ਸਾਹ ਦੀ ਪੌਣਧਾਰਾ ਚਲਦੀ ਹੈ।ਫੇਫੜੇ ਮਾਸ ਥੈਲੀਆਂ ਦਾ ਇਕ ਜੋੜ ਹਨ। ਹਰ ਫੇਫੜਾ ਅੱਗੋਂ ਨਿੱਕੇ ਭਾਗਾਂ ਵਿਚ ਵੰਡਿਆ ਹੁੰਦਾ ਹੈ।ਇਹ ਥੈਲੀਆਂ ਅੰਦਰੋਂ-ਅੰਦਰੀ ਅੰਗੂਰਾਂ ਦੇ ਗੁੱਛੇ ਦੀ ਤਰ੍ਹਾਂ ਜੁੜੀਆਂ ਹੁੰਦੀਆਂ ਹਨ। ਫੇਫੜਿਆਂ ਦੇ ਹੇਠ ਇਕ ਝਿੱਲੀ ਹੁੰਦੀ ਹੈ।ਇਹ ਝਿੱਲੀ ਛਾਤੀ ਅਤੇ ਪੇਟ ਨੂੰ ਦੋ ਭਾਗਾਂ ਵਿਚ ਵੰਡਦੀ ਹੈ।ਇਸ ਨੂੰ ਡਾਇਆਫਰਾਮ ਆਖਿਆ ਜਾਂਦਾ ਹੈ।ਡਾਇਆਫਰਾਮ ਪਸਲੀਆਂ ਅਤੇ ਪੇਟ ਦੇ ਪੱਠਿਆਂ ਦੀ ਸਹਾਇਤਾ ਨਾਲ ਨਿਯਮਤ ਢੰਗ ਨਾਲ ਉੱਪਰ ਹੇਠ ਹੁੰਦਾ ਹੈ।ਜਦੋਂ ਇਹ ਹੇਠ ਵੱਲ ਜਾਂਦਾ ਹੈ ਤਾਂ ਫੇਫੜਿਆਂ ਦੁਆਲੇ ਹਵਾ ਦਾ ਦਬਾਅ ਘੱਟ ਜਾਂਦਾ ਹੈ। ਇਸ ਘਟੇ ਦਬਾਅ ਨੂੰ ਪੂਰਾ ਕਰਨ ਲਈ ਫੇਫੜੇ ਫੈਲਦੇ ਹਨ।ਫੈਲੇ ਹੋਏ ਫੇਫੜਿਆਂ ਵਿਚ ਥਾਂ ਪੂਰਾ ਕਰਨ ਲਈ ਹਵਾ ਬਾਹਰ ਤੋਂ ਅੰਦਰ ਵੱਲ ਆਉਂਦੀ ਹੈ। ਪੰਜਾਬੀ ਵਿਚ ਇਸ ਨੂੰ ਚੜ੍ਹਦੀ ਪੌਣਧਾਰਾ ਆਖਿਆ ਜਾ ਸਕਦਾ ਹੈ। ਜਦੋਂ ਡਾਇਆਫਰਾਮ ਉਪਰ ਵੱਲ ਉਠਦਾ ਹੈ ਤਾਂ ਫੇਫੜਿਆਂ ਦੁਆਲੇ ਹਵਾ ਦਾ ਦਬਾਅ ਵਧ ਜਾਂਦਾ ਹੈ। ਇਸ ਦਬਾਅ ਸਦਕਾ ਫੇਫੜੇ ਸੁੰਗੜਨੇ ਸ਼ੁਰੂ ਹੋ ਜਾਂਦੇ ਹਨ। ਇਸ ਸੰਗੋਗ ਸਦਕਾ ਫੇਫੜਿਆਂ ਵਿਚਲੀ ਹਵਾ ਬਾਹਰ ਵੱਲ ਜਾਂਦੀ ਹੈ।

(2) **ਸਾਹ ਨਲੀ:** ਸਾਹ ਨਲੀ ਫੇਫੜਿਆਂ ਅਤੇ ਨਾਦ-ਯੰਤਰ ਵਿਚਕਾਰ ਪੌਣਧਾਰਾ ਦੇ ਵਿਚਰਨ ਲਈ ਰਾਹ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਉਚਾਰਨ ਪ੍ਰਕਿਰਿਆ ਵਿਚ ਇਸ ਦਾ ਕੋਈ ਹੋਰ ਮਹੱਤਵ ਨਹੀਂ ਹੈ।

(3) **ਕੰਠ-ਪਟਾਰੀ :**ਸਾਹ ਨਲੀ ਦੇ ਉਪਰਲੇ ਹਿੱਸੇ ਤੇ ਇਕ ਛੋਟਾ ਜਿਹਾ ਪਟਾਰੀ ਵਰਗਾ ਅੰਗ ਹੈ। ਇਸ ਦੀ ਅਗਲੀ ਨੋਕ ਗਰਦਨ ਦੇ ਅੱਗੇ ਵੱਲ ਉਭਰੀ ਹੁੰਦੀ ਹੈ। ਇਸ ਨੂੰ ਕੰਠ-ਪਟਾਰੀ ਦਾ ਨਾਂ ਦਿੱਤਾ ਗਿਆ ਹੈ। ਪੰਜਾਬੀ ਵਿਚ ਇਸਨੂੰ ਘੰਡੀ ਆਖਦੇ ਹਨ। ਇਸ ਦਾ ਉਪਰਲਾ ਭਾਗ ਨਾਦ-ਯੰਤਰ ਅਖਵਾਉਂਦਾ ਹੈ।

**ਨਾਦ ਯੰਤਰ:**

ਨਾਦ-ਯੰਤਰ ਦਾ ਉਚਾਰ ਪ੍ਰਕਿਰਿਆ ਵਿਚ ਵੀ ਮਹੱਤਵ ਹੈ। ਨਾਦ-ਯੰਤਰ ਦੇ ਅੰਦਰਲੇ ਪਾਸੇ ਬੁੱਲ੍ਹਾਂ ਦੀਆਂ ਨਾਦ ਪੱਤੀਆਂ ਹਨ ਇਹ ਬਹੁਤ ਹੀ ਪਤਲੇ ਮਾਸ ਦੇ ਪੱਠੇ ਹਨ। ਨਾਦ-ਯਾਦ ਦੀਆਂ ਨਿਮਨਲਿਖਤ ਅਵਸਥਾਵਾਂ ਹੋ ਸਕਦੀਆਂ ਹਨ।

(ੳ) ਖੁੱਲ੍ਹੀ ਅਵਸਥਾ : ਜਦੋਂ ਨਾਦ-ਪੱਤੀਆਂ ਇਕ ਦੂਸਰੇ ਤੋਂ ਵਿੱਥ ਤੇ ਹੁੰਦੀਆਂ ਹਨ ਤਾਂ ਪੌਣਧਾਰਾ ਨਾਦ-ਯੰਤਰ ਵਿਚੋਂ ਵਿਚਰ ਸਕਦੀ ਹੈ।ਇਸ ਅਵਸਥਾ ਨੂੰ ਨਾਦ-ਯੰਤਰ ਦੀ ਖੁੱਲ੍ਹੀ ਅਵਸਥਾ ਆਖਿਆ ਜਾਂਦਾ ਹੈ।ਇਸ ਅਵਸਥਾ ਵਿਚ ਨਾਦ ਰਹਿਤ ਧੁਨੀਆਂ ਉਚਾਰੀਆਂ ਜਾਂਦੀਆਂ ਹਨ। ਜੇਕਰ ਘੰਡੀ ਤੇ ਹੱਥ ਰਖ ਕੇ ਮਹਿਸੂਸ ਕੀਤਾ ਜਾਵੇ ਤਾਂ ਨਾਦ-ਪੱਤੀਆਂ ਦੀ ਕੋਈ ਕੰਬਣੀ ਮਹਿਸੂਸ ਨਹੀਂ ਕੀਤੀ ਜਾ ਸਕਦੀ।

(ਅ) ਕੰਬਣੀ ਅਵਸਥਾ: ਇਸ ਅਵਸਥਾ ਵਿਚ ਨਾਦ ਪੱਤੀਆਂ ਤਣ ਜਾਂਦੀਆਂ ਹਨ।ਦੋਹਾਂ ਪੱਤੀਆਂ ਵਿਚਕਾਰ ਪੌਣਧਾਰਾ

ਦੇ ਵਿਚਰਣ ਲਈ ਬਹੁਤ ਤੰਗ ਜਿਹਾ ਰਾਹ ਹੁੰਦਾ ਹੈ। ਜਦੋਂ ਪੌਣਧਾਰਾ ਇਹਨਾਂ ਪੱਤੀਆਂ ਨਾਲ ਖਹਿਕੇ ਲੰਘਦੀ ਹੈ ਤਾਂ ਇਹ ਕੰਬਣ ਲਗਦੀਆਂ ਹਨ ਕੰਬਦੀਆਂ ਨਾਦ ਪੱਤੀਆਂ ਨਾਦ ਗੂੰਜ ਪੈਦਾ ਕਰਦੀਆਂ ਹਨ ਇਸ ਅਵਸਥਾ ਵਿਚ ਪੈਦਾ ਕੀਤੀਆਂ ਗਈਆਂ ਧੁਨੀਆਂ ਨੂੰ ਨਾਦੀ ਜਾਂ ਗੂੰਜਵੀਆਂ ਧੁਨੀਆਂ ਆਖਿਆ ਜਾਂਦਾ ਹੈ ਨਾਦ ਪੱਤੀਆਂ ਦਾ ਕਾਂਬਾ ਘੰਡੀ ਤੇ ਹੱਥ ਰਖਕੇ ਮਹਿਸੂਸ ਕੀਤਾ ਜਾ ਸਕਦਾ ਹੈ।

(ੲ) ਕਾਨਾਫੂਸੀ ਅਵਸਥਾ:ਨਾਦ-ਯੰਤਰ ਦੀ ਇਸ ਅਵਸਥਾ ਵਿਚ ਨਾਦ ਪੱਤੀਆਂ ਅਗਲੇ ਪਾਸਿਓ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ, ਪਰ ਪਿਛਲੇ ਵੱਲ ਇਕ ਮੋਰੀ ਜਿਹੀ ਬਣਾਉਂਦੀ ਹੈ, ਜਿਸ ਵਿਚ ਪੌਣਧਾਰਾ ਕਾਨਾਫੂਸੀ ਜਿਹੀ ਆਵਾਜ਼ ਪੈਦਾ ਕਰਕੇ ਵਿਚਰ ਸਕਦੀ ਹੈ।

(ਸ) ਬੰਦ ਅਵਸਥਾ: ਇਸ ਅਵਸਥਾ ਵਿਚ ਨਾਦ ਪੱਤੀਆਂ ਇਕ ਦੂਸਰੇ ਨਾਲ ਕਸ ਕੇ ਜੁੜ ਜਾਂਦੀਆਂ ਹਨ ਅਤੇ ਫੇਫੜਿਆਂ ਦੀ ਪੌਣਧਾਰਾ ਦਾ ਰਾਹ ਪੂਰਣ ਤੌਰ ਤੇ ਰੋਕ ਲੈਂਦੀਆਂ ਹਨ। ਇਸ ਸਥਿਤੀ ਵਿਚ ਕੋਈ ਵੀ ਭਾਸ਼ਾਈ ਕਾਰਜ ਨਹੀਂ ਲਿਆ ਜਾ ਸਕਦਾ ਇਹ ਸਥਿਤੀ ਭਾਰ ਚੁੱਕਣ ਵੇਲੇ ਜਾਂ ਖੰਘਣ ਵੇਲੇ ਹੁੰਦੀ ਹੈ।

**ਨਾਦ-ਯੰਤਰੀ ਪੌਣਧਾਰਾ ਵਿਧੀ**:-ਨਾਦ-ਯੰਤਰੀ ਪੌਣਧਾਰਾ ਦਾ ਸੰਚਾਲਣ ਨਾਦ-ਯੰਤਰ ਦੀ ਬੰਦ ਅਵਸਥਾ ਕਰਦਾ ਹੈ। ਇਹ ਪ੍ਰਕਿਰਿਆ ਇਸ ਪ੍ਰਕਾਰ ਹੈ :

1.ਨਾਦ-ਪੱਤੀਆਂ ਇਕ ਦੂਸਰੇ ਨਾਲ ਕਸ ਕੇ ਜੁੜ ਜਾਂਦੀਆਂ ਹਨ, ਫੇਫੜਿਆਂ ਦੀ ਪੌਣਧਾਰਾ ਦਾ ਰਾਹ ਮੁਕੰਮਲ ਤੌਰ ਤੇ ਬੰਦ ਕਰ ਦਿੰਦੀਆਂ ਹਨ

2.ਕੋਮਲ ਤਾਲੂ ਉਪਰ ਵੱਲ ਉੱਠ ਜਾਂਦਾ ਹੈ

3.ਮੂੰਹ ਦਾ ਖੋਲ ਕਿਸੇ ਬਿੰਦੂ ਤੇ ਡੱਕ ਲਾ ਕੇ ਬੰਦ ਕਰ ਲਿਆ ਜਾਂਦਾ ਹੈ

4.ਇਸ ਤਰ੍ਹਾਂ ਨਾਦ ਪੱਤੀਆਂ ਤੋਂ ਲੈ ਕੇ ਬੁੱਲ੍ਹਾਂ ਤੱਕ ਬੰਦ ਪੋਲ ਹੋਂਦ ਵਿਚ ਆ ਜਾਂਦਾ ਹੈ

5.ਇਸ ਪੋਲ ਵਿਚਲੀ ਹਵਾ ਦਾ ਦਬਾਅ ਪਾਇਆ ਜਾਂਦਾ ਹੈ ਤੇ ਪੋਲ ਨੂੰ ਤੰਗ ਕੀਤਾ ਜਾਂਦਾ ਹੈ

6.ਨਾਦ-ਯੰਤਰ ਅਤੇ ਜੀਭ ਨੂੰ ਉਪਰ ਵੱਲ ਧੱਕਿਆ ਜਾਂਦਾ ਹੈ

ਹੁਣ ਜਦੋਂ ਬੁੱਲ੍ਹਾਂ ਨੂੰ ਖੋਲ੍ਹਿਆ ਜਾਵੇਗਾ ਤੇ ਪੌਣਧਾਰਾ ਅਚਾਨਕ ਬਾਹਰ ਨਿਕਲੇਗੀ ਇਸ ਪ੍ਰਕਿਰਿਆ ਦੁਆਰਾ ਉਚਾਰੀ ਗਈ ਧੁਨੀ ਨੂੰ ਡਕਵਾਂ ਵਿਅੰਜਨ ਕਿਹਾ ਜਾਂਦਾ ਹੈ ਇਸ ਪ੍ਰਕਿਰਿਆ ਨੂੰ ਨਾਦ-ਯੰਤਰੀ ਪੌਣਧਾਰਾ ਵਿਧੀ ਕਿਹਾ ਜਾਂਦਾ ਹੈ ਕਿਉਂਕਿ ਇਸ ਪੌਣਧਾਰਾ ਦਾ ਸੰਚਾਲਨ ਨਾਦ-ਯੰਤਰ ਕਰਦਾ ਹੈ।

4.ਕੰਠ ਮਾਰਗ ਪੋਲ :ਫੇਫੜਿਆਂ ਵਿਚੋਂ ਆਉਂਦੀ ਪੌਣਧਾਰਾ ਨਾਦ-ਯੰਤ ਵਿਚੋਂ ਹੁੰਦੀ ਕੰਠ ਮਾਰਗ ਪੋਲ ਵਿਚ ਪਹੁੰਚਦੀ ਹੈ। ਇਹ ਪੋਲ ਸੰਗਮ ਦਾ ਕੰਮ ਕਰਦੀ ਹੈ।ਇਥੇ ਮੂੰਹ ਅਤੇ ਨਾਸਾਂ ਦੇ ਦੋ ਰਾਹ ਜੁੜਦੇ ਹਨ।ਜੇਕਰ ਬੁੱਲ੍ਹ ਮੀਟੇ ਹੋਣ ਤਾਂ ਸਾਹ ਨਾਸਾਂ ਰਾਹੀਂ ਲੰਘਦਾ ਹੈ। ਕੋਮਲ ਤਾਲੂ ਦੁਆਰਾ ਵੀ ਮੂੰਹ ਦਾ ਰਾਹ ਰੋਕਿਆ ਜਾ ਸਕਦਾ ਹੈ।

5.ਕੋਮਲ ਤਾਲੂ:ਮੂੰਹ ਦੇ ਪਿਛਲੇ ਤੇ ਉਪਰਲੇ ਭਾਗ ਨੂੰ ਕੋਮਲ ਤਾਲੂ ਆਖਿਆ ਜਾਂਦਾ ਹੈ।ਕੋਮਲ ਤਾਲੂ ਹਿਲਜੁਲ ਕਰ ਸਕਦਾ ਹੈ।ਇਹ ਕੋਮਲ-ਤਾਲਵੀ ਧੁਨੀਆਂ ਦੇ ਉਚਾਰਨ ਲਈ ਉਚਾਰਨ ਦਾ ਕੰਮ ਕਰਦਾ ਹੈ, ਕੋਮਲ ਤਾਲੂ ਕੋਮਲ-ਤਾਲਵੀ ਪੌਣਧਾਰਾ ਵਿਧੀ ਦਾ ਸੰਚਾਲਨ ਵੀ ਕਰਦਾ ਹੈ।

6.ਜੀਭ:ਜੀਭ ਨੂੰ ਉਚਾਰਨ ਦੇ ਪੱਖ ਤੋਂ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਹ ਹਿੱਸਾ ਹਨ, ਨੋਕ, ਬਲਡੇ,ਮਧਲਾ ਅਤੇ ਅਤੰਲਾ ਹਿੱਸਾ ਜੀਭ ਦੇ ਮੂਹਰਲੇ ਤਿੱਖੇ,ਨੋਕਦਾਰ ਭਾਗ ਨੂੰ ਨੋਕ ਕਿਹਾ ਜਾਂਦਾ ਹੈ। ਇਸ ਦੇ ਪਾਸੇ ਵੱਲ ਜਰਾ ਹਟਵਾਂ ਹਿੱਸਾ ਬਲਡੇ ਹੈ, ਵਿਚਕਾਰਲੇ ਭਾਗ ਨੂੰ ਮਧਲਾ ਹਿਸਾ ਕਿਹਾ ਜਾਂਦਾ ਹੈ। ਪਿਛਲਾ ਹਿੱਸਾ ਕੋਮਲ ਤਾਲੂ ਦੇ ਪਿਛਲੇ ਹਿੱਸੇ ਦੇ ਸਾਹਮਣੇ ਦਾ ਭਾਗ ਹੁੰਦਾ ਹੈ। ਜੀਭ ਦੇ ਚਾਰੇ ਹਿੱਸੇ ਵਿਭਿੰਨ ਧੁਨੀਆਂ ਦੇ ਉਚਾਰਨ ਸਮੇਂ ਪ੍ਰਰੇਕ-ਉਪਚਾਰਕ ਦਾ ਕੰਮ ਕਰਦੇ ਹਨ।

7.ਕਾਂ:ਇਹ ਕੋਮਲ ਤਾਲੂ ਦੇ ਪਿਛਲੇ ਭਾਗ ਨਾਲ ਲਟਕਿਆ ਹੋਇਆ ਮਾਸ ਦਾ ਟੁਕੜਾ ਹੈ।

8.ਦੰਦ:ਦੰਦ ਭੋਜਨ ਕੱਟਣ ਦਾ ਕੰਮ ਕਰਦੇ ਹਨ ਪਰ ਉਪਰਲੇ ਦੰਦ ਉਚਾਰਨ ਲਈ ਵਰਤੇ ਜਾਂਦੇ ਹਨ। ਉਪਰਲੇ ਦੰਦ ਜੀਭ ਦੀ ਨੋਕ ਨਾਲ ਰਲ ਕੇ ਦੰਤੀ ਧੁਨੀਆਂ ਦਾ ਉਚਾਰਨ ਕਰਦੇ ਹਨ।

9.ਹੋਠ: ਹੋਠ ਲੱਚਕਦਾਰ ਹਨ।ਇਹ ਕਈ ਧੁਨੀਆਂ ਦੇ ਉਚਾਰਨ ਲਈ ਵਰਤੇ ਜਾਂਦੇ ਹਨ। ਵਧੇਰੇ ਹਰਕਤ ਹੇਠਲਾ ਬੁੱਲ੍ਹ ਹੀ ਕਰਦਾ ਹੈ, ਉਪਰਲਾ ਬੁੱਲ੍ਹ ਵੀ ਥੋੜ੍ਹਾ ਹੇਠ ਆ ਸਕਦਾ ਹੈ। ਹੋਠ ਧੁਨੀਆਂ ਦੇ ਉਚਾਰਨ ਵੇਲੇ ਗੋਲ ਵੀ ਹੋ ਸਕਦੇ ਹਨ ਅਤੇ ਫੈਲਵੀਂ ਅਵਸਥਾ ਿਵਚ ਵੀ ਹੋ ਸਕਦੇ ਹਨ।ਇਹਨਾਂ ਅਵਸਥਾਵਾਂ ਤੋਂ ਧੁਨੀਆਂ ਦੀ ਵੰਨਗੀ ਨਿਰਧਾਰਤ ਕੀਤੀ ਜਾਂਦੀ ਹੈ।

4.ਉਚਾਰਕ ਦੇ ਪ੍ਰੇਰਕ: ਜਦੋਂ ਦੋ ਅੰਗ ਮਿਲਵੇਂ ਤੌਰ ਤੇ ਕਿਸੇ ਧੁਨੀ ਦੇ ਉਚਾਰਨ ਿਵਚ ਭਾਗ ਲੈਂਦੇ ਹਨ ਤਾਂ ਉਹਨਾਂ ਵਿਚੋਂ ਇਕ ਸਥਾਈ ਰਹਿੰਦਾ ਹੈ ਤੇ ਦੂਸਰਾ ਹਿਲ ਕੇ ਸਥਾਈ ਨਾਲ ਛੂੰਹਦਾ ਹੈ। ਹਰਕਤ ਕਰਨ ਵਾਲਾ ਅੰਕ ਪ੍ਰੇਰਕ ਹੁੰਦਾ ਹੈ। ਭਾਵੇਂ ਦੋਹਾਂ ਅੰਗਾਂ ਨੂੰ ਉਚਾਰਕ ਮੰਨਿਆ ਗਿਆ ਹੈ।ਕਈ ਧੁਨੀ ਵਿਗਿਆਨੀਆਂ ਨੇ ਉਪਰਲੇ ਤੇ ਹੇਠਲੇ ਉਚਾਰਨ ਦੀ ਵਰਤੋਂ ਵੀ ਕੀਤੀ ਹੈ।

ਉਚਾਰਨ ਪ੍ਰਕਿਰਿਆ :- ਧੁਨੀਆਂ ਦੇ ਉਚਾਰਨ ਲਈ ਅੰਦਰ ਵੱਖ-ਵੱਖ ਉਚਾਰਨ ਅੰਗਾਂ ਦੇ ਵੱਖ-ਵੱਖ ਕਾਰਜਾਂ ਕਰਕੇ ਹੁੰਦਾ ਹ।ਧੁਨੀਆਂ ਵਿਚ ਅੰਤਰ ਪੈਦਾ ਕਰਨ ਦੀ ਪ੍ਰਕਿਰਿਆ ਦਾ ਨਾਂ ਉਚਾਰਨ ਪ੍ਰਕਿਰਿਆ ਹੈ। ਧੁਨੀਆਂ ਦੇ ਉਚਾਰਨ ਵਿਚ ਅੰਤਰ ਕਿਵੇਂ ਲਿਆਂਦਾ ਜਾਂਦਾ ਹੈ ।ਉਚਾਰਨ ਪ੍ਰਕਿਰਿਆ ਵਿਚ ਚਾਰ ਪ੍ਰਮੁੱਖ ਪਹਿਲੂ ਸ਼ਾਮਿਲ ਹਨ :(1) ਉਚਾਰਨ ਅੰਗ (2) ਪੌਣਧਾਰਾ ਵਿਧੀਆਂ(3)ਉਚਾਰਨ ਸਥਾਨ(4)ਉਚਾਰਨ ਿਵਧੀ

1.ਉਚਾਰਨ ਅੰਗ: ਉਲੇਖ ਹੋ ਚੁੱਕਿਆ ਹੈ।

2. ਪੌਣਧਾਰਾ ਵਿਧੀਆਂ : ਉਲੇਖ ਹੋ ਚੁੱਕਿਆ ਹੈ।

3.ਉਚਾਰਨ ਸਥਾਨ:ਜਦੋਂ ਦੋ ਉਚਾਰ ਅੰਗਾਂ ਨੂੰ ਜੋੜਿਆਂ ਵਜੋਂ ਸਥਾਪਤ ਕੀਤਾ ਜਾਂਦਾ ਹੈ ਤਾਂ ਉਚਾਰਨ ਸਥਾਨ ਜਾਂ ਉਚਾਰਨ ਬਿੰਦੂ ਦਾ ਪਤਾ ਲਗਦਾ ਹੈ।ਪੰਜਾਬੀ ਵਿਚ ਉਚਾਰਨ ਸਥਾਨ ਇਸ ਤਰ੍ਹਾਂ ਸਥਾਪਤ ਕੀਤੇ ਜਾ ਸਕਦੇ ਹਨ :ਹੇਠਲਾ ਉਚਾਰਨ,ਉਪਰਲਾ ਉਚਾਰਨ,ਉਚਾਰਕ ਸਥਾਨ

1.ਹੇਠਲਾ ਬੁੱਲ੍ਹ-ਉਪਰਲਾ ਬੁੱਲ੍ਹ- ਦੋ ਹੋਂਠੀ

2.ਜੀਭ ਦੀ ਨੋਕ-ਉਪਰਲਾ ਦੰਦ-ਦੰਤੀ

3.ਜੀਭ ਦੀ ਨੋਕ (ਉਲਟ)-ਤਾਲੂ-ਉਲਟ ਜੀਭੀ

4.ਜੀਭ ਦਾ ਪਿਛਲਾ ਪਾਸਾ-ਤਾਲੂ ਦਾ ਪਿਛਲਾ ਪਾਸਾ-ਤਾਲਵੀ

5.ਜੀਭ ਦਾ ਪਿਛਲਾ ਪਾਸਾ-ਕੋਮਲ ਤਾਲੂ- ਕੋਮਲ ਤਾਲਵੀ

ਇਸ ਤਰ੍ਹਾਂ ਉਚਾਰਨ ਅੰਗਾਂ ਦੇ ਪਰਸਪਰ ਆਧਾਰ ਤੇ ਹੋਰ ਵੀ ਉਚਾਰਨ ਬਿੰਦੂ ਸਥਾਪਤ ਕੀਤੇ ਜਾ ਸਕਦੇ ਹਨ ਪਰੰਤੂ ਪੰਜਾਬੀ ਵਿਚ ਇਹ ਪੰਜ ਹੀ ਉਚਾਰਨ ਸਥਾਨ ਮਿਲਦੇ ਹਨ।

5.ਉਚਾਰਨ ਵਿਧੀ :- ਬੁੱਲ੍ਹ, ਜੀਭ, ਕੋਮਲ-ਤਾਲੂ ਅਤੇ ਨਾਦ ਯੰਤਰ ਵੱਖ ਵੱਖ ਧੁਨੀਆਂ ਉਚਾਰਨ ਲਈ ਵੱਖ-ਵੱਖ ਪੁਜੀਨਾਂ ਲੈਂਦੇ ਹਨ। ਇਹਨਾਂ ਅੰਗਾਂ ਦੀਆਂ ਵੱਖ-ਵੱਖ ਪੁਜੀਸ਼ਨਾਂ ਨੂੰ ਉਚਾਰਨ ਦੀ ਵਿਧੀ ਅਖਿਆ ਜਾਂਦਾ ਹੈ।ਉਚਾਰਨ ਦੀ ਵਿਧੀ ਪਛਾਣਨ ਲਈ ਹੇਠ ਲਿਖੇ ਨੁਕਤਿਆਂ ਦੀ ਪੜਤਾਲ ਕਰਨੀ ਬਣਦੀ ਹੈ :

1.ਕੀ ਧੁਨੀ ਨਾਸਕੀ ਹੈ ਜਾਂ ਮੌਖਿਕ- ਨਾਸਕੀ ਧੁਨੀ ਨੱਕ ਰਾਹੀਂ ਉਚਾਰੀ ਜਾਂਦੀ ਹੈ।

2.ਕੀ ਧੁਨੀ ਨਾਦੀ ਹੈ ਜਾਂ ਨਾਦ ਰਹਿਤ-ਨਾਦ ਧੁਨੀ ਵਿਚ ਨਾਦ ਪੱਤੀਆਂ ਕੰਬਦੀਆਂ ਹਨ।ਨਾਦ ਰਹਿਤ ਧੁਨੀ ਮੌਖਿਕ ਧੁਨੀ ਮੂੰਹ ਰਾਹੀਂ ਉਚਾਰੀ ਜਾਂਦੀ ਹੈ। ਧੁਨੀ ਵਿਚ ਨਾਦ ਪੱਤੀਆਂ ਨਹੀਂ ਕੰਬਦੀਆਂ।

3.ਕੀ ਧੁਨੀ ਅਲਪਪ੍ਰਾਣ ਹੈ ਭਾਵ ਕੀ ਧੁਨੀ ਦੇ ਉਚਾਰਨ ਵਿਚ ਸਾਹ ਦਾ ਰਲਾ ਹੈ ਜਾਂ ਨਹੀਂ ।

4.ਕੀ ਧੁਨੀ ਰਗੜ ਨਾਲ ਪੈਦਾ ਹੋਈ ਹੈ।

5.ਕੀ ਧੁਨੀ ਕੰਬਦੀ ਹੈ।

6.ਕੀ ਧੁਨੀ ਫਟਕਵੀ੍ਹ ਹੈ।

7.ਕੀ ਧੁਨੀ ਕਿਸੇ ਹੋਰ ਵੰਨਗੀ ਦੀ ਹੈ।

ਉਚਾਰਨ ਵਿਧੀ ਦੀ ਸਹਾਇਤਾ ਨਾਲ ਪੰਜਾਬੀ ਦੀਆਂ ਧੁਨੀਆਂ ਦਾ ਹੇਠ ਲਿਖੇ ਅਨੁਸਾਰ ਨਿਖੇੜ ਕੀਤਾ ਜਾ ਸਕਦਾ ਹੈ :

(ੳ) ਡੱਕਵੇਂ ਵਿਅੰਜਨ

(ਅ) ਸਪ੍ਰਵਾਹ ਵਿਅੰਜਨ

(ੳ) ਡੱਕਵੇਂ ਵਿਅਜੰਨ:- ਇਹ ਮੂੰਹ ਪੋਲ ਿਵਚ ਪੌਣਧਾਰਾ ਨੂੰ ਪੂਰਨ ਤੌਰ ਤੇ ਡੱਕ ਕੇ ਉਚਾਰੇ ਜਾਂਦੇ ਹਨ। ਿਇਹ ਵੱਖ ਵੱਖ ਉਚਾਰਕ ਸਥਾਨਾਂ ਤੇ ਉਚਾਰੇ ਜਾ ਸਕਦੇ ਹਨ ।

(ਅ) ਸਪ੍ਰਵਾਹ ਵਿਅੰਜਨ

ਖਿਹਵੇਂ ਵਿਅੰਜਨ -ਇਹਨਾਂ ਦੇ ਉਚਾਰਨ ਸਮੇਂ ਪੌਣਧਾਰਾ ਖਹਿ ਕੇ ਲੰਘਦੀ ਹੈ।

ਕੰਬਵੇਂ ਵਿਅੰਜਨ -ਇਸ ਧੁਨੀ ਦੇ ਉਚਾਰਨ ਸਮੇਂ ਜੀਭ ਵਿਚ ਕਾਂਬਾ ਆਉਂਦਾ ਹੈ।

ਪਾਰਸ਼ਵਿਕ ਵਿਅੰਜਨ-ਇਹਨਾਂ ਧੁਨੀਆਂ ਸਮੇਂ ਜੀਭ ਪਾਸਿਆਂ ਤੋਂ ਪਰਨਾਲਾ ਬਣਾ ਲੈਂਦੀ ਹੈ।

ਫਟਕਵੇਂ ਵਿਅੰਜਨ-ਇਸ ਧੁਨੀ ਦੇ ਉਚਾਰਨ ਸਮੇਂ ਜੀਭ ਫਟ ਕੇ ਨਾਲ ਡਿਗਦੀ ਹੈ।ਇਸ ਤਰ੍ਹਾਂ ਉਚਾਰਨ ਵਿਧੀ ਦੁਆਰਾ ਇਕੋ ਉਚਾਰਨ ਬਿੰਦੂ ਤੇ ਧੁਨੀਆਂ ਵਿਚ ਅੰਤਰ ਲਿਆਂਦਾ ਜਾਂਦਾ ਹੈ।

### 1.1.7 **ਖੰਡੀ ਧੁਨੀਆਂ**

ਕਿਸੇ ਵਿਸ਼ੇਸ ਭਾਸ਼ਾ ਦੀਆਂ ਧੁਨੀਆਂ ਨੂੰ ਵਰਤੋਂ ਦੇ ਪੱਖ ਤੋਂ ਭਾਸ਼ਾ ਵਿਗਿਆਨੀ ਦੋ ਵਰਗਾਂ ਵਿਚ ਰੱਖਦੇ ਹਨ : ਖੰਡੀ ਧੁਨੀਆਂ ਅਤੇ ਅਖੰਡੀ ਧੁਨੀਆਂ। ਜਿਹੜੀਆਂ ਧੁਨੀਆਂ ਸੁਤੰਤਰ ਤੌਰ 'ਤੇ ਵਰਤੀਆਂ ਜਾ ਸਕਦੀਆਂ ਹਨ ਉਨ੍ਹਾਂ ਧੁਨੀਆਂ ਨੂੰ ਖੰਡੀ ਧੁਨੀਆਂ ਕਿਹਾ ਜਾਂਦਾ ਹੈ । ਇਸ ਅਧਾਰ 'ਤੇ ਭਾਸ਼ਾ ਵਿਗਿਆਨੀ ਖੰਡੀ ਧੁਨੀਆਂ ਦੇ ਅਧਿਅਨ ਵਾਲੇ ਵਿਗਿਆਨ ਨੂੰ ਖੰਡੀ ਧੁਨੀ-ਵਿਉਂਤ ਅਤੇ ਅਖੰਡੀ ਧੁਨੀਆਂ ਦੇ ਅਧਿਅਨ ਵਾਲੇ ਵਿਗਿਆਨ ਨੂੰ ਅਖੰਡੀ ਧੁਨੀ ਵਿਉਤ ਵਿਚ ਵੰਡਦੇ ਹਨ। ਹਰ ਭਾਸ਼ਾ ਵਿਚ ਸਵਰ ਅਤੇ ਵਿਅੰਜਨ ਧੁਨੀਆਂ ਸੁਤੰਤਰ ਤੌਰ 'ਤੇ ਵਰਤੇ ਜਾਣ ਦੀ ਸਮਰੱਥਾ ਰਖਦੀਆਂ ਹਨ। ਇਸ ਲਈ ਸਵਰਾਂ, ਵਿਅੰਜਨਾ ਅਤੇ ਅਰਧ-ਸਵਰਾਂ ਨੂੰ ਖੰਡੀ ਧੁਨੀ-ਵਿਉਂਤ ਵਿਚ ਖੰਡੀ ਧੁਨੀਆਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਨਾਂ ਖੰਡੀ ਧੁਨੀਆਂ ਦਾ ਨਿਖੇੜਾ ਉਚਾਰਨ ਦੇ ਪੱਖ ਤੋਂ ਕੀਤਾ ਜਾਂਦਾ ਹੈ (1) ਵਿਅੰਜਨ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਤੋਂ ਬਾਹਰ ਆਉਂਦੀ ਵਾਯੂਧਾਰਾ ਨੂੰ ਉਚਾਰਨ-ਅੰਗਾਂ ਦੁਆਰਾ ਕਿਸੇ ਨਾ ਕਿਸੇ ਉਚਾਰਨ-ਸਥਾਨ 'ਤੇ ਪੂਰਨ ਰੂਪ ਵਿਚ ਜਾਂ ਅਲਪ ਰੂਪ ਵਿਚ ਰੁਕਾਵਟ ਪੈਦਾ ਕੀਤੀ ਜਾਂਦੀ ਹੈ ਅਤੇ ਉਸ ਪੂਰਨ ਰੋਕ ਜਾਂ ਅਲਪ ਰੋਕ ਦੇ ਹਟਣ ਨਾਲ ਜੋ ਧੁਨੀਆਂ ਪੈਦਾ ਹੁੰਦੀਆਂ ਹਨ, ਉਨ੍ਹਾਂ ਨੂੰ ਵਿਅੰਜਨ ਧੁਨੀਆਂ ਕਿਹਾ ਜਾਂਦਾ ਹੈ। ਪੰਜਾਬੀ ਦੇ ਵਿਅੰਜਨਾਂ ਨੂੰ ਉਚਾਰਨ ਸਥਾਨ ਦੇ ਅਧਾਰ 'ਤੇ ਦੰਤੀ, ਉਲਟ-ਜੀਭ, ਤਾਲਵੀ, ਕੰਠੀ ਅਤੇ ਸੁਰ-ਯੰਤਰੀ ਵਿਚ ਵੰਡਿਆ ਜਾਂਦਾ ਹੈ। ਉਚਾਰਨ ਪੋਲ ਦੇ ਪੱਖ ਤੋਂ ਇਨ੍ਹਾਂ ਧੁਨੀਆਂ ਨੂੰ ਮੌਖਿਕ ਅਤੇ ਨਾਸਕੀ ਵਿਚ ਅਤੇ ਰੁਕਾਵਟ ਦੇ ਪੱਖ ਤੋਂ ਡੱਕਵੀਆਂ ਅਤੇ ਅਡੱਕਵੀਆਂ ਧੁਨੀਆਂ ਵਿਚ ਵੰਡਿਆ ਜਾਂਦਾ ਹੈ। ਪਰਾਣਤਾ ਦੇ ਪੱਖ ਤੋਂ ਅਲਪ-ਪਰਾਣ ਅਤੇ ਮਹਾਂ-ਪਰਾਣ ਅਤੇ ਘੋਸ਼ਤਾ ਦੇ ਪੱਖ ਤੋਂ ਸਘੋਸ਼ ਅਤੇ ਅਘੋਸ਼ ਵਿਚ ਵੰਡਿਆ ਜਾਂਦਾ ਹੈ। (1) ਸਵਰ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਤੋਂ ਬਾਹਰ ਆਉਂਦੀ ਵਾਯੂਧਾਰਾ ਨੂੰ ਉਚਾਰਨ-ਸਥਾਨਾਂ 'ਤੇ ਉਚਾਰਕਾ ਵਲੋਂ ਕੋਈ ਰੁਕਾਵਟ ਨਹੀਂ ਪਾਈ ਜਾਂਦੀ। ਇਨ੍ਹਾਂ ਖੰਡੀ ਧੁਨੀਆਂ ਨੂੰ ਜੀਭ ਦੀ ਉਚਾਈ, ਮੂੰਹ ਵਿਚ ਉਚਾਰੇ ਜਾਣ ਦੀ ਸਥਿਤੀ ਸਥਾਨ ਅਤੇ ਬੁੱਲ੍ਹਾਂ ਦੇ ਰੂਪ ਦੇ ਅਧਾਰ 'ਤੇ ਵੰਡਿਆ ਜਾਂਦਾ ਹੈ। ਜੀਭ ਦੀ ਉਚਾਈ ਦੇ ਅਧਾਰ ਤੇ ਸਵਰ । ਉਥੇ ਨੀਵੇਂ,ਅੱਧ ਨੀਵੇਂ ਹੁੰਦੇ ਹਨ। ਇਹ ਮੂੰਹ ਦੇ ਮੂਹਰਲੇ, ਵਿਚਕਾਰਲੇ ਜਾਂ ਪਿਛਲੇ ਪਾਸੇ ਤੋਂ ਉਚਾਰੇ ਜਾਂਦੇ ਹਨ। ਇਨ੍ਹਾਂ ਦੇ ਉਚਾਰਨ ਵੇਲੇ ਬੁੱਲ੍ਹਾ ਦੀ ਸਥਿਤੀ ਗੁਲਾਈਦਾਰ ਜਾਂ ਗੁਲਾਈ ਰਹਿਤ ਹੁੰਦੀ ਹੈ। ਇਸ ਦੇ ਨਾਲ ਨਾਲ ਦੀਰਘਤਾ ਦੇ ਅਧਾਰ ਤੇ ਸਵਰਾਂ ਨੂੰ ਲਘੂ ਅਤੇ ਦੀਰਘ ਵਿਚ ਵੰਡਿਆ ਜਾਂਦਾ ਹੈ, ਜਿਵੇਂ : (ਈ) ਉਚਾ, ਮੂਹਰਲਾ, ਦੀਰਘ, ਗੁਲਾਈ ਰਹਿਤ, (ਅ) ਨੀਵਾਂ, ਪਿਛਲਾ, ਗੁਲਾਈਦਾਰ, ਦੀਰਘ ਹੈ। (1) ਅਰਧ ਸਵਰ ਵ ਵਿਅੰਜਨ ਦਾ ਉਚਾਰਨ ਸਪਸ਼ਟ ਤੌਰ 'ਤੇ ਸਵਰ ਜਾਂ ਵਿਅੰਜਨ ਵਰਗਾ ਨਹੀਂ ਹੁੰਦਾ ਇਸ ਲਈ ਇਨ੍ਹਾਂ ਨੂੰ ਅਰਧ ਦੇ ਘੇਰੇ ਵਿਚ ਰੱਖ ਲਿਆ ਜਾਂਦਾ ਹੈ। ਪੰਜਾਬੀ ਵਿਚ (ਯ) ਤੇ (ਵ) ਅਰਧ ਸਵਰ ਵਿਅੰਜਨ ਖੰਡੀ ਧੁਨੀਆਂ ਹਨ।

### 1.1.8 ਸਵਰ ਅਤੇ ਵਿਅੰਜਨ ਧੁਨੀਆਂ ਦਾ ਨਿਖੇੜਾ ਅਤੇ ਵਰਗੀਕਰਨ

ਧੁਨੀਆਂ ਦਾ ਵਰਗੀਕਰਣ :ਸਭ ਤੋਂ ਪਹਿਲਾਂ ਸਵਰ ਅਤੇ ਵਿਅੰਜਨ ਧੁਨੀਆਂ ਦਾ ਅੰਤਰ-ਨਿਖੇੜ ਕੀਤਾ ਜਾਂਦਾ ਹੈ। ਸਵਰ ਅਤੇ ਵਿਅੰਜਨ ਧੁਨੀਆਂ ਨੂੰ ਉਚਾਰਨ ਦੇ ਅੰਤਰ ਤੋਂ ਨਿਖੇੜਆ ਜਾ ਸਕਦਾ ਹੈ।ਇਹਨਾਂ ਨੂੰ ਕਾਰਜ ਪੱਖੋਂ ਤੇ ਤਰੰਗ ਧੁਨੀ ਵਿਗਿਆਨ ਦੀ ਸਹਾਇਤਾ ਨਾਲ ਵੀ ਨਿਖੇੜਿਆ ਜਾ ਸਕਦਾ ਹੈ।

ਵਿਅੰਜਨ ਧੁਨੀਆਂ:ਵਿਅੰਜਨ ਧੁਨੀਆਂ ਨਾਦੀ-ਨਾਦ ਰਹਿਤ ਉਚਾਰਨ ਰਾਹ ਨੂੰ ਮੁਕੰਮਲ ਤੌਰ ਤੇ ਬੰਦ ਕਰਕੇ ਉਚਾਰੀਆਂ ਜਾਂਦੀਆਂ ਹਨ।

ਸਵਰ ਧੁਨੀਆਂ : ਇਸ ਦੇ ਉਚਾਰਨ ਸਮੇਂ ਉਚਾਰਨ ਰਾਹ ਵਿਚ ਕੋਈ ਰੋਕ ਨਹੀਂ ਲਾਈ ਜਾਂਦੀ। ਇਹ ਆਮ ਤੌਰ ਤੇ ਨਾਦੀ ਹੁੰਦੀਆਂ ਹਨ। ਇਸ ਅੰਤਰ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ :

1.ਉਚਾਰਨ ਰਾਹ ਵਿਚ ਕੋਈ ਵੀ ਰੋਕ ਨਹੀਂ ਲਾਈ ਜਾਂਦੀ।ਉਚਾਰਨ ਰਾਹ ਵਿਚ ਪੂਰਨ ਜਾਂ ਰੋਕ ਲਾਈ ਜਾਂਦੀ ਹੈ।

2.ਗੂੰਜਵੇਂ ਹੁੰਦੇ ਹਨ,ਘੱਟ ਗੂੰਜਵੇਂ ਹੁੰਦੇ ਹਨ।

3.ਉਚਾਰ ਖੰਡੀ ਹੁੰਦੇ ਹਨ, ਆਮ ਤੌਰ ਤੇ ਉਚਾਰ ਖੰਡੀ ਹੁੰਦੇ ਹਨ।

ਵਿਅੰਜਨ ਧੁਨੀਆਂ ਦਾ ਵਰਗੀਕਰਨ:ਵਿਅੰਜਨ ਧੁਨੀਆਂ ਦਾ ਵਰਗੀਕਰਨ ਉਚਾਰਨ ਸਥਾਨ ਅਤੇ ਉਚਾਰਨ ਬਿੰਦੂ ਨੂੰ ਮੁੱਖ ਰੱਖ ਕੇ ਕੀਤਾ ਜਾ ਸਕਦਾ ਹੈ।

ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ :

ਡੱਕਵੇਂ ਵਿਅੰਜਨ,ਅਲਪਪ੍ਰਾਣ,ਨਾਦ-ਰਹਿਤ,ਹੋਠੀ,ਦੰਤੀ,ਉਲਟ-ਜੀਭੀ,ਤਾਲਵੀ,ਕੋਮਲ ਤਾਲਵੀ

ਸਵਰਾਂ ਦਾ ਵਰਗੀਕਰਨ :- ਸਵਰਾਂ ਦੀ ਬਣਤਰ ਨੂੰ ਸਮਝਣ ਲਈ ਅਤੇ ਸਵਰਾਂ ਦੇ ਵਰਗੀਕਰਨ ਲਈ ਹੇਠ ਲਿਖੇ ਨੁਕਤਿਆਂ ਤੇ ਵਿਚਾਰ ਕੀਤੀ ਜਾਂਦੀ ਹੈ।

ਜੀਭ ਦੀ ਉਚਾਈ-ਉਚਾਰਨ ਸਮੇਂ ਜੀਭ ਦੀ ਉਚਾਈ ਸਥਿਤੀ ਅਨੁਸਾਰ ਬਦਲਦੀ ਹੈ।

ਬੁੱਲ੍ਹਾਂ ਦੀ ਸਥਿਤੀ- ਉਚਾਰਨ ਸਮੇਂ ਬੁੱਲ੍ਹ ਗੋਲ ਹੋ ਜਾਂਦੇ ਹਨ ਜਾਂ ਫਲੈਟ ਰਿਹੰਦੇ ਹਨ।

### 1.1.9 ਅਖੰਡੀ ਧੁਨੀਆਂ ਸੁਰ, ਬਲ, ਨਾਸਿਕਤਾ ਅਤੇ ਵਾਕ ਸੁਰ

ਕਿਸੇ ਇਕ ਭਾਸ਼ਾ ਦੇ ਧੁਨੀਆ ਦੇ ਵਰਤਾਰੇ ਨੂੰ ਧੁਨੀ-ਵਿਉਂਤ ਕਿਹਾ ਜਾਂਦਾ ਹੈ। ਭਾਸ਼ਾ ਵਿਗਿਆਨੀ ਧੁਨੀਆਂ ਨੂੰ ਵਰਤੋਂ ਦੇ ਪੱਖ ਤੋਂ ਦੋ ਵਰਗਾਂ ਵਿਚ ਰੱਖਦੇ ਹਨ : ਖੰਡੀ ਧੁਨੀਆਂ ਅਤੇ ਅਖੰਡੀ ਧੁਨੀਆਂ। ਕਿਸੇ ਵੱਡੀ ਬਣਤਰ ਵਿਚ ਜਿਨ੍ਹਾਂ ਧੁਨੀਆਂ ਨੂੰ ਸੁਤੰਤਰ ਤੌਰ 'ਤੇ ਵਰਤਿਆ ਜਾਂਦਾ ਹੈ, ਉਨ੍ਹਾਂ ਧੁਨੀਆਂ ਨੂੰ ਖੰਡੀ ਧੁਨੀਆਂ ਕਿਹਾ ਜਾਂਦਾ ਹੈ ਜਦੋਂ ਕਿ ਦੂਜੇ ਪਾਸੇ ਕਿਸੇ ਵੱਡੀ ਬਣਤਰ ਵਿਚ ਜਿਨ੍ਹਾਂ ਧੁਨੀਆਂ ਨੂੰ ਸੁਤੰਤਰ ਤੌਰ 'ਤੇ ਨਹੀਂ ਵਰਤਿਆ ਜਾ ਸਕਦਾ ਉਨ੍ਹਾਂ ਧੁਨੀਆਂ ਨੂੰ ਅਖੰਡੀ ਧੁਨੀਆਂ ਦੇ ਘੇਰੇ ਵਿਚ ਰੱਖਿਆ ਜਾਂਦਾ ਹੈ। ਧੁਨੀ ਵਿਗਿਆਨੀ ਇਸ ਪੱਖ ਤੋਂ ਦੋ ਪਰਕਾਰ ਦੀ ਧੁਨੀ-ਵਿਉਂਤ ਦੀ ਰਚਦਾ ਕਰਦੇ ਹਨ, ਜਿਵੇਂ : (1) ਖੰਡੀ ਧੁਨੀ-ਵਿਉਂਤ ਅਤੇ (2 ) ਅਖੰਡੀ ਧੁਨੀ-ਵਿਉਂਤ ਸਵਰ, ਵਿਅੰਜਨ ਅਤੇ ਅਰਧ ਸਵਰ

ਵਿਅੰਜਨਾਂ ਨੂੰ ਖੰਡੀ ਧੁਨੀ-ਵਿਉਂਤ ਦੇ ਘੇਰੇ ਵਿਚ ਰੱਖਿਆ ਜਾਂਦਾ ਹੈ ਜਦੋਂ ਕਿ ਸੁਰ, ਲਹਿਰ, ਨਾਸਿਕਤਾ, ਪਿਚ ਅਤੇ ਦਬਾ ਆਦਿ ਨੂੰ ਅਖੰਡੀ ਧੁਨੀ-ਵਿਉਂਤ ਦੇ ਘੇਰੇ ਵਿਚ ਲਿਆ ਜਾਂਦਾ ਹੈ। ਇਹ ਸਾਰੀਆਂ ਧੁਨੀਆਂ ਸੁਤੰਤਰ ਤੌਰ 'ਤੇ ਨਹੀਂ ਵਰਤੀਆਂ ਜਾ ਸਕਦੀਆਂ ਸਗੋਂ ਇਨ੍ਹਾਂ ਦੀ ਵਰਤੋਂ ਕਿਸੇ ਸੁਤੰਤਰ ਧੁਨੀ ਦੇ ਨਾਲ ਕੀਤੀ ਜਾਂਦੀ ਹੈ, ਜਿਵੇਂ : ਸੁਰ ਕਿਸੇ ਸਬਦ, ਉਚਾਰ ਖੰਡ ਦਾ ਹਿੱਸਾ ਹੋ ਸਕਦੀ ਹੈ, ਇਸ ਦਾ ਇਕੱਲਿਆ ਕੋਈ ਅਰਥ ਨਹੀਂ ਹੁੰਦਾ। ਪੰਜਾਬੀ ਦੀ ਧੁਨੀ-ਵਿਉਂਤ ਵਿਚ ਤਿੰਨ ਸੁਰ ਹਨ : ਲਹਿੰਦੀ, ਚੜ੍ਹਦੀ ਅਤੇ ਵਿਚਕਾਰਲੀ ।ਸੁਰ ਦਾ ਸਬੰਧ ਨਾਦ-ਯੰਤਰ ਦੀਆਂ ਸੁਰ-ਤੰਦਾਂ ਨਾਲ ਹੈ। ਸੁਰ-ਤੰਦਾਂ ਦੀ ਕੰਬਾਹਟ ਹਮੇਸ਼ਾਂ ਇਕ ਤਰ੍ਹਾਂ ਦੀ ਨਹੀਂ ਹੁੰਦੀ। ਜਦੋਂ ਸੁਰ-ਤੰਦਾਂ ਦਾ ਕਾਂਬਾ ਭਾਸ਼ਾ ਦੇ ਪੱਖ ਤੋਂ ਸਾਰਥਕ ਹੁੰਦਾ ਹੈ ਤਾਂ ਉਸ ਨੂੰ ਸੁਰ ਕਿਹਾ ਜਾਂਦਾ ਹੈ ਪਰ ਜਦੋਂ ਇਹ ਸ਼ਬਦ ਤੋਂ ਵੱਡੀ ਇਕਾਈ ਨੂੰ ਪਰਭਾਵਤ ਕਰਦੀ ਹੈ ਅਤੇ ਸਾਰਥਕ ਹੁੰਦੀ ਹੈ ਉਦੋਂ ਇਸ ਨੂੰ ਵਾਕ-ਸੁਰ ਜਾਂ ਸੁਰ-ਲਹਿਰ ਕਿਹਾ ਜਾਂਦਾ ਹੈ। ਮੂੰਹ ਪੋਲ ਅਤੇ ਨੱਕ ਪੋਲ ਦੇ ਆਧਾਰ 'ਤੇ ਧੁਨੀਆਂ ਨੂੰ ਮੌਖਿਕ ਅਤੇ ਨਾਸਕੀ ਵਿਚ ਵੰਡਿਆ ਜਾਂਦਾ ਹੈ। ਨਾਸਕੀ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ 'ਚੋਂ ਬਾਹਰ ਆ ਰਹੀ ਹਵਾ ਨੱਕ ਵਿਚੋਂ ਬਾਹਰ ਨਿਕਲਦੀ ਹੈ। ਨੱਕ ਵਿਚੋਂ ਬਾਹਰ ਨਿਕਲਣ ਨਾਲ ਕੁੱਝ ਖੰਡੀ ਨਾਸਕੀ ਧੁਨੀਆਂ ਉਚਾਰੀਆਂ ਜਾਂਦੀਆਂ ਹਨ, ਜਿਵੇਂ : 'ਮ,ਨ,ਞ, ਙ' ਪਰ ਇਸ ਤੋਂ ਇਲਾਵਾ ਪੰਜਾਬੀ ਦੀਆ ਸਾਰੀਆਂ ਸਵਰ ਧੁਨੀਆਂ ਵੀ ਨਾਸਕੀ ਹੋ ਸਕਦੀਆਂ ਹਨ। ਇਸ ਤਰ੍ਹਾਂ ਨਾਸਿਕਤਾ ਦਾ ਲੱਛਣ ਸੁਤੰਤਰ ਵੀ ਹੁੰਦਾ ਹੈ ਪਰ ਜਦੋਂ ਸਵਰਾਂ ਦੇ ਨਾਲ ਵਿਚਰੇ ਤਾਂ ਬੰਧਕ ਵੀ ਹੁੰਦਾ ਹੈ। ਪੰਜਾਬੀ ਵਿਚ ਨਾਸਿਕਤਾ ਦੋ ਪਰਕਾਰ ਦੀ ਹੁੰਦੀ ਹੈ . ਸਾਰਥਕ ਅਤੇ ਨਿਰਾਰਥਕ। ਸਾਰਥਕ ਨਾਸਿਕਤਾ ਵੇਲੇ ਨਾਸਿਕਤਾ ਦੀ ਵਰਤੋਂ ਹੁੰਦੀ ਹੈ ਅਤੇ ਉਹ ਅਰਥ ਨੂੰ ਪਰਭਾਵਤ ਕਰਦੀ ਹੈ ਪਰ ਨਿਰਾਰਥਕ ਨਾਸਿਕਤਾ ਵੇਲੇ ਨਾਸਿਕਤਾ ਦੀ ਵਰਤੋਂ ਤਾਂ ਹੁੰਦੀ ਹੈ ਅਤੇ ਉਹ ਅਰਥ ਨੂੰ ਪਰਭਾਵਤ ਨਹੀਂ ਕਰਦੀ ਜਿਵੇਂ : ਸਾਗ-ਸਾਂਗ, ਵਾਗ-ਵਾਂਗ (ਸਾਰਥਕ) ਪੂਛ-ਪੂੰਛ, ਤਾਸ਼-ਤਾਸ (ਨਿਰਾਰਥਕ), ਇਸ ਤਰ੍ਹਾਂ ਪਿਚ ਦਾ ਸਬੰਧ ਸੁਰ-ਤੰਦਾਂ ਨਾਲ ਹੈ ਅਤੇ ਦਬਾ ਦਾ ਸਬੰਧ ਟੌਟੜਿਆਂ ਦੀ ਵਾਯੂ-ਧਾਰਾ ਨਾਲ ਹੈ। ਇਹ ਦੋਵੇਂ ਦੂਜੀਆਂ ਧੁਨੀਆ ਨੂੰ ਪਰਭਾਵਤ ਕਰਨ ਕਰਕੇ ਅਖੰਡੀ ਧੁਨੀਆਂ ਹਨ।

**ਸੁਰ**: ਸੁਰ ਇਕ ਅਜਿਹੀ ਧੁਨੀ ਵਿਗਿਆਨਕ ਪ੍ਰਕ੍ਰਿਆ ਹੈ, ਜਿਸ ਸਦਕਾ ਨਾਦ-ਯੰਤਰ ਇਕ ਪ੍ਰਕਾਰ ਨਾਲ ਉਪਰ-ਥੱਲੇ ਜਾਂ ਥੱਲੇ-ਉੱਪਰ ਹੁੰਦਾ ਹੈ। ਇਹ ਪ੍ਰਕਿਰਿਆ ਧੁਨੀਆਂ ਵਿਚ ਅੰਤਰ ਲਿਆਉਣ ਲਈ ਵਰਤੀ ਜਾਂਦੀ ਹੈ। ਕੋਈ ਭਾਸ਼ਾ ਸੁਰ ਭਾਸ਼ਾ ਉਦੋਂ ਅਖਵਾਉਂਦੀ ਹੈ, ਜਦੋਂ ਪਿੱਚ ਬਦਲਣ ਨਾਲ ਉਸ ਦੇ ਸ਼ਬਦਾਂ ਦੇ ਅਰਥ ਬਦਲਦੇ ਹੋਣ।

**ਬਲ**: ਜਦੋਂ ਸ਼ਬਦ ਦਾ ਕੋਈ ਇਕ ਹਿੱਸਾ ਦੂਜੇ ਨਾਲੋਂ ਵਧੇਰੇ ਗ਼ੋਰ ਪਾ ਕੇ ਬੋਲਿਆ ਜਾਂਦਾ ਹੈ ਤਾਂ ਉਸ ਨੂੰ ਬਲ ਅਖਿਆ ਜਾਂਦਾ ਹੈ । ਬਲ ਅਸਲ ਵਿਚ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਲਿਆਉਂਦਾ ਹੈ।ਪੰਜਾਬੀ ਵਿਚ ਬਲ ਦੀ ਖਾਸ ਮਹੱਤਤਾ ਹੈ। ਸਾਰੀਆਂ ਭਾਸ਼ਾਵਾਂ ਵਿਚ ਬਲ ਦੀ ਬਰਾਬਰ ਮਹੱਤਤਾ ਨਹੀਂ ਹੁੰਦੀ।

**ਨਾਸਿਕਤਾ**:ਇਹ ਭਾਸ਼ਾਵਾਂ ਵਿੱਚ ਇੱਕ ਅਰਥ-ਪੂਰਨ ਅਖੰਡੀ ਇਕਾਈ ਹੈ। ਨਾਸਿਕਤਾ ਦੇ ਆਗਮਨ ਨਾਲ ਸ਼ਬਦਾਂ ਵਿੱਚ ਅਰਥਾਂ ਦੀ ਸਿਰਜਣਾ ਹੁੰਦੀ ਹੈ। ਵਿਰੋਧੀ ਜੁੱਟਾਂ ਦੀ ਵਿਧੀ ਨਾਲ ਨਾਸਿਕਤਾ ਦੀ ਸਾਰਥਕਤਾ ਸਪਸ਼ਟ ਹੋ ਜਾਂਦੀ ਹੈ।

ਉਦਾਹਰਨ ਲਈ ਵੇਖੋ:

ਜ/ਜੰ –ਜਗ:ਜੰਗ

ਹ/ਹੰ –ਹਸ:ਹੰਸ

'ਜਗ:ਜੰਗ'ਦੋਵਾਂ ਸ਼ਬਦ ਜੁੱਟਾਂ ਵਿੱਚ ਅਰਥ ਦਾ ਜੋ ਫਰਕ ਹੈ ਓਸ ਲਈ ਨਾਸਿਕੀ ਟਿੱਪੀ ਹੀ ਜੁਮੇਵਾਰ ਹੈ।'ਹਸ:ਹੰਸ' ਵਿੱਚ ਵੀ ਟਿੱਪੀ ਅਰਥ-ਭੇਦਕ ਦੇ ਤੌਰ 'ਤੇ ਕਰਮਸ਼ੀਲ ਹੈ।

ਨਾਸਿਕਤਾ ਦਾ ਸਰੂਪ: ਪੰਜਾਬੀ ਦੇ ਪ੍ਰਸੰਗ ਵਿੱਚ ਗੁਰਮੁਖੀ ਲਿਪੀ ਵਿੱਚ ਟਿੱਪੀ ਅਤੇ ਬਿੰਦੀ ਦੋ ਚਿੰਨ੍ਹ ਪ੍ਰਚਲਿਤ ਹਨ। ਇਹ ਚਿੰਨ੍ਹ ਆਪਣੇ ਆਪ ਵਿੱਚ ਵਰਤੋਂ ਵਿੱਚ ਨਹੀਂ ਆ ਸਕਦੇ। ਇਹ ਵਰਣਨ-ਯੋਗ ਹੈ ਕਿ ਸਵਰ ਹੀ ਨਾਸਿਕਤਾ ਧਾਰਨ ਕਰ ਸਕਦੇ ਹਨ ਵਿਅੰਜਨ ਨਹੀਂ।

**ਵਾਕ-ਸੁਰ:** ਵਾਕ-ਸੁਰ ਸੰਕਲਪ ਦਾ ਅਧਿਅਨ ਅਤੇ ਵਿਸ਼ਲੇਸ਼ਣ ਅਖੰਡੀ ਧੁਨੀ-ਵਿਉਂਤ ਵਿਚ ਕੀਤਾ ਜਾਂਦਾ ਹੈ। ਸੁਰ ਅਤੇ ਵਾਕ-ਸੁਰ ਦੋਹਾਂ ਦਾ ਸਬੰਧ ਸੁਰ-ਤੰਦਾਂ ਨਾਲ ਹੈ। ਸੁਰ-ਤੰਦਾਂ ਦੀ ਕੰਬਣੀ ਦੀ ਗਤੀ ਨੂੰ ਪਿੱਚ ਕਿਹਾ ਜਾਂਦਾ ਹੈ। ਪਿੱਚ ਵਿਚ ਆਉਂਦੇ ਉਤਰਾ-ਚੜ੍ਹਾ ਜਦੋਂ ਭਾਸ਼ਾ ਦੇ ਪੱਧਰ 'ਤੇ ਸਾਰਥਕ ਹੁੰਦੇ ਹਨ ਤਾਂ ਉਸ ਨੂੰ ਸੁਰ ਜਾਂ ਵਾਕ-ਸੁਰ ਕਿਹਾ ਜਾਂਦਾ ਹੈ। ਭਾਸ਼ਾ ਦੇ ਪੱਧਰ ਦੀ ਇਹ ਸਾਰਥਕਤਾ ਜਦੋਂ ਸ਼ਬਦ ਤੋਂ ਉਜਾਗਰ ਹੁੰਦੀ ਹੋਵੇ ਤਾਂ ਇਸ ਨੂੰ ਸੁਰ ਕਿਹਾ ਜਾਂਦਾ ਹੈ ਪਰ ਜਦੋਂ ਇਹ ਵਾਕ ਤੋਂ ਉਜਾਗਰ ਹੁੰਦੀ ਹੋਵੇ ਤਾਂ ਇਸ ਨੂੰ ਵਾਕ-ਸੁਰ ਕਿਹਾ ਜਾਂਦਾ ਹੈ। ਸੁਰ ਇਕ ਅਜਿਹਾ ਲੱਛਣ ਹੈ ਜੋ ਹਰ ਭਾਸ਼ਾ ਵਿਚ ਨਹੀਂ ਮਿਲਦਾ ਸਗੋਂ ਹਰ ਭਾਸ਼ਾ ਪਰਿਵਾਰ ਦੀਆਂ ਕੁਝ ਭਾਸ਼ਾਵਾਂ ਵਿਚ ਹੀ ਮਿਲਦਾ ਹੈ। ਇਸ ਦੇ ਉਲਟ ਵਾਕ-ਸੁਰ ਦੀ ਵਰਤੋਂ ਹਰ ਭਾਸ਼ਾ ਵਿਚ ਹੁੰਦੀ ਹੈ। ਆਮ ਤੌਰ 'ਤੇ ਵਾਕ-ਸੁਰ ਦਾ ਘੇਰਾ ਵਾਕ ਵਿਚ ਨਿਸ਼ਚਤ ਕੀਤਾ ਜਾਂਦਾ ਹੈ ਜਦੋਂ ਕਿ ਇਸ ਦਾ ਘੇਰਾ ਉਪਵਾਕ ਹੈ। ਹਰ ਇਕ ਉਪਵਾਕ 'ਤੇ ਕੋਈ ਨਾ ਕੋਈ ਵਾਕ-ਸੁਰ ਲਾਜ਼ਮੀ ਹੁੰਦੀ ਹੈ। ਵਾਕ-ਸੁਰ ਦੇ ਬਦਲ ਜਾਣ ਨਾਲ ਵਾਕ ਵਿਚਲੇ ਸ਼ਬਦਾਂ ਦੇ ਅਰਥਾਂ ਵਿਚ ਕੋਈ ਅੰਤਰ ਨਹੀਂ ਆਉਂਦਾ ਪਰ ਵਾਕ ਦਾ ਕਾਰਜ ਬਦਲ ਜਾਂਦਾ ਹੈ ਜਿਵੇਂ : (ੳ) ਉਹ ਚਲਾ ਗਿਆ। (ਅ) ਉਹ ਚਲਾ ਗਿਆ? (ੲ) ਉਹ ਚਲਾ ਗਿਆ! ਇਨ੍ਹਾਂ ਵਾਕਾਂ ਵਿਚ ਸ਼ਬਦਾਂ ਦੀ ਬਣਤਰ ਅਤੇ ਤਰਤੀਬ ਇਕੋ ਜਿਹੀ ਹੈ ਪਰ ਵਾਕ-ਸੁਰ ਦੇ ਬਦਲ ਜਾਣ ਨਾਲ ਇਨ੍ਹਾਂ ਦੇ ਅਰਥਾਂ (ਕਾਰਜ) ਵਿਚ ਪਰਿਵਰਤਨ ਆਇਆ ਹੈ। ਵਾਕ-ਸੁਰ ਰਾਹੀਂ ਵਕਤਾ ਦੀ ਮਾਨਸਿਕ ਅਵਸਥਾ ਦਾ ਪਤਾ ਚਲਦਾ ਹੈ। ਵਕਤਾ ਗੁੱਸੇ, ਹੈਰਾਨੀ, ਖੁਸ਼ੀ ਆਦਿ ਹਾਲਤਾਂ ਨੂੰ ਵਾਕ-ਸੁਰ ਰਾਹੀਂ ਪਰਗਟਾ ਸਕਦਾ ਹੈ। ਇਸ ਤੋਂ ਇਲਾਵਾ ਪ੍ਰਸ਼ਨ ਦੀ ਸਥਿਤੀ ਵੀ ਵਾਕ-ਸੁਰ ਨੂੰ ਪਰਭਾਵਤ ਕਰਦੀ ਹੈ। ਪੰਜਾਬੀ ਵਿਚ ਪ੍ਰਸ਼ਨ-ਸੂਚਕ ਵਾਕ ਦੋ ਪਰਕਾਰ ਦੇ ਹਨ (1) ਪ੍ਰਸ਼ਨ-ਸੂਚਕ ਸ਼ਬਦਾਂ ਵਾਲੇ ਅਤੇ (2) ਵਾਕ-ਸੁਰ ਵਾਲੇ। ਪਹਿਲੀ ਪਰਕਾਰ ਦੇ ਪ੍ਰਸ਼ਨਾਂ ਦਾ ਪਤਾ ਪ੍ਰਸ਼ਨ-ਸੂਚਕ ਤੋਂ ਚਲ ਜਾਂਦਾ ਹੈ ਜਦੋਂ ਕਿ ਦੂਜੀ ਭਾਂਤ ਦੇ ਪ੍ਰਸ਼ਨਾਂ ਦਾ ਪਤਾ ਕੇਵਲ ਵਾਕ-ਸੁਰ ਤੋਂ ਹੀ ਲਗਦਾ ਹੈ। ਕਾਰਜ ਦੇ ਅਧਾਰ ਤੇ ਵਾਕ-ਸੁਰ ਨੂੰ ਪੂਰਨ ਅਤੇ ਅਪੂਰਨ ਵਿਚ ਵੰਡਿਆ ਜਾਂਦਾ ਹੈ।

-ਡਾ.ਬਲਦੇਵ ਸਿੰਘ ਚੀਮਾ

### 1.1.18 **ਅਭਿਆਸ ਲਈ ਪ੍ਰਸ਼ਨ**

1. ਅਖੰਡੀ ਧੁਨੀਆਂ ਸੁਰ, ਬਲ, ਨਾਸਿਕਤਾ ਅਤੇ ਵਾਕ ਸੁਰ ਉੱਪਰ ਚਾਨਣਾ ਪਾਉ?
2. ਧੁਨੀ ਵਿਗਿਆਨ ਦੀ ਪਰਿਭਾਸ਼ਾ ਅਤੇ ਪ੍ਰਕਾਰ ਉੱਪਰ ਚਾਨਣਾ ਪਾਉ?
3. ਧੁਨੀ ਵਿਗਿਆਨ ਦੀ ਉਚਾਰਨ ਅੰਗ ਬਾਰੇ ਚਰਚਾ ਕਰੋ?
4. ਉਚਾਰਨ ਪ੍ਰਕਿਰਿਆ ਦੇ ਸਰੂਪ ਨੂੰ ਦਰਸਾਉ?

### 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**


| | | | |
|---|---|---|---|
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |
| ਅਰਸ਼ੀ, ਗੁਰਚਰਨ ਸਿੰਘ | 2000 | *ਪੱਛਮੀ ਕਾਵਿਸ਼ਾਸਤਰ-* | ਆਰਸੀ ਪਬਲਿਸ਼ਰਜ਼, ਦਿੱਲੀ |
| ਬੂਟਾ ਸਿੰਘ ਬਰਾੜ | 2018 | ਭਾਸ਼ਾ ਵਿਗਿਆਨ:ਸਿਧਾਂਤ ਤੇ ਵਿਹਾਰ | ਲਾਹੌਰ ਬੁਕਸ,ਲੁਧਿਆਣਾ |

**M.A (PUNJABI) SEMESTER-II**
**ਤੇਹਰਵਾਂ ਪਰਚਾ**
**ਯੂਨਿਟ-ਸੱਤਵਾਂ ਅਤੇ ਅੱਠਵਾਂ**
**ਪੰਜਾਬੀ ਧੁਨੀ ਵਿਉਂਤ**


1.1 ਭੂਮਿਕਾ
1.1.1 ਪਾਠ ਦਾ ਮੰਤਵ
1.1.2 ਪੰਜਾਬੀ ਧੁਨੀ ਵਿਉਂਤ
1.1.3 ਧੁਨੀ ਕੀ ਹੈ?
1.1.4 ਸਹਿਧੁਨੀ ਅਤੇ ਸਾਰਥਕ ਧੁਨੀ ਦਾ ਨਿਖੇੜਾ
1.1.5 ਪੰਜਾਬੀ ਵਿਚ ਸਵਰ ਅਤੇ ਵਿਅੰਜਨ
1.1.6 ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ
1.1.7 ਪੰਜਾਬੀ ਵਿਚ ਦੁੱਤ ਵਿਅੰਜਨ
1.1.8 ਸੰਯੁਕਤ ਵਿਅੰਜਨ
1.1.9 ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋ ਦੇ ਨੇਮ
1.1.10 ਅਭਿਆਸ ਲਈ ਪ੍ਰਸ਼ਨ
1.1.11 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


## 1.1 ਭੂਮਿਕਾ

ਸਭ ਤੋਂ ਪਹਿਲਾਂ ਪੰਜਾਬੀ ਧੁਨੀ ਵਿਉਤ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਸ ਤੋਂ ਬਾਅਦ ਧੁਨੀ ਦੀ ਪਰਿਭਾਸ਼ਾ ਅਤੇ ਪ੍ਰਕਾਰ ਬਾਰੇ ਉਲੇਖ ਕੀਤਾ ਜਾਵੇਗਾ ।ਸਹਿਧੁਨੀ ਅਤੇ ਸਾਰਥਕ ਧੁਨੀ ਦਾ ਨਿਖੇੜਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।ਪੰਜਾਬੀ ਵਿਚ ਸਵਰ ਅਤੇ ਵਿਅੰਜਨ ਦੇ ਵਿਵਹਾਰ ਨੂੰ ਸਮਝਾਉਣ ਦਾ ਯਤਨ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

### 1.1.1 ਪਾਠ ਦਾ ਮੰਤਵ

ਇਸ ਪਾਠ ਅਤੇ ਇਸ ਤੋਂ ਅਗਲੇ ਪਾਠ ਦਾ ਮੰਤਵ ਪੰਜਾਬੀ ਧੁਨੀ ਵਿਉਂਤ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।ਇਸ ਪਾਠ ਵਿਚ ਧੁਨੀਆਂ ਦਾ ਵਰਗੀਕਰਨ, ਉਚਾਰਖੰਡਾਂ ਬਾਰੇ ਜਾਣਕਾਰੀ ਪੰਜਾਬੀ ਸੁਰਾਂ ਅਤੇ ਸਵਰਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।ਇਸ ਤੋਂ ਇਲਾਵਾ ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋ ਦੇ ਨੇਮ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

## 1.1.3 ਧੁਨੀ ਕੀ ਹੈ?

ਧੁਨੀ: ਧੁਨੀ ਨੂੰ ਅੰਗਰੇਜ਼ੀ ਵਿੱਚ Phone ਜਾਂ sound ਦਾ ਨਾਂ ਦਿੱਤਾ ਜਾਂਦਾ ਹੈ। ਜਦੋਂ ਦੋ ਵਸਤਾਂ ਇੱਕ-ਦੂਜੇ ਨਾਲ ਟਕਰਾਉਂਦੀਆਂ ਹਨ ਜਾਂ ਸਪਰਸ਼ ਕਰਦੀਆਂ ਹਨ ਤਾਂ ਉਹਨਾਂ ਵਿੱਚੋਂ ਅਵਾਜ਼ ਪੈਦਾ ਹੁੰਦੀ ਹੈ। ਇਹ ਅਵਾਜ਼ ਧੁਨੀ ਹੈ। ਸੋ ਧੁਨੀ ਦਾ ਪਹਿਲਾ ਮਹੱਤਵਪੂਰਨ ਪੱਖ ਅਵਾਜ਼, ਬੋਲਣ-ਸੁਣਨ ਉਚਾਰਨ ਨਾਲ ਸੰਬੰਧ ਰੱਖਦਾ ਹੈ। ਇਸ ਲਈ ਧੁਨੀ ਨੂੰ ਲਿਖਤੀ ਰੂਪ ਨਾਲੋਂ ਅਲੱਗ ਕਰ ਕੇ ਦੇਖਣਾ ਬਣਦਾ ਹੈ। ਭਾਵੇਂ ਪੰਜਾਬੀ ਭਾਸ਼ਾ ਵਿੱਚ phone ਅਤੇ sound ਲਈ ਧੁਨੀ ਸ਼ਬਦ ਵਰਤ ਲਿਆ ਜਾਂਦਾ ਹੈ। ਪਰ ਇਹਨਾਂ ਦੋਨਾਂ ਵਿੱਚ ਅੰਤਰ ਹੈ। Sound ਨਾਲੋਂ phone ਦੇ ਅਰਥ ਇਸ ਕਰ ਕੇ ਵੱਖਰੇ ਹਨ ਕਿ phone ਮਨੁੱਖੀ ਉਚਾਰਨ ਅੰਗਾਂ ਦੁਆਰਾ ਪੈਦਾ ਕੀਤੀ ਗਈ ਧੁਨੀ ਹੈ। ਇਸ ਦੇ ਉਲਟ sound ਕਿਸੇ ਦੋ ਵਸਤਾਂ ਦੇ ਆਪਸੀ ਟਕਰਾਅ ਰਾਹੀਂ ਉਤਪੰਨ ਹੁੰਦਾ ਹੈ।

ਧੁਨੀ-ਭਾਸ਼ਾ ਦੀ ਲਘੁਤਮ ਇਕਾਈ ਹੈ, ਜਿਹੜੀ ਮਨੁੱਖੀ ਉਚਾਰਨ ਅੰਗਾਂ ਰਾਹੀਂ ਪੈਦਾ ਕੀਤੀ ਜਾਂਦੀ ਹੈ। ਧੁਨੀ ਆਪਣੀ ਬਣਤਰ ਕਰ ਕੇ ਦੂਜਿਆਂ ਨਾਲੋਂ ਨਿਖੇੜੀ ਜਾ ਸਕਦੀ ਹੈ। ਧੁਨੀ ਇੱਕ ਮੌਖਿਕ ਇਕਾਈ ਹੈ ਅਤੇ ਹਰ ਧੁਨੀ ਦੀ ਆਪਣੀ ਇੱਕ ਵੱਖਰੀ ਬਣਤਰ ਜਾਂ ਪਛਾਣ ਹੁੰਦੀ ਹੈ ਜਿਸ ਕਰ ਕੇ ਉਹ ਦੂਜੀਆਂ ਧੁਨੀਆਂ ਨਾਲੋਂ ਵੱਖਰੀ ਹੁੰਦੀ ਹੈ। ਇਸ ਲਈ ਹਰ ਧੁਨੀ ਦਾ ਆਪਣਾ ਵੱਖਰਾ ਪਛਾਣ ਚਿੰਨ੍ਹ ਹੁੰਦਾ ਹੈ। ਜਿਵੇਂ /car/ ਅਤੇ /ceat/ ਵਿੱਚ /c/ ਦੇ ਦੋ ਮੌਖਿਕ ਰੂਪ ਹਨ ।s॥ ਅਤੇ ।k॥ ਇਹਨਾਂ ਮੌਖਿਕ/ਉਚਾਰੇ ਰੂਪਾਂ ਦਾ ਲਿਖਤੀ ਰੂਪ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ।

ਧੁਨੀ ਦੇ ਸੰਬੰਧ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਧੁਨੀ ਧੁਨੀ-ਵਿਗਿਆਨ ਦੀ ਇੱਕ ਇਕਾਈ ਹੈ, ਧੁਨੀ-ਵਿਉਂਤ ਦੀ ਨਹੀਂ। ਧੁਨੀ-ਵਿਗਿਆਨ ਦਾ ਸੰਬੰਧ ਧੁਨੀਆਂ ਦੇ ਮੌਖਿਕ ਵਰਤਾਰੇ ਨਾਲ ਹੁੰਦਾ ਹੈ। ਇਸ ਦੇ ਉਲਟ ਧੁਨੀ-ਵਿਉਂਤ ਦਾ ਸੰਬੰਧ ਧੁਨੀਆਂ ਦੀ ਵਰਤੋਂ ਨਾਲ ਭਾਵ ਕਿ ਉਚਾਰੀਆਂ ਗਈਆਂ ਧੁਨੀਆਂ ਕਿਸੇ ਭਾਸ਼ਾ ਵਿੱਚ ਕਿਵੇਂ ਵਰਤੀਆਂ ਜਾਂਦੀਆਂ ਹਨ। ਇਸ ਪ੍ਰਕਾਰ ਧੁਨੀ sound ਅਤੇ phoneme (ਧੁਨੀ-ਗ੍ਰਾਮ) ਨਾਲੋਂ ਵੱਖਰੀ ਇਕਾਈ ਹੈ।(-ਸੁਖਵਿੰਦਰ ਸਿੰਘ ਸੰਘਾ)

## 1.1.4 ਸਹਿਧੁਨੀ ਅਤੇ ਸਾਰਥਕ ਧੁਨੀ ਦਾ ਨਿਖੇੜਾ

ਧੁਨੀ ਵਿਗਿਆਨ ਵਿੱਚ ਜਦੋਂ ਇੱਕੋ ਧੁਨੀਮ ਦਾ ਹੋਰ ਅਲੱਗ ਅਲੱਗ ਤਰ੍ਹਾਂ ਉਚਾਰਣ ਕੀਤਾ ਜਾਂਦਾ ਹੈ ਤਾਂ ਉਸਨੂੰ ਸਹਿ ਧੁਨੀਆਂ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਅੰਗਰੇਜ਼ੀ ਦੇ ਵਾਕ ।ਪਿਨ॥ ਵਿੱਚ ।$p^h$॥ ਅਤੇ ।ਸਪਿਨ॥ ਵਿੱਚ ।ਪ॥। ਇਸ ਵਿੱਚ ਇਹ /ਪ/ ਧੁਨੀ ਦੀਆਂ ਦੋ ਸਹਿ ਧੁਨੀਆਂ ਹਨ। ਇਹ ਧੁਨੀਆਂ ਉਚਾਰ ਭੇਦਕ ਹੁੰਦੀਆਂ ਹਨ ਅਤੇ ਇਹੀ ਉਚਾਰ ਭੇਦਕ ਧੁਨੀਆਂ ਹੀ ਸਹਿ ਧੁਨੀਆਂ ਕਹਾਉਂਦੀਆਂ ਹਨ। ਪਰ ਇਹਨਾਂ ਸਹਿ ਧੁਨੀਆਂ ਦਾ ਧੁਨੀਮ (phoneme) ਇੱਕੋ ਹੀ ਹੁੰਦਾ ਹੈ। ਜਦ ਇਸ ਦੇ ਉਚਾਰ ਦਾ ਅੰਤਰ ਅਰਥ ਵਿੱਚ ਵੀ ਅੰਤਰ ਲਿਆਉਣ ਲੱਗੇ ਤਾਂ ਇੱਕ ਨਵਾਂ ਧੁਨੀਮ ਬਣ ਜਾਂਦਾ ਹੈ। ਉਚਾਰਣਿਕ ਸਾਂਝ ਵਾਲੇ ਧੁਨੀਮ ਜੋ ਇੱਕ ਦੂਜੇ ਨਾਲ ਸਥਾਨ ਬਦਲੀ ਕਰ ਸਕਦੇ ਹਨ ਉਹਨਾਂ ਨੂੰ ਸੁਤੰਤਰ ਬਦਲੀ (free vairaiton) ਵਾਲੇ ਧੁਨੀਮ ਕਿਹਾ ਜਾਂਦਾ ਹੈ। ਸਥਾਨ ਬਦਲੀ ਨਹੀਂ ਕਰ ਸਕਦੇ, ਉਹ ਪੂਰਕ ਵੰਡ (complementary idstirbuiton) ਵਿੱਚ ਕਹੇ ਜਾਂਦੇ ਹਨ। ਪਰ ਦੋਹਾਂ ਤਰ੍ਹਾਂ ਦੀਆਂ ਧੁਨੀਆਂ ਅਰਥ

ਵਿੱਚ ਫ਼ਰਕ ਨਹੀਂ ਲਿਆ ਸਕਦੀਆਂ। ਉਦਾਹਰਣ ਤੌਰ ਤੇ: ਅੰਗਰੇਜ਼ੀ ਸ਼ਬਦ ਦੇ ਸ਼ੁਰੂ ਵਿੱਚ ਆਉਣ ਵਾਲੇ /p/ ਧੁਨੀ ਦਾ ਉਚਾਰਣ /ph/ ਵਰਗਾ ਹੁੰਦਾ ਹੈ। ਬਾਕੀ ਸਥਿਤੀਆਂ ਮੱਧ ਅਤੇ ਅਖੀਰ ਵਿੱਚ ਇਹ /p/ ਜਿਹਾ ਹੀ ਹੁੰਦਾ ਹੈ ਭਾਵ ਸ਼ਬਦ ਦੀ ਸ਼ੁਰੂ ਦੀ ਸਥਿਤੀ ਵਿੱਚ ਇਹ ਮਹਾਂਪ੍ਰਣ (asiprated) ਹੁੰਦੇ ਹਨ ਅਤੇ ਬਾਕੀ ਸਾਰੀਆਂ ਸਥਿਤੀਆਂ ਵਿੱਚ ਅਲਪਪ੍ਰਾਣ (unasiprated) ਸਥਿਤੀ ਭੇਦ ਦੇ ਕਾਰਣ ਉਚਾਰਣ ਵਿੱਚ ਅਤੰਰ ਪੈਦਾ ਹੁੰਦਾ ਹੈ। ਉਹ ਅਰਥ ਭੇਦ ਨਹੀਂ ਲਿਆਉਂਦਾ। ਇਸ ਲਈ /ਪ/ ਧੁਨੀ ਦੇ ਸਾਰੇ ਉਚਾਰਨਿਕ ਰੂਪ ‘। ॥’ ਵਿੱਚ ਲਿਖਿਆ ਜਾਂਦਾ ਹੈ ਅਤੇ ਨਿਖੇੜੂ /ਪ/ ਧੁਨੀ ਵਿਓਂਤ ਦੇ ਪ੍ਰਸੰਗ ਵਿੱਚ ‘/ /’ ਲਾਇਨ੍ਹਾਂ ਵਿੱਚ ਲਿਖਿਆ ਜਾਂਦਾ ਹੈ।

ਵੱਖ – ਵੱਖ ਵਿਦਵਾਨਾਂ ਨੇ ਇਸ ਬਾਰੇ ਆਪਣੇ – ਆਪਣੇ ਵਿਚਾਰ ਪੇਸ਼ ਕੀਤੇ ਹਨ।

"Hockett" ਦੇ ਅਨੁਸਾਰ “ਇਕ ਧੁਨੀ ਦੀਆਂ ਜੋ ਵੱਖ – ਵੱਖ ਕਿਸਮਾਂ ਸੁਣੀਆਂ ਜਾਦੀਆਂ ਹਨ ਉਹ ਸਹਿ ਧੁਨੀਆਂ (allophone) ਹਨ। ਅਤੇ ਉਹ ਇਕੋ ਧੁਨੀਮ (phoneme) ਨੂੰ ਪੇਸ਼ ਕਰਦੀਆਂ ਹਨ।“

“Gleason” ਦੇ ਅਨੁਸਾਰ “ਉਹ ਧੁਨੀ ਜਾ ਧੁਨੀ ਸ਼੍ਰੇਣੀ ਜੋ ਪੂਰਕ ਵੰਡ ਹੁੰਦੀ ਹੈ ਅਤੇ ਇੱਕ phoneme ਨਾਲ ਸੰਬਧਿਤ ਹੁੰਦੀ ਹੈ। allophone ਅਖਵਾਉਦੀਂ ਹੈ। "J.D Collor" ਅਨੁਸਾਰ ‘“ਸਹਿ ਧੁਨੀਆਂ ਉਹ ਧੁਨੀਆਂ ਹਨ ਜੋ ਕਦੇ ਵੀ ਇੱਕ ਹੀ ਸਥਾਨ ਤੇ ਨਹੀਂ ਉਚਾਰੀਆਂ ਜਾਂਦੀਆਂ, ਹਮੇਸ਼ਾ ਪੂਰਕ ਵੰਡ (compilmentary idstirbuiton) ਵਿੱਚ ਹੁੰਦੀਆਂ ਹਨ। ਅੰਗਰੇਜੀ ਭਾਸ਼ਾਂ ਦੇ ਪ੍ਰਸੰਗ ਵਿੱਚ ਸਹਿ ਧੁਨੀਆਂ ਦੀ ਹੋਂਦ ਸਮਝਾਉਣ ਬਾਰੇ ਉਸਦਾ ਕਹਿਣਾ ਹੈ ਕਿ ਅੰਗਰੇਜੀ ਸ਼ਬਦ ‘clearl’ ਵਿੱਚ ਦੋ /ਲ਼/ ਧੁਨੀਆਂ ਉਚਾਰੀਆਂ ਜਾਂਦੀਆਂ ਹਨ। ਪਰ ਦੋਹਾਂ ਦੇ ਉਚਾਰ ਵਿੱਚ ਫਰਕ ਹੈ। ਪਹਿਲੀ /ਲ਼/ ਧੁਨੀ ਵਿੱਚ ਨਾਦ ਤੰਤੀਆਂ (vocal cords) ਦੀ ਕੰਬਣੀ ਨਹੀਂ ਹੈ ਸਿਰਫ ਰਗੜ ਹੈ। ਜਦੋਂ ਕਿ ਦੂਜੀ ਧੁਨੀ ਵਿੱਚ ਰਗੜ(firciton) ਨਹੀਂ ਹੈ ਸਿਰਫ ਨਾਦ (vioced) ਹੈ। ਸਥਾਨਕ ਬੁਲਾਰਾ (naitve speaker) ਇਸਨੂੰ ਬਿਨ੍ਹਾ ਸੋਚੇ ਸਮਝੇ ਉਚਾਰਦੇ ਹਨ। ਜਦੋਂ ਸਾਜਾਂ (instruments) ਦੁਆਰਾ ਉਹਨਾਂ ਨੂੰ /ਲ਼/ ਧੁਨੀ ਦੇ ਦੋ ਉਚਾਰਣਿਕ ਪੱਖਾਂ ਬਾਰੇ ਦੱਸਦੇ ਹਾਂ ਤਾਂ ਉਹ ਹੈਰਾਨ ਹੁੰਦੇ ਹਨ। ਅੰਗਰੇਜ਼ੀ ਸ਼ਬਦ heart, hat. Hunt, heat, ਵਿੱਚ /ਹ/ ਧੁਨੀ ਵੱਖੋਂ ਵੱਖਰੀ ਹੈ। ਇਸ ਵੱਖਰੇਵੇਂ ਕਾਰਨ /ਹ/ ਤੋਂ ਬਾਅਦ ਆਉਣ ਵਾਲੇ ਸ੍ਵਰ (vowels a, e, u, ea) ਹਨ, ਪਰ ਇਹ ਸਾਰੇ ਇੱਕੋ ਧੁਨੀਮ (phoneme) ਦੀ ਪ੍ਰਤੀਨਿਧਤਾ ਕਰਦੇ ਹਨ ਪਰ ਇੱਕੋ ਚਿੰਨ੍ਹ ਨਾਲ ਲਿਖੇ ਜਾਂਦੇ ਹਨ। ਇਸ ਲਈ ਇਹ /ਹ/ ਦੀਆਂ ਸਹਿ ਧੁਨੀਆਂ ਹਨ। ਧੁਨੀਮ ਉਸ ਦੀਆਂ ਸਹਿ ਧੁਨੀਆਂ ਕਦੀ ਵੀ ਇੱਕ ਦੂਜੇ ਦਾ ਵਿਰੋਧ ਨਹੀਂ ਕਰਦੇ ਭਾਵ ਅਰਥਾਂ ਵਿੱਚ ਅੰਤਰ ਨਹੀਂ ਲਿਆਉਂਦੇ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਹਿ ਧੁਨੀਆਂ ਪੂਰਕ ਵੰਡ ਵਿੱਚ ਸਥਿਤ ਰਹਿੰਦੇ ਹਨ ਭਾਵ ਇੱਕੋ ਵਾਤਾਵਰਣ ਵਿੱਚ ਵਰਤੇ ਨਹੀਂ ਜਾਂਦੇ। ਇਸ ਤੋਂ ਉਲਟ ਕਈ ਅਜਿਹੇ ਉਦਾਹਰਣ ਵੀ ਹਨ ਜਿੱਥੇ ਸਹਿ ਧੁਨੀਆਂ ਇੱਕ ਦੂਜੇ ਦੀ ਥਾਂ ਆ ਜਾਂਦੇ ਹਨ। ਪਰ ਉਹ ਨਿਖੇੜੂ ਨਹੀਂ ਹੁੰਦੇ। ਇਸ ਤਰ੍ਹਾਂ ਸਹਿ ਧੁਨੀਆਂ ਸੁੰਤਤਰ ਬਦਲੀ ਦੇ ਰੂਪ ਵਿੱਚ ਹੁੰਦੇ ਹਨ, ਜੇ ਪੰਜਾਬੀ ਵਿੱਚ ‘ਗਮ’ ਅਤੇ ‘ਗ਼ਮ’ ਵਿੱਚ /ਗ/ ਅਤੇ /ਗ਼/ ਦੋਵੇਂ ਸੁੰਤਤਰ ਬਦਲੀ ਵਿੱਚ ਹਨ ਕਿਉਂਕਿ /ਗ/ ਸਹਿ ਧੁਨੀ ਅਤੇ /ਗ਼/ ਸਹਿ ਧੁਨੀ ਵਿੱਚ ਅਰਥ ਭੇਦ ਨਹੀਂ ਮਿਲਦਾ।

"Daivd crystal" ਨੇ ਸਹਿ ਧੁਨੀਆਂ ਦੀ ਵਿਓਂਤਪਤੀ (deirvaiton) ਦਾ ਉਲੇਖ ਕੀਤਾ ਹੈ। ਉਸ ਅਨੁਸਾਰ ਸਹਿ ਧੁਨੀਆਂ ਇੱਕ ਅੰਸ਼ ਹੈ ਜੋ ਇੱਕ ਤਰ੍ਹਾਂ ਨਾਲ ਅਗੇਤਰ (preifx) ਹੈ ਇਹ ਭਾਸ਼ਿਕ ਇਕਾਈਆਂ ਦੇ ਸੰਕਲਪੀ (concept) ਸ਼ਬਦਾਂ ਦੇ ਸ਼ੁਰੂ ਵਿੱਚ ਜੋੜ ਦਿੱਤਾ ਜਾਂਦਾ ਹੈ। ਜਿਵੇਂ ਧੁਨੀ (phone) ਅਤੇ ਰੂਪੀਮ (morph) ਨਾਲ। ਇਸ ਜੋੜ ਤੋਂ ਸਹਿ ਧੁਨੀਆਂ ਤੇ ਸਹਿ ਰੂਪੀਮ (allomorph) ਬਣਦੇ ਹਨ। ਜੋ ਧੁਨੀਮ ਅਤੇ ਸਹਿ ਧੁਨੀ ਦੇ ਦਰਮਿਆਨ ਜੋ ਰਿਸ਼ਤਾ ਹੈ ਉਹ reailzaiton ਦਾ ਰਿਸ਼ਤਾ ਹੈ। ਕਿਉਂਕਿ ਧੁਨੀਮ ਇਸ ਦੀ ਸਹਿ ਧੁਨੀ ਦੁਆਰਾ ਹੀ ਸਪਸ਼ਟ (reailze) ਹੁੰਦਾ ਹੈ।

ਧੁਨੀ ਵਿਗਿਆਨ ਅਤੇ ਧੁਨੀ-ਵਿਉਂਤ ਦੋ ਸੰਕਲਪ ਹਨ ਜੋ ਧੁਨੀਆਂ ਦੇ ਉਚਾਰਨ, ਸੰਚਾਰਨ ਅਤੇ ਸ਼੍ਰਵਣ ਨਾਲ ਸਬੰਧਤ ਹਨ। ਧੁਨੀ ਵਿਗਿਆਨ ਰਾਹੀਂ ਧੁਨੀਆਂ ਦੇ ਇਸ ਤਿੰਨ ਪੱਧਰੇ ਵਰਤਾਰੇ ਦਾ ਅਧਿਅਨ ਕੀਤਾ ਜਾਂਦਾ ਹੈ ਜਦੋਂ ਕਿ ਧੁਨੀ-ਵਿਉਂਤ ਰਾਹੀਂ ਕਿਸੇ ਵਿਸ਼ੇਸ਼ ਭਾਸ਼ਾ ਦੀਆਂ ਧੁਨੀਆਂ ਦੀ ਵਰਗ-ਵੰਡ ਕੀਤੀ ਜਾਂਦੀ ਹੈ ਅਤੇ ਵਰਤੋਂ ਦਾ ਅਧਿਅਨ ਕੀਤਾ ਜਾਂਦਾ ਹੈ। ਧੁਨੀ ਵਿਗਿਆਨ ਵਿਚ ਸਾਹ ਪਰਨਾਲੀ, ਧੁਨੀ ਪਰਨਾਲੀ ਅਤੇ ਉਚਾਰਨ ਪਰਨਾਲੀ ਦਾ ਅਧਿਅਨ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਸੰਕਲਪਾਂ ਦੇ ਨਾਲ ਇਕ ਹੋਰ ਸੰਕਲਪ ਧੁਨੀਮਿਕਸ (Phoneimcs) ਹੈ। ਇਸ ਰਾਹੀਂ ਕਿਸੇ ਭਾਸ਼ਾ ਦੀਆਂ ਧੁਨੀਆਂ ਦੀ ਪਛਾਣ ਸਾਰਥਕ ਪੱਖ ਤੋਂ ਕੀਤੀ ਜਾਂਦੀ ਹੈ। ਇਸ ਪੱਖ ਤੋਂ ਹਰ ਇਕ ਭਾਸ਼ਾ ਦੀਆਂ ਧੁਨੀਆਂ ਦੀ ਸਥਿਤੀ ਉਸ ਦੇ ਆਪਣੇ ਧੁਨਾਤਮਕ ਵਖਰੇਵੇਂ ਕਰਕੇ ਦੂਜੀ ਭਾਸ਼ਾ ਨਾਲੋਂ ਵੱਖਰੀ ਹੁੰਦੀ ਹੈ। ਕਿਸੇ ਭਾਸ਼ਾ ਦੀਆਂ ਧੁਨੀਆਂ ਦੀ ਦੂਜੀ ਭਾਸ਼ਾ ਦੀਆਂ ਧੁਨੀਆਂ ਨਾਲ ਸਮਾਨਤਾ ਤਾਂ ਹੋ ਸਕਦੀ ਹੈ ਪਰ ਇਹ ਸਮਾਨਤਾ ਧੁਨਾਤਮਕ ਹੋ ਸਕਦੀ ਹੈ ਧੁਨੀਮਿਕ ਨਹੀਂ। ਧੁਨੀ-ਵਿਉਂਤ ਵਿਚ ਭਾਸ਼ਾ ਦੀਆਂ ਧੁਨੀਆਂ ਦੇ ਕਾਰਜਾਤਮਕ ਲੱਛਣਾਂ ਦਾ ਅਧਿਅਨ ਕੀਤਾ ਜਾਂਦਾ ਹੈ। ਇਸ ਰਾਹੀਂ ਭਾਸ਼ਾ ਦੀਆਂ ਧੁਨੀਆਂ ਵਿਚਲੇ ਸਬੰਧ, ਵਿਰੋਧ ਆਦਿ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਧੁਨੀਆਂ ਦੀ ਵੰਡ ਦੋ ਭਾਗਾਂ ਵਿਚ ਕੀਤੀ ਜਾਂਦੀ ਹੈ। ਇਸ ਵੰਡ ਨੂੰ ਖੰਡੀ ਧੁਨੀ ਵਿਗਿਆਨ ਅਤੇ ਅਖੰਡੀ ਧੁਨੀ ਵਿਗਿਆਨ ਦਾ ਨਾਂ ਦਿੱਤਾ ਜਾਂਦਾ ਹੈ। ਖੰਡੀ ਧੁਨੀ ਵਿਗਿਆਨ ਦੇ ਘੇਰੇ ਵਿਚ ਉਨ੍ਹਾਂ ਧੁਨੀਆਂ ਨੂੰ ਲਿਆ ਜਾਂਦਾ ਹੈ, ਜਿਹੜੀਆਂ ਧੁਨੀਆਂ ਸੁਤੰਤਰ ਤੌਰ 'ਤੇ ਵਰਤੀਆਂ ਜਾਂਦੀਆਂ ਹਨ। ਇਸ ਪੱਖ ਤੋਂ ਪੰਜਾਬੀ ਵਿਚ ਸਵਰ ਅਤੇ ਵਿਅੰਜਨ ਧੁਨੀਆਂ, ਖੰਡੀ ਧੁਨੀਆਂ ਹਨ। ਕਿਸੇ ਵੀ ਧੁਨੀ ਸਮੂਹ ਵਿਚੋਂ ਇਨ੍ਹਾਂ ਨੂੰ ਵੱਖਰਿਆਂ ਕੀਤਾ ਜਾ ਸਕਦਾ ਹੈ। ਇਸ ਲਈ ਧੁਨੀ-ਵਿਉਂਤ ਦੇ ਅਧਿਅਨ ਦੇ ਘੇਰੇ ਵਿਚ ਸਵਰਾਂ ਅਤੇ ਵਿਅੰਜਨਾਂ ਦੀ ਵਰਤੋਂ ਕਾਰਜ ਦਾ ਅਧਿਅਨ ਕੀਤਾ ਜਾਂਦਾ ਹੈ। ਦੂਜੇ ਪਾਸੇ ਉਨ੍ਹਾਂ ਧੁਨੀਆਂ ਨੂੰ ਅਖੰਡੀ ਧੁਨੀਆਂ ਦੀ ਸੂਚੀ ਵਿਚ ਰੱਖਿਆ ਜਾਂਦਾ ਹੈ। ਜਿਨ੍ਹਾਂ ਦਾ ਆਪਣਾ ਕੋਈ ਸੁਤੰਤਰ ਵਜੂਦ ਨਾ ਹੋਵੇ ਇਸ ਪਰਕਾਰ ਦੀਆਂ ਧੁਨੀਆਂ, ਸੁਤੰਤਰ ਧੁਨੀਆਂ ਨਾਲ ਮਿਲ ਕੇ ਹੀ ਆਪਣਾ ਕਾਰਜ ਕਰਦੀਆਂ ਹਨ। ਪੰਜਾਬੀ ਵਿਚ ਸੁਰ, ਬਲ, ਅਨੁਨਾਸਿਕਤਾ ਆਦਿ ਅਖੰਡੀ ਧੁਨੀਆਂ ਹਨ। ਇਸ ਪਰਕਾਰ ਦੇ ਧੁਨੀ ਵਿਗਿਆਨ ਨੂੰ ਅਖੰਡੀ ਧੁਨੀ-ਵਿਉਂਤ ਕਿਹਾ ਜਾਂਦਾ ਹੈ। ਯੋਰਪੀ ਭਾਸ਼ਾ ਵਿਗਿਆਨੀ ਇਸ ਨੂੰ Prosody ਵੀ ਕਹਿੰਦੇ ਹਨ। ਧੁਨੀਆਂ ਦਾ ਅਧਿਅਨ ਕੜੀਦਾਰ ਅਤੇ ਲੜੀਦਾਰ ਸਬੰਧਾਂ ਵਿਰੋਧਾਂ ਰਾਹੀਂ ਵੀ ਕੀਤਾ ਜਾਂਦਾ ਹੈ। ਕੜੀਦਾਰ ਪੱਧਰ ਦੇ ਸਬੰਧ ਰਾਹੀਂ ਧੁਨੀਆਂ ਦੇ ਆਪਸ ਵਿਚ ਨੇੜਲੇ ਸਬੰਧਾਂ ਦਾ ਕੜੀਦਾਰ ਅਧਿਅਨ ਕੀਤਾ ਜਾਂਦਾ ਹੈ ਜਦੋਂ ਕਿ ਲੜੀਦਾਰ ਪੱਧਰ ਦੇ ਸਬੰਧਾਂ ਰਾਹੀਂ ਧੁਨੀਆਂ ਦੀ ਬਦਲੀ ਦਾ ਅਤੇ ਇਤਿਹਾਸਕ ਧੁਨੀ-ਵਿਉਂਤ ਦਾ ਅਧਿਅਨ ਕੀਤਾ ਜਾਂਦਾ ਹੈ (-ਬਲਦੇਵ ਸਿੰਘ ਚੀਮਾ)।

### 1.1.5 ਪੰਜਾਬੀ ਵਿਚ ਸਵਰ ਅਤੇ ਵਿਅੰਜਨ

ਧੁਨੀ ਵਿਗਿਆਨ ਵਿੱਚ ਸਵਰ (ਸ੍ਵਰ) ਉਨ੍ਹਾਂ ਧੁਨੀਆਂ ਨੂੰ ਕਹਿੰਦੇ ਹਨ ਜੋ ਬਿਨਾਂ ਕਿਸੇ ਹੋਰ ਧੁਨੀਆਂ ਦੀ ਸਹਾਇਤਾ ਦੇ ਉਚਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਉਚਾਰਨ ਵਿੱਚ ਸਾਹ ਛੱਡਦੇ ਸਮੇਂ ਕੋਈ ਰੋਕ ਨਹੀਂ ਪੈਂਦੀ। ਇਨ੍ਹਾਂ ਦੇ ਉਲਟ ਵਿਅੰਜਨ ਧੁਨੀਆਂ ਇਵੇਂ ਨਹੀਂ ਉਚਾਰੀਆਂ ਜਾ ਸਕਦੀਆਂ।ਪੰਜਾਬੀ ਭਾਸ਼ਾ ਵਿੱਚ ਦਸ ਸਵਰ ਧੁਨੀਆਂ ਹਨ। ਇਹ ਧੁਨੀਆਂ ਹਨ:

ੳ - ਉ, ਊ, ਓ

ਅ - ਅ, ਆ, ਐ, ਔ

ੲ - ਇ, ਈ, ਏ

ਗੁਰਮੁਖੀ ਲਿਪੀ ਵਿੱਚ ਤਿੰਨ ਸਵਰ-ਵਾਹਕ ਚਿੰਨ੍ਹ ਹਨ। ਸਵਰ ਧੁਨੀਆਂ ਅਤੇ ਸਵਰ-ਵਾਹਕ ਚਿਨ੍ਹਾਂ ਵਿੱਚ ਅੰਤਰ ਕਰਨਾ ਜ਼ਰੂਰੀ ਹੈ। ਸਵਰ-ਵਾਹਕ ਚਿਨ੍ਹਾਂ ਅਤੇ ਸਵਰਾਂ ਨੂੰ ਆਮ ਤੌਰ 'ਤੇ ਰਲਗੱਡ ਕਰ ਲਿਆ ਜਾਂਦਾ ਹੈ, ਜਦੋਂ ਕਿ ਪੰਜਾਬੀ

ਵਿੱਚ ਸਵਰ ਧੁਨੀਆਂ ਦੀ ਗਿਣਤੀ ਦਸ ਹੈ ਅਤੇ ਸਵਰ-ਵਾਹਕ (ੳ, ਅ, ੲ) ਤਿੰਨ ਹਨ। ਗੁਰਮੁਖੀ ਲਿਪੀ ਵਿੱਚ ਸਵਰਾਂ ਨੂੰ ਅੰਕਤ ਕਰਨ ਲਈ ਇਨ੍ਹਾਂ ਸਵਰ-ਵਾਹਕਾਂ ਨਾਲ ਲਗਾਂ ਮਾਤਰਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਰੋਮਨ ਲਿਪੀ ਵਿੱਚ ਇਸ ਪਰਕਾਰ ਦੀ ਕੋਈ ਵਿਵਸਥਾ ਨਹੀਂ ਹੈ। (ੳ, ਅ ਤੇ ੲ) ਗੁਰਮੁਖੀ ਲਿਪੀ ਵਿੱਚ ਤਿੰਨ ਲਿਪੀ ਚਿੰਨ੍ਹ ਹਨ, ਜਿਨ੍ਹਾਂ ਦੀ ਤਰਤੀਬ ਬਾਕੀ ਲਿਪੀ ਚਿੰਨ੍ਹਾਂ ਦੀ ਤਰਤੀਬ ਨਾਲ ਮੇਲ ਖਾਂਦੀ ਹੈ। ਗੁਰਮੁਖੀ ਲਿਪੀ ਉਚਾਰਨ ਦੇ ਬਿਲਕੁਲ ਨੇੜੇ ਹੈ। ਮੂੰਹ ’ਚੋਂ ਪਿਛਲੇ ਸਥਾਨ ਤੋਂ ਉਚਾਰੀਆਂ ਗਈਆਂ ਧੁਨੀਆਂ ਨੂੰ ਲਿਪੀ ਭਾਵ ਵਰਨਮਾਲਾ ਵਿੱਚ ਪਹਿਲੇ ਸਥਾਨ ’ਤੇ ਰੱਖਿਆ ਗਿਆ ਹੈ। (ੳ) ਨਾਲ ਸਬੰਧਤ ਸਵਰ ਧੁਨੀਆਂ ਭਾਵ (ਉ, ਊ, ਓ) ਮੂੰਹ ਦੇ ਪਿਛਲੇ ਹਿੱਸੇ ਵਿਚੋਂ ਉਚਾਰੀਆਂ ਜਾਂਦੀਆਂ ਹਨ, (ਅ) ਨਾਲ ਸਬੰਧਤ ਸਵਰ ਧੁਨੀਆਂ ਭਾਵ (ਅ, ਆ, ਐ, ਤੇ ਔ) ਮੂੰਹ ਦੇ ਵਿਚਕਾਰਲੇ ਹਿੱਸੇ ਵਿਚੋਂ ਉਚਾਰੀਆਂ ਜਾਂਦੀਆਂ ਹਨ ਅਤੇ (ੲ) ਨਾਲ ਸਬੰਧਤ ਸਵਰ ਧੁਨੀਆਂ (ਇ, ਏ, ਈ) ਮੂੰਹ ਦੇ ਅਗਲੇ ਹਿੱਸੇ ਵਿਚੋਂ ਉਚਾਰੀਆਂ ਜਾਂਦੀਆਂ ਹਨ। ਇਸੇ ਪਰਕਾਰ ਬਾਕੀ ਦੀ ਵਰਨਮਾਲਾ ਵਿੱਚ ਪਹਿਲੀ ਪੰਗਤੀ ਵਿੱਚ (ਕ, ਖ, ਗ, ਘ, ਙ) ਨੂੰ ਰੱਖਿਆ ਗਿਆ ਹੈ ਪਰ ਇਹ ਧੁਨੀਆਂ ਕੋਮਲ ਤਾਲੂ ਤੋਂ ਉਚਾਰੀਆਂ ਜਾਂਦੀਆਂ ਹਨ ਅਤੇ (ਪ, ਫ, ਬ, ਭ, ਮ) ਨੂੰ ਅੰਤਲੀ ਸ਼ਰੇਣੀ ਵਿੱਚ ਰੱਖਿਆ ਗਿਆ ਹੈ ਅਤੇ ਇਨ੍ਹਾਂ ਦਾ ਉਚਾਰਨ ਮੂੰਹ ਦੇ ਬਿਲਕੁਲ ਮੁੱਢਲੇ ਹਿੱਸੇ ਰਾਹੀਂ ਕੀਤਾ ਜਾਂਦਾ ਹੈ।

ਵਿਅੰਜਨ ਅਜਿਹੀ ਭਾਸ਼ਾਈ ਧੁਨੀ ਨੂੰ ਕਿਹਾ ਜਾਂਦਾ ਹੈ, ਜਿਸਦੇ ਉਚਾਰਨ ਸਮੇਂ ਫੇਫੜਿਆਂ ਤੋਂ ਬਾਹਰ ਆਉਂਦੀ ਹਵਾ ਨੂੰ ਮੂੰਹ ਪੋਲ ਵਿੱਚ ਕਿਸੇ ਨਾ ਕਿਸੇ ਜਗ੍ਹਾ ਉੱਤੇ ਪੂਰਨ ਜਾਂ ਅਪੂਰਨ ਰੂਪ ਵਿੱਚ ਰੋਕਿਆ ਜਾਂਦਾ ਹੈ। ਉਦਾਹਰਨ ਦੇ ਤੌਰ ਉੱਤੇ /ਪ/ ਧੁਨੀ ਦੇ ਉਚਾਰਨ ਲਈ ਹਵਾ ਨੂੰ ਬੁੱਲਾਂ ਦੁਆਰਾ ਰੋਕ ਕੇ ਛੱਡਿਆ ਜਾਂਦਾ ਹੈ।ਦਸ ਸਵਰਾ ਨੂੰ ਛੱਡ ਕੇ ਵਾਕੀ ਬਚੀਆ ਧੁੰਨੀਆ ਵਿਅੰਜਨ ਹੁੰਦੇ ਹਨ।

### 1.1.6 **ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ**

ਜਦੋਂ ਕਿਸੇ ਸ਼ਬਦ ਜਾਂ ਉਚਾਰ ਖੰਡ ਵਿਚ ਦੋ ਜਾਂ ਦੋ ਤੋਂ ਵੱਧ ਵਿਅੰਜਨ ਜੁੜਵੇਂ ਰੂਪ ਵਿਚ ਆਉਣ ਭਾਵ ਉਨ੍ਹਾਂ ਵਿਚਕਾਰ ਕੋਈ ਸਵਰ ਨਾ ਆਵੇ ਤਾਂ ਵਿਅੰਜਨਾ ਦੀ ਅਜਿਹੀ ਵਰਤੋਂ ਨੂੰ ਵਿਅੰਜਨ ਨੇੜਤਾ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਵਿਅੰਜਨ ਨੇੜਤਾ ਉੱਤ ਵਿਅੰਜਨਾ ਦੇ ਤੌਰ ਤੇ, ਵਿਅੰਜਨ ਗੁੱਛਿਆਂ ਦੇ ਤੌਰ ਤੇ ਅਤੇ ਵਿਅੰਜਨ ਸੰਯੋਗ ਦੇ ਤੌਰ ਤੇ ਸਾਕਾਰ ਹੁੰਦੀ ਹੈ।

ਵਿਅੰਜਨ ਧੁਨੀਆਂ ਦੇ ਉਚਾਰਨ ਵੇਲੇ ਉਚਾਰਨ ਅੰਗ ਸਾਹ-ਖੋਹਣ ਵਿਚ ਰੁਕਾਵਟ ਪਾਉਂਦੇ ਹਨ ਭਾਵ ਸਾਹ ਦੀ ਹਵਾ ਕਿਸੇ ਨਾ ਕਿਸੇ ਸਥਾਨ ਤੇ ਅੰਸ਼ਕ ਰੂਪ ਵਿਚ ਜਾਂ ਪੂਰਨ ਰੂਪ ਵਿਚ ਰੋਕ ਕੇ ਛੱਡੀ ਜਾਂਦੀ ਹੈ।ਸਾਹ ਦੀ ਹਵਾ ਨੂੰ ਦੋ ਉਚਾਰਨ-ਅੰਗ ਰੋਕਦੇ ਹਨ।ਜਿਨ੍ਹਾਂ ਉਚਾਰਨ ਅੰਗਾਂ ਉਤੇ ਸਾਹ ਦੀ ਹਵਾ ਨੂੰ ਰੋਕਿਆ ਜਾਂਦਾ ਹੈ, ਉਨ੍ਹਾਂ ਨੂੰ ਸੁਸਤ/ਅਕਿਰਿਆਸ਼ੀਲ ਉਚਾਰਨ ਅੰਗ ਕਿਹਾ ਜਾਂਦਾ ਹੈ ਅਤੇ ਜਿਹੜੇ ਉਚਾਰਨ ਅੰਗ ਕਿਰਿਆਸ਼ੀਲ ਹੋ ਕੇ ਸੁਸਤ ਉਚਾਰਨ ਅੰਗਾਂ ਨਾਲ ਲੱਗ ਕੇ ਜਾਂ ਖਹਿ ਕੇ ਸਾਹ ਦੀ ਹਵਾ ਵਿਚ ਰੋਕ ਪਾਉਂਦੇ ਹਨ ਉਨ੍ਹਾਂ ਨੂੰ ਚੁਸਤ ਜਾਂ ਕਿਰਿਆਸ਼ੀਲ ਉਚਾਰਨ ਅੰਗ ਕਿਹਾ ਜਾਂਦਾ ਹੈ। ਜੀਭ, ਹੇਠਲਾ ਬੁੱਲ੍ਹ, ਹੇਠਲੇ ਦੰਦ, ਚੁਸਤ ਉਚਾਰਨ ਅੰਗ ਹਨ ਅਤੇ ਤਾਲੂ, ਉਪਰਲੇ ਦੰਦ ਅਤੇ ਬੁੱਟ ਸੁਸਤ ਉਚਾਰਕ ਹਨ।

ਵਿਅੰਜਨ ਧੁਨੀਆਂ ਦੇ ਵਰਗੀਕਰਨ ਲਈ ਦੋ ਆਧਾਰ ਹਨ : ਉਚਾਰਨ ਸਥਾਨ ਅਤੇ ਉਚਾਰਨ ਢੰਗ। ਉਚਾਰਨ ਸਥਾਨ ਦੁਆਰਾ ਦੇਖਿਆ ਜਾਂਦਾ ਹੈ ਕਿ ਕਿਹੜੀ ਧੁਨੀ ਮੂੰਹ ਵਿਚਲੇ ਕਿਹੜੇ ਅੰਗ ਦੀ ਸਹਾਇਤਾ ਨਾਲ ਕਿਹੜੀ ਥਾਂ ਦੀ ਛੋਹ ਨਾਲ ਪੈਦਾ ਹੁੰਦੀ ਹੈ। ਮਸਲਨ ਸਾਡੇ ਮੂੰਹ ਵਿਚਲੇ ਅੰਗ- ਬੁੱਲ੍ਹ, ਦੰਦ, ਸੰਘ, ਤਾਲੂ, ਕਾਂ, ਨਾਸਾਂ, ਸੁਰ ਤੰਦਾਂ ਆਦਿ- ਧੁਨੀ ਉਚਾਰਨ ਵਿਚ ਮਦਦ ਕਰਦੇ ਹਨ। ਇਨ੍ਹਾਂ ਅੰਗਾਂ ਨੂੰ ਆਧਾਰ ਬਣਾ ਕੇ ਹੀ ਵਿਅੰਜਨਾਂ ਦੀ ਵਰਗ-ਵੰਡ ਕੀਤੀ ਜਾਂਦੀ ਹੈ। ਵਿਅੰਜਨਾਂ ਦੇ ਨਾਮ ਵੀ ਇਨ੍ਹਾਂ ਉਚਾਰਨ ਅੰਗਾਂ ਦੇ ਨਾਵਾਂ ਨਾਲ ਹੀ ਜੁੜਵੇਂ ਰੱਖੇ ਗਏ ਹਨ। ਜਿਵੇਂ ਕੰਠੀ, ਤਾਲਵੀ, ਉਲਟ ਜੀਭੀ, ਦੰਤੀ, ਹੋਠੀ ਅਤੇ ਸੁਰਯੰਤਰੀ ਵਿਅੰਜਨ ਆਦਿ।

### 1.1.7 ਪੰਜਾਬੀ ਵਿਚ ਦੁੱਤ ਵਿਅੰਜਨ

ਜਦੋਂ ਕਿਸੇ ਸ਼ਬਦ ਜਾਂ ਉਚਾਰਖੰਡ ਵਿਚ ਇਕੋ ਵਿਅੰਜਨ ਧੁਨੀ ਦਾ ਉਚਾਰਨ ਦੂਹਰਾ ਕੀਤਾ ਜਾਵੇ ਤਾਂ ਉਸ ਨੂੰ ਦੁੱਤ ਵਿਅੰਜਨ ਕਿਹਾ ਜਾਂਦਾ ਹੈ।ਪੰਜਾਬੀ ਵਿਚ ਦੁੱਤ ਵਿਅੰਜਨ ਇਕ-ਉਚਾਰ ਖੰਡ ਦੀਆਂ ਹੱਦਾਂ ਦਰਮਿਆਨ ਵੀ ਸਾਕਾਰ ਹੁੰਦੇ ਹਨ ਅਤੇ ਦੋ ਉਚਾਰਖੰਡਾਂ ਦੀਆਂ ਹੱਦਾਂ ਉਤੇ ਵੀ ਵਿਚਰਦੇ ਹਨ। ਪੰਜਾਬੀ ਲਿਖਤ ਵਿਚ ਦੁੱਤ ਵਿਅੰਜਨਾਂ ਨੂੰ ਅੱਧਕ ਦੇ ਚਿੰਨ੍ਹ ਰਾਹੀਂ ਸਾਕਾਰ ਕੀਤਾ ਜਾਂਦਾ ਹੈ ਪਰ ਨਾਸਕੀ ਵਿਅੰਜਨ ਲਈ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਦੁੱਤ ਵਿਅੰਜਨਾਂ ਨਾਲ ਸ਼ਬਦਾਂ ਦੇ ਅਰਥਾਂ ਵਿਚ ਵੀ ਫਰਕ ਪੈ ਜਾਂਦਾ ਹੈ।

### 1.1.8 ਸੰਯੁਕਤ ਵਿਅੰਜਨ

ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਬਿਨਾਂ ਸਵਰ ਦੀ ਸਹਾਇਤਾ ਤੋਂ ਉਚਾਰੇ ਜਾਣ ਤਾਂ ਵਿਅੰਜਨਾਂ ਦੀ ਅਜਿਹੀ ਵਰਤੋਂ ਨੂੰ ਸੰਯੁਕਤ ਵਿਅੰਜਨ ਕਿਹਾ ਗਿਆ ਹੈ। ਪੰਜਾਬੀ ਵਿਚ ਸੰਯੁਕਤ ਵਿਅੰਜਨ ਇਕ ਉਚਾਰ ਖੰਡ ਦੀ ਹੱਦ ਅੰਦਰ ਮਿਲਦੇ ਹਨ ਅਤੇ ਦੋ ਉਚਾਰ ਖੰਡਾਂ ਦੀਆਂ ਹੱਦਾਂ ਤੇ ਵਿਚਰਦੇ ਵਿਅੰਜਨਾਂ ਦੁਆਰਾ ਵੀ ਸਾਕਾਰ ਹੁੰਦੇ ਹਨ। ਪੰਜਾਬੀ ਵਿਚ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਵਿਚ ਸੰਯੁਕਤ ਵਿਅੰਜਨ ਦੀ ਹੱਦ ਮਿਲਦੀ ਹੈ।

### 1.1.9 ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋਂ ਦੇ ਨੇਮ

ਪੰਜਾਬੀ ਸਵਰ ਧੁਨੀਆਂ ਦੀ ਵਰਤੋਂ ਵਿਉਂਤ ਵਿਚ ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋਂ ਦੇ ਨੇਮ ਸ਼ਮਿਲ ਹਨ। ਪੰਜਾਬੀ ਦੇ ਦਸਾਂ ਸਵਰਾਂ ਵਿਚੋਂ ਲਘੂ ਸਵਰ /ਇ, ਉ ਅਤੇ ਅ/ ਸ਼ਬਦ ਦੀ ਅਖੀਰਲੀ ਸਥਿਤੀ ਵਿਚ ਨਹੀਂ ਉਚਾਰੇ ਜਾਂਦੇ। ਬਾਕੀ ਦੇ ਸਾਰੇ ਸਵਰ /ਈ, ਏ, ਐ, ਆ, ਔ, ਓ ਅਤੇ ਊ/ ਸ਼ਬਦ ਦੀਆਂ ਤਿੰਨਾਂ ਹੀ ਸਥਿਤੀਆਂ ਭਾਵ ਆਦਿ, ਮੱਧ ਅਤੇ ਅੰਤ ਵਿਚ ਵਿਚਰ ਸਕਦੇ ਹਨ।

#### ਦੋ ਸੰਧੀ ਸਵਰ

ਜਦੋਂ ਦੋ ਸਵਰਾਂ ਦਾ ਉਚਾਰ ਆਪਸ ਵਿਚ ਇਉਂ ਖੁੱਭਿਆ ਹੋਵੇ ਕਿ ਉਹ ਇਕ ਹੀ ਜਾਪਣ, ਤਾਂ ਸਵਰਾਂ ਦੇ ਅਜਿਹੇ ਸੰਯੋਗ ਨੂੰ ਦੋ-ਸੰਧੀ ਸਵਰ ਕਿਹਾ ਜਾਂਦਾ ਹੈ। ਮਿਸਾਲ ਵਜੋਂ ਪੰਜਾਬੀ ਦੇ ਸ਼ਬਦਾਂ ਪਿਉ, ਗਈ, ਗਏ, ਗਊ ਅਤੇ ਗਿਆ ਵਿਚ ਦੋ-ਸੰਧੀ ਸਵਰਾਂ ਦੀ ਵਰਤੋਂ ਹੋਈ ਹੈ।ਇਨ੍ਹਾਂ ਸਭਨਾ ਦੋ-ਸੰਧੀ ਸਵਰਾਂ ਵਿਚ ਪਹਿਲਾ ਸਵਰ ਲਘੂ ਅਤੇ ਸਵਰ ਦੀਰਘ ਹੈ। ਪੰਜਾਬੀ ਦੇ ਸਾਰੇ ਦੋ-ਸੰਧੀ ਸਵਰ ਏਸੇ ਪੈਟਰਨ ਵਾਲੇ ਹਨ।

#### ਅਰਧ ਸਵਰ

ਪੰਜਾਬੀ ਭਾਸ਼ਾ ਵਿਚ /ਯੁ/ਤੇ/ਵ/ ਦੋ ਅਰਧ ਸਵਰ ਹਨ। ਇਨ੍ਹਾਂ ਦਾ ਉਚਾਰਨ ਸਰਕਵਾਂ ਹੈ। ਕਿਤੇ ਇਹ ਪੂਰੇ ਵਿਅੰਜਨ ਵਿਚ ਬਦਲ ਜਾਂਦੇ ਹਨ ਅਤੇ ਕਿਤੇ ਸ਼ੁੱਧ ਸਵਰ ਹੋ ਜਾਂਦੇ ਹਨ। ਪਰੰਪਰਾਈ ਵਿਆਕਰਨ ਵਿਚ ਇਨ੍ਹਾਂ ਨੂੰ ਵਿਅੰਜਨ ਹੀ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਨੂੰ ਸੰਘਰਸ਼ੀ ਧੁਨੀਆਂ ਵਾਲੇ ਵਰਗ ਵਿਚ ਰੱਖਿਆ ਜਾਂਦਾ ਸੀ। ਸਹੀ ਗੱਲ ਤਾਂ ਇਹ ਹੈ

ਕਿ ਇਨ੍ਹਾਂ ਦਾ ਉਚਾਰਨ ਸਰਕਵਾਂ ਹੈ। /ਯ/ ਦੇ ਉਚਾਰਨ ਵੇਲੇ ਜੀਭ ਤਾਲੂ ਦੇ ਨੇੜੇ ਆ ਜਾਂਦੀ ਹੈ ਪਰ ਜੀਭ ਅਤੇ ਤਾਲੂ ਦੇ ਵਿਚਕਾਰਲੀ ਵਿਥ ਸੰਘਰਸ਼ੀ, ਵਿਅੰਜਨਾਂ ਨਾਲੋਂ ਕੁਝ ਜ਼ਿਆਦਾ ਹੁੰਦੀ ਹੈ। ਇਵੇਂ ਹੀ /ਵ/ ਦੇ ਉਚਾਰਨ ਵੇਲੇ ਹੇਠਲੇ ਦੰਦ ਉਤਲੇ ਬੁੱਲ੍ਹ ਨੇੜੇ ਚਲੇ ਜਾਂਦੇ ਹਨ। ਵਿਚਲੀ ਵਿਥ ਸੰਪਰਸ਼ੀ ਧੁਨੀਆਂ ਨਾਲੋਂ ਵੱਧ ਹੁੰਦੀ ਹੈ। ਇਨ੍ਹਾਂ ਦੋਹਾਂ ਦੇ ਉਚਾਰਨ ਵੇਲੇ ਜੇ ਵਿਚਲੀ ਵਿਥ ਕੁਝ ਵਧੇਰੇ ਹੋ ਜਾਵੇ ਤਾਂ ਸਵੇਰ ਦਾ ਉਚਾਰਨ ਹੋ ਜਾਂਦਾ ਹੈ। ਜਿਵੇਂ; ਸੰਸਕ੍ਰਿਤ ਸ਼ਬਦ, ਗਾਯਾਨੀ, ਸੰਨਯਾਸੀ ਅਤੇ ਫਾਰਸੀ ਸ਼ਬਦ ਸਯਾਹੀ ਦਾ ਪੰਜਾਬੀ ਰੂਪ ਗਿਆਨੀ, ਸਨਿਆਸੀ ਅਤੇ ਸਿਆਹੀ ਬਣ ਗਿਆ ਹੈ ਭਾਵ /ਯ/ ਸਵਰ ਵਿਚ ਬਦਲ ਗਿਆ ਹੈ।ਪਰ ਜੇ ਉਚਾਰਨ ਵੇਲੇ ਅੰਗ ਆਪਸ ਵਿਚ ਛੋਹ ਜਾਣ ਤਾਂ ਪੂਰਾ ਵਿਅੰਜਨ ਉਚਾਰਿਆ ਜਾਂਦਾ ਹੈ। ਜਿਵੇਂ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਯੋਧਾ, ਯੋਗੀ ਅਤੇ ਯੁੱਧ ਦਾ ਪੰਜਾਬੀ ਰੂਪ ਜੋਧਾ ਅਤੇ ਜੁੱਧ ਹੋ ਗਿਆ ਹੈ। ਇਸ ਤਰ੍ਹਾਂ ਵਰਸਾ ਅਤੇ ਵਿਆਜ ਆਦਿ ਵਿਚ /ਵ/ਦਾ/ਬ/ ਬਣ ਗਿਆ ਹੈ।

### 1.1.18 **ਅਭਿਆਸ ਲਈ ਪ੍ਰਸ਼ਨ**

1. ਧੁਨੀਆਂ ਦੀ ਵਰਤੋਂ ਵੰਡ ਤੇ ਲੱਛਣ ਉੱਪਰ ਚਾਨਣਾ ਪਾਉ?
2. ਪੰਜਾਬੀ ਵਿਚ ਦੁੱਤ ਵਿਅੰਜਨ ਉੱਪਰ ਚਾਨਣਾ ਪਾਉ?
3. ਸਵਰ ਸੰਯੋਗਾਂ ਅਤੇ ਦੋਹਰੇ ਸਵਰਾਂ ਦੀ ਵਰਤੋ ਦੇ ਨੇਮ ਬਾਰੇ ਚਰਚਾ ਕਰੋ?

### 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

| | | | |
|---|---|---|---|
| ਪ੍ਰੇਮ ਪ੍ਰਕਾਸ਼ ਸਿੰਘ | 2014 | ਸਿਧਾਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ |
| ਅਰਸ਼ੀ, ਗੁਰਚਰਨ ਸਿੰਘ | 2000 | *ਪੱਛਮੀ ਕਾਵਿਸ਼ਾਸਤਰ-* | ਆਰਸੀ ਪਬਲਿਸ਼ਰਜ਼, ਦਿੱਲੀ |
| ਬੂਟਾ ਸਿੰਘ ਬਰਾੜ | 2018 | ਭਾਸ਼ਾ ਵਿਗਿਆਨ:ਸਿਧਾਂਤ ਤੇ ਵਿਹਾਰ | ਲਾਹੌਰ ਬੁਕਸ,ਲੁਧਿਆਣਾ |

**M.A (PUNJABI) SEMESTER-II**

**ਤੇਹਰਵਾਂ ਪਰਚਾ**

**ਯੂਨਿਟ-ਨੌਵਾਂ ਅਤੇ ਦੱਸਵਾਂ**

# ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋਂ ਦੇ ਅਤੇ ਨੇਮ ਪਰਿਵਰਤਨ ਦੀਆਂ ਦਿਸ਼ਾਵਾਂ

1.1 ਭੂਮਿਕਾ

1.1.1 ਪਾਠ ਦਾ ਮੰਤਵ

1.1.2 ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋਂ ਦੇ ਨੇਮ

1.1.3 ਪੰਜਾਬੀ ਉਚਾਖੰਡ ਦੀ ਬਣਤਰ

1.1.4 ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ

1.1.5 ਲੋਪ

1.1.6 ਆਗਮ

1.1.7 ਵਿਕਾਰ

1.1.8 ਸਮੀਕਰਨ

1.1.9 ਵਿਸ਼ਮੀਕਰਨ

1.1.10 ਵਿਪਰਜ

1.1.11 ਅਭਿਆਸ ਲਈ ਪ੍ਰਸ਼ਨ

1.1.12 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

## 1.1 ਭੂਮਿਕਾ

ਇਸ ਪਾਠ ਵਿਚ ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋਂ ਦੇ ਨੇਮ, ਪੰਜਾਬੀ ਉਚਾਖੰਡ ਦੀ ਬਣਤਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਸ ਤੋਂ ਬਾਅਦ ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ ਬਾਰੇ ਉਲੇਖ ਕੀਤਾ ਜਾਵੇਗਾ।ਲੋਪ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।ਪੰਜਾਬੀ ਵਿਚ ਆਗਮ ਅਤੇ ਵਿਕਾਰ ਦੇ ਵਿਵਹਾਰ ਨੂੰ ਸਮਝਾਉਣ ਦਾ ਯਤਨ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਸਮੀਕਰਨ, ਵਿਸ਼ਮੀਕਰਨ ਅਤੇ ਵਿਪਰਜ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

### 1.1.1 ਪਾਠ ਦਾ ਮੰਤਵ

ਇਸ ਪਾਠ ਦਾ ਮੰਤਵ ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋਂ ਦੇ ਨੇਮ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।ਇਸ ਪਾਠ ਵਿਚ ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ ਬਾਰੇ ਜਾਣਕਾਰੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।ਇਸ ਤੋਂ ਇਲਾਵਾ ਇਸ ਦੇ ਛੇਂ ਰੂਪਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

### 1.1.4 ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾਂ

### 1.1.5 ਲੋਪ

ਲੋਪ,ਇਕ ਧੁਨੀ ਨੇਮ ਹੈ,ਜਿਸ ਦਾ ਸੰਬੰਧ ਭਾਸ਼ਾ ਦੇ ਪਰਿਵਰਤਨ ਨਾਲ ਹੈ।ਲੋਪ ਆਗਮ ਦਾ ਬਿਲਕੁਲ ਉਲਟਾ ਹੈ। ਆਗਮ ਵਿਚ ਸ਼ਬਦ ਅੰਦਰ ਕਿਸੇ ਧੁਨੀ ਦਾ ਵਾਧਾ ਹੁੰਦਾ ਹੈ ਜਦਕਿ ਲੋਪ ਵਿਚ ਕਿਸੇ ਧੁਨੀ ਦਾ ਲੋਪਣ ਹੁੰਦਾ ਹੈ। ਇਤਿਹਾਸਕ ਭਾਸ਼ਾ ਵਿਗਿਆਨ ਵਿੱਚ ਇਸ ਸੰਕਲਪ ਦੀ ਵਰਤੋਂ ਧੁਨੀ ਪਰਿਵਰਤਨ ਨੂੰ ਦਰਸਾਉਣ ਲਈ ਕੀਤੀ ਜਾਦੀ ਹੈ, ਦਰਸ਼ਨ ਭਾਸ਼ਾ ਹਰ ਸਮੇਂ ਬਣਦੀ ਰਹਿੰਦੀ ਹੈ। ਭਾਸ਼ਾ ਦਾ ਬਦਲਾਉ ਜਾਂ ਪਰਿਵਰਤਨ ਹੀ ਭਾਸ਼ਾ ਦੇ ਜਿਉਂਦੇ ਹੋਣ ਦੀ ਨਿਸ਼ਾਨੀ ਹੈ। ਭਾਸ਼ਾ ਪਰਿਵਰਤਨ, ਭਾਸ਼ਾ ਵਿਕਾਸ ਹੈ। ਪਰ ਭਾਸ਼ਾ ਦਾ ਇਹ ਪਰਿਵਰਤਨ ਏਨਾ ਬੇਮਾਲੂਮਾ ਹੈ ਕਿ ਕਈ ਸਦੀਆਂ ਲੰਘ ਜਾਣ ਉਪਰੰਤ ਹੀ ਸਾਨੂੰ ਇਸ ਦਾ ਅਹਿਸਾਸ ਹੁੰਦਾ ਹੈ।ਭਾਸ਼ਾ ਪਰਿਵਰਤਨ ਦੇ ਅਨੇਕਾਂ ਸਮਾਜਿਕ, ਸੱਭਿਆਚਾਰਿਕ, ਮਨੋਵਿਗਿਆਨਕ, ਇਤਿਹਾਸਿਕ ਅਤੇ ਭੂਗੋਲਿਕ ਕਾਰਨ ਹੁੰਦੇ ਹਨ। ਮੋਟੇ ਤੌਰ ਤੇ ਇਹਨਾਂ ਪਰਿਵਰਤਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ-ਬਾਹਰੀ ਪਰਿਵਰਤਨ ਅਤੇ ਅੰਦਰੂਨੀ ਪਰਿਵਰਤਨ ਬਾਹਰੀ ਪਰਿਵਰਤਨ ਮਾਂਗਵੇ ਸ਼ਬਦਾਂ ਕਾਰਨ ਵਾਪਰਦੇ ਹਨ।ਇਹ ਪਰਿਵਰਤਨ ਵੱਖ-ਵੱਖ ਭਾਸ਼ਾਵਾਂ ਦੇ ਬੋਲਣਹਾਰਿਆਂ ਦੇ ਆਪਸੀ ਮੇਲਜੋਲ ਕਾਰਨ ਹੁੰਦੇ ਹਨ। ਬਾਕੀ ਦੇ ਪਰਿਵਰਤਨਾ ਨੂੰ ਅੰਦਰੂਨੀ ਪਰਿਵਰਤਨ ਕਿਹਾ ਜਾਂਦਾ ਹੈ। ਅੰਦਰੂਨੀ ਪਰਿਵਰਤਨਾਂ ਵਿੱਚ ਧੁਨੀਆਂ ਦਾ ਵਾਧਾ ਆਟਾ, ਸ਼ਬਦਾਵਲੀ ਵਿੱਚ ਪਰਿਵਰਤਨ ਅਤੇ ਉਹਨਾਂ ਦੇ ਅਰਥ ਘੇਰੇ ਵਿੱਚ ਵਾਧਾ ਸ਼ਾਮਲ ਹੈ।

ਲੋਪ ਦਾ ਸੰਬੰਧ ਧੁਨੀ ਪਰਿਵਰਤਨ ਨਾਲ ਹੈ। ਧੁਨੀ ਪਰਿਵਰਤਨ ਉਹ ਪ੍ਰਕਿਰਿਆ ਹੈ,ਜਿਸ ਰਾਹੀਂ ਕੁਝ ਕੁ ਧੁਨੀਆਂ ਜਾਂ ਤਾਂ ਗੁਆਚ ਜਾਂਦੀਆਂ ਹਨ ਜਾਂ ਨਵੀਆਂ ਪੈਦਾ ਹੋ ਜਾਂਦੀਆਂ ਹਨ। ਧੁਨੀ ਪਰਿਵਰਤਨ ਦੇ ਵੀ ਅਨੇਕ ਕਾਰਨ ਖੋਜੇ ਗਏ ਹਨ। ਪਹਿਲਾ ਕਾਰਨ ਤਾਂ ਧੁਨੀ ਵਿਗਿਆਨਕ ਹੈ। ਜਦੋਂ ਕੋਈ ਭਾਸ਼ਾਈ ਸਮਾਜ ਕਿਸੇ ਦੂਜੀ ਭਾਸ਼ਾ ਨੂੰ ਸਿੱਖਦਾ ਹੈ ਤਾਂ ਨਵੀਂ ਸਿੱਖੀ ਜਾ ਰਹੀ ਭਾਸ਼ਾ ਨੂੰ ਆਪਣੀ ਨਿੱਜੀ ਭਾਸ਼ਾ ਦੀ ਧੁਨੀ ਵਿਉਂਤ ਅਨੁਸਾਰ ਢਾਲਦਾ ਹੈ।ਕਈ ਵਾਰੀ ਇੱਕ ਭਾਸ਼ਾ ਦੀਆਂ ਕੁਝ ਧੁਨੀਆਂ ਦੂਜੀ ਭਾਸ਼ਾ ਵਿੱਚ ਮੌਜੂਦ ਹੀ ਨਹੀਂ ਹੁੰਦੀਆਂ। ਦੂਜਾ ਅਹਿਮ ਕਾਰਨ ਮਨੋਵਿਗਿਆਨਿਕ ਹੈ। ਆਮ ਤੌਰ ਤੇ ਮਨੁੱਖ ਵਿਚ ਅਰਾਮ ਕਰਨ, ਸੰਕੋਚ ਕਰਨ, ਆਲਸ ਜਾਂ ਬੇਪ੍ਰਵਾਹੀ ਇੱਕ ਸੁਭਾਵਿਕ ਰੁਚੀ ਹੈ। ਬੋਲਣ ਸਮੇਂ ਸੌਖੀ ਤੋਂ ਸੌਖੀ ਧੁਨੀ ਉਚਾਰਨਾ ਮਨੁੱਖ ਦੀ ਸੁਭਾਵਿਕ ਪ੍ਰਵਿਰਤੀ ਹੈ। ਕਈ ਵਾਰੀ ਅਸੀਂ ਪਹਿਲਾਂ ਪ੍ਰਚਲਿਤ ਧੁਨੀਆਂ ਦੀ ਨਕਲ ਕਰ ਕੇ ਵੀ ਓਪਰੀਆਂ ਧੁਨੀਆਂ ਨੂੰ ਉਚਾਰਨ ਦੀ ਕੋਸ਼ਿਸ਼ ਕਰਦੇ ਹਾਂ।ਇਸ ਤੋਂ ਇਲਾਵਾ ਦੋ ਭਾਸ਼ਾ ਸਮਾਜ ਵਿੱਚ ਵਿਭਿੰਨ ਬੁਲਾਰਿਆਂ ਦੀਆਂ ਉਚਾਰਨ ਆਦਤਾਂ ਵੀ ਧੁਨੀ ਪਰਿਵਰਤਨ ਦਾ ਕਾਰਨ ਬਣਦੀਆਂ ਹਨ।

ਧੁਨੀ-ਲੋਪ ਦੇ ਨਾਮ ਨੂੰ ਵਿਕੋਲਿਤਰ ਪਰਿਵਰਤਨਾ ਤਹਿਤ ਵਿਚਾਰਿਆ ਜਾਂਦਾ ਹੈ। ਅਜਿਹੇ ਪਰਿਵਰਤਨ ਅਨਿਯਮਤ ਤੌਰ ਤੇ ਧੁਨੀਆਂ ਵਿੱਚ ਵਾਪਰਦੇ ਹਨ।ਇਹਨਾਂ ਵਿੱਚੋਂ ਪਹਿਲਾਂ ਤੋਂ ਪ੍ਰਮੁਖ ਨੇਮ ਧੁਨੀ ਨੇਮ ਹੀ ਹੈ। ਆਮ ਤੌਰ ਤੇ ਧੁਨੀ-ਲੋਪ ਉਚਾਰਨ ਦੀ ਸਹੂਲਤ ਕਾਰਨ ਵਾਪਰਦਾ ਹੈ। ਭਾਸ਼ਾ ਦੇ ਬੁਲਾਰੇ ਆਪਣੀ ਉਚਾਰਨ ਸਹੂਲਤ ਨੂੰ ਮੁੱਖ ਰੱਖਿਦਆਂ ਸ਼ਬਦ, ਅੱਖਰ ਜਾਂ ਕਿਸੇ ਉਚਾਰ-ਖੰਡ ਵਿਚਲੀਆਂ ਧੁਨੀਆਂ ਨੂੰ ਆਪਣੇ ਉਚਾਰਨ ਵਿੱਚੋਂ ਲੁਪਤ ਕਰ ਦਿੰਦੇ ਹਨ।ਇਉਂ ਹੌਲੀ-ਹੌਲੀ ਅਜਿਹੇ ਪਰਿਵਰਤਨ ਕਿਸੇ ਭਾਸ਼ਾ ਦੇ ਧੁਨੀ-ਪ੍ਰਬੰਧ ਨੂੰ ਪ੍ਰਭਾਵਿਤ ਵੀ ਕਰਦੇ ਹਨ ਅਤੇ ਸਮੁੱਚੇ ਤੌਰ ਤੇ ਭਾਸ਼ਾਈ ਪਰਿਵਰਤਨ ਜਾਂ ਵਿਕਾਸ ਦਾ ਕਾਰਨ ਬਣਦੇ ਹਨ।ਇਤਿਹਾਸਕ ਭਾਸ਼ਾ ਵਿਗਿਆਨ ਵਿੱਚ ਲੋਪ ਦੀ ਪ੍ਰਕਿਰਿਆ ਨੂੰ ਹੇਠ ਲਿਖੇ ਅਨੁਸਾਰ ਪਛਾਣਿਆ ਗਿਆ ਹੈ-ਸੱਚ ਲੋਪ,ਵਿਅੰਜਨ ਲੋਪ, ਉਚਾਰਖੰਡ ਲੋਪ ਸੂਰ ਲੋਪ।ਆਮ ਤੌਰ ਤੇ ਬਲ ਜਾਂ ਦਬਾ ਦੇ ਕਮਜ਼ੋਰ ਪੈਣ ਨਾਲ ਹੋ ਜਾਂਦਾ ਹੈ,ਜਿਵੇਂ ਸੰਸਿਕ੍ਰਤ ਦੇ ਸ਼ਬਦ ਅਹੰਕਾਰ ਤੋਂ ਪੰਜਾਬੀ ਵਿੱਚ 'ਹੰਕਾਰ' ਅਤੇ ਏਕਾਦਸੀ ਤੇ ਕਾਦਸੀ ਬਣ ਗਿਆ ਹੈ।ਇਹ ਅਰਬੀ ਅਵਤਾ ਤੇ ਪੰਜਾਬੀ (ਹਾੜਾ), ਅਸਵਾਰ ਤੋਂ ਸਵਾਰ, ਅਨੋਖਾ ਤੇ ਨੋਖਾ, ਅਨਾਜ ਤੇ ਨਾਜ ਅਤੇ ਫ਼ਾਰਸੀ ਅਫਸਾਨਾ ਤੇ ਫਸਾਨਾ ਆਦਿ ਸ਼ਬਦਾਂ ਵਿੱਚਮ ਕਈ ਵਾਰੀ ਕਿਸੇ ਸ਼ਬਦ ਦਾ ਵਿਅੰਜਨ ਲੋਪ ਹੋ ਜਾਂਦਾ ਹੈ।ਜਿਵੇਂ ਸਥਾਨ ਤੋਂ ਥਾਂ, ਸਥਲ ਤੋਂ ਥਲ, ਸੰਥਾਲੀ ਤੋਂ ਥਾਲੀ, ਸੁਮਸਾਨ ਤੋਂ ਸੁਮਾਨ, ਸਟਾਲ ਤੋਂ ਟਾਲ ਅਤੇ ਸਤੰਭ ਤੋਂ ਤੰਭ।ਇਹਨਾਂ ਸ਼ਬਦਾਂ ਵਿਚ ਕ੍ਰਮਵਾਰ (ਸ) ਵਿਅੰਜਨ ਧੁਨੀ ਦਾ ਲੋਪ ਹੋ ਗਿਆ ਹੈ।

### 1.1.6 **ਆਗਮ**

ਇਹ ਧੁਨੀ-ਖੰਡ ਵਾਧਾ ਹੈ। ਇਸ ਪ੍ਰਕਿਰਿਆ ਵਿਚ ਕਿਸੇ ਉਚਾਰਨੀ ਵਾਤਾਵਰਣ ਤਹਿਤ ਵਾਧੂ ਸੂਰ ਜਾਂ ਵਿਅੰਜਨ ਧੁਨੀ ਦਾ ਆਗਮ ਹੋ ਜਾਂਦਾ ਹੈ। ਮਿਸਾਲ ਲਈ ਸੰਸਕ੍ਰਿਤ ਸ਼ਬਦਾਂ ਸ਼ਾਪ, ਸੁਜਨ, ਸਗੁਣ ਦੇ ਪੰਜਾਬੀ ਰੂਪ ਸਰਾਪ, ਸੁਰਜਨ ਅਤੇ ਸਰਗੁਣ ਹਨ। ਇਨ੍ਹਾਂ ਸਾਰਿਆਂ ਸ਼ਬਦਾਂ ਵਿਚ /-ਰ/ ਧੁਨੀ ਦਾ ਵਾਧਾ ਹੋਇਆ ਹੈ ।ਆਗਮ ਦੀਆਂ ਵੀ ਅੱਗੋਂ ਕਈ ਕਿਸਮਾਂ ਹਨ।ਜਿਵੇਂ ਆਦਿ ਆਗਮ, ਮੱਧ ਆਗਮ ਅਤੇ ਅੰਤ ਆਗਮ। ਇਸ ਤੋਂ ਵੀ ਅੱਗੇ ਇਨ੍ਹਾਂ ਦਾ ਉਪਟੀਕਰਨ ਕੀਤਾ ਜਾ ਸਕਦਾ ਹੈ। ਜਿਵੇਂ ਸੂਰ-ਆਗਮ, ਵਿਅੰਜਨ ਆਗਮ ਆਦਿ।

ਆਗਮ ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀ ਇੱਕ ਵਿਧੀ ਹੈ। ਇਸ ਦਾ ਸ਼ਾਬਦਿਕ ਅਰਥ ਹੈ 'ਪਰੰਪਰਾ-ਗਤ ਸਿੱਧਾਂਤ ਜਾਂ ਵਿਧੀ'।ਆਗਮ ਦਾ ਸਬੰਧ ਵਾਚਕ ਰੂਪ ਨਾਲ ਹੈ।ਇਹ ਵਾਚਕ ਰੂਪ ਸਥਿਤੀ ਅਨੁਸਾਰ ਬਦਲਦਾ ਹੈ। ਆਮ ਤੌਰ 'ਤੇ ਇਹ ਸ਼ਬਦ ਤਾਂਤ੍ਰਿਕ ਪਰੰਪਰਾ ਦਾ ਵਾਚਕ ਹੈ। ਸਨਾਤਨ ਹਿੰਦੂ-ਧਰਮ ਦੀ ਭਾਵਨਾ ਅਨੁਸਾਰ ਆਗਮਾਂ ਨੂੰ ਸ਼ਿਵ ਨੇ ਉਚਾਰਿਆ ਅਤੇ ਪਾਰਬਤੀ ਨੇ ਸੁਣਿਆ। 'ਮਹਾਨਿਰਵਾਣ ਤੰਤ੍ਰ ' ਵਿਚ ਲਿਖਿਆ ਹੈ ਕਿ ਕਲਿਯੁਗ ਵਿਚ ਪ੍ਰਾਣੀ ਪਵਿੱਤਰ ਅਤੇ ਅਪਵਿੱਤਰ ਦੇ ਵਿਚਾਰਾਂ ਤੋਂ ਹੀਣ ਹੁੰਦੇ ਸਨ। ਉਨ੍ਹਾਂ ਦੇ ਕਲਿਆਣ ਲਈ ਮਹਾਦੇਵ ਨੇ ਆਗਮਾਂ ਦਾ ਉਪਦੇਸ਼ ਪਾਰਬਤੀ ਨੂੰ ਖ਼ੁਦ ਦਿੱਤਾ। ਇਸੇ ਲਈ ਕਲਿਯੁਗ ਵਿਚ ਆਗਮ ਦੀ ਪੂਜਾ ਵਿਸ਼ੇਸ਼ ਰੂਪ ਵਿਚ ਲਾਭਦਾਇਕ ਮੰਨੀ ਜਾਂਦੀ ਹੈ।ਸ਼ਿਵ-ਰਚਿਤ ਤੰਤ੍ਰ-ਸ਼ਾਸਤ੍ਰ ਨੂੰ ਮੁੱਖ ਤੌਰ'ਤੇ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ — ਆਗਮ, ਯਾਮਲ ਅਤੇ ਮੁੱਖ ਤੰਤ੍ਰ। 'ਵਾਰਾਹੀ ਤੰਤ੍ਰ' ਅਨੁਸਾਰ ਜਿਸ ਵਿਚ ਸ੍ਰਿਸ਼ਟੀ , ਪ੍ਰਲਯ , ਦੇਵ-ਪੂਜਾ, ਸਰਵ-ਕਾਰਜ-ਸਾਧਨ, ਪੁਰਸ਼ਚਰਣ (ਗੁਰੂ-ਮੰਤ੍ਰ ਦਾ ਸਿੱਧੀ ਦੀ ਪ੍ਰਾਪਤੀ ਲਈ ਕੀਤਾ ਜਾਪ), ਖਟ-ਕਰਮ ਅਤੇ ਚਾਰ ਤਰ੍ਹਾਂ ਦੇ ਧਿਆਨ-ਯੋਗ ਦਾ ਵਰਣਨ ਹੋਵੇ, ਉਹ 'ਆਗਮ' ਹੈ। ਆਗਮਾਂ ਦੀ ਗਿਣਤੀ 28 ਦਸੀ ਜਾਂਦੀ ਹੈ ਜੋ ਸ਼ੈਵਿਕ ਅਤੇ ਰੌਦ੍ਰਿਕ ਦੋ ਵਰਗਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਆਗਮਾਂ ਵਿਚ ਅਗੋਂ ਕਈ ਕਈ ਉਪ-ਆਗਮ ਹਨ, ਜਿਨ੍ਹਾਂ ਦੀ ਕੁਲ ਗਿਣਤੀ 198 ਹੈ।

ਆਗਮਾਂ ਦੀ ਰਚਨਾ ਦੀ ਲੋੜ ਉਤੇ ਪ੍ਰਕਾਸ਼ ਪਾਉਂਦਿਆਂ ਡਾ. ਰਾਜ ਬਲੀ ਪਾਂਡੇਯ (ਹਿੰਦੂ ਧਰਮ-ਕੋਸ਼) ਨੇ ਦਸਿਆ ਹੈ ਕਿ ਵੇਦਾਂ ਦੀ ਕਠਿਨਾਈ ਅਤੇ ਮੰਤ੍ਰਾਂ ਦੇ ਬੰਨ੍ਹੇ ਹੋਏ ਸਰੂਪ ਕਾਰਣ ਮਹਾਭਾਰਤ-ਕਾਲ ਤੋਂ ਲੈ ਕੇ ਕਲਿਯੁਗ ਦੇ ਆਰੰਭ ਤਕ ਅਨੇਕਾਂ ਆਗਮਾਂ ਦੀ ਰਚਨਾ ਹੋਈ ਹੋਵੇਗੀ। ਆਗਮ ਅਤਿ-ਪ੍ਰਾਚੀਨ ਅਤੇ ਅਤਿ-ਨਵੀਨ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ।ਆਗਮਾਂ ਤੋਂ ਹੀ ਸ਼ੈਵ, ਵੈਸ਼ਣਵ ਅਤੇ ਸ਼ਾਕਤ ਆਦਿ ਸੰਪ੍ਰਦਾਵਾਂ ਦੇ ਆਚਾਰ , ਵਿਚਾਰ, ਵਿਸਤਾਰ ਅਤੇ ਵਿਲੱਖਣਤਾ

ਬਾਰੇ ਪਤਾ ਚਲਦਾ ਹੈ। ਆਗਮਾਂ ਦੇ ਪ੍ਰਚਲਨ ਨਾਲ ਸ਼ੈਵਾਂ ਵਿਚ ਸ਼ਾਕਤ ਵਿਚਾਰਾਂ ਦਾ ਉਦਭਵ ਹੋਇਆ ਅਤੇ ਉਸ ਪ੍ਰਭਾਵ ਕਾਰਣ ਮੰਦਿਰਾਂ ਅਤੇ ਮੂਰਤੀਆਂ ਦੀ ਉਸਾਰੀ ਅਤੇ ਧਾਰਮਿਕ ਅਨੁਸ਼ਠਾਨਾਂ ਬਾਰੇ ਨਿਯਮ ਬਣਾਏ ਜਾਣ ਲਗੇ। ਸ਼ਾਕਤ ਆਗਮਾਂ ਦੀ ਰਚਨਾ ਉਤੇ ਕੁਝ ਬਾਹਰਲੇ ਪ੍ਰਭਾਵ ਵੀ ਦਸੇ ਜਾਂਦੇ ਹਨ, ਜਿਵੇਂ ਕੌਲਾਚਾਰ ਉਤੇ ਤਿੱਬਤ ਜਾਂ ਚੀਨ ਦੇ ਪ੍ਰਭਾਵ ਦੀ ਸੰਭਾਵਨਾ ਹੈ। ਅੱਜ-ਕਲ ਜਿਤਨੀਆਂ ਸ਼ਾਕਤ ਸੰਪ੍ਰਦਾਵਾਂ ਹਨ, ਉਹ ਲਗਭਗ ਆਗਮਾਂ ਉਤੇ ਆਧਾਰਿਤ ਹਨ ਕਿਉਂਕਿ ਪੁਰਾਣਾਂ ਵਿਚ ਕਿਤੇ ਕਿਤੇ ਇਨ੍ਹਾਂ ਦਾ ਉੱਲੇਖ ਹੋਇਆ ਹੈ।

ਸ਼ੈਵ ਆਗਮਾਂ ਵਾਂਗ ਵੈਸ਼ਣਵ ਆਗਮ ਵੀ ਰਚੇ ਗਏ ਹਨ, ਜਿਵੇਂ ਪੰਚਰਾਤ੍ਰ ਅਤੇ ਵੈਖਾਨਸ। ਇਨ੍ਹਾਂ ਨੂੰ 'ਸੰਹਿਤਾ' ਨਾਂ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚੋਂ 'ਨਾਰਦ- ਪੰਚ-ਰਾਤ੍ਰ' ਅਧਿਕ ਪ੍ਰਸਿੱਧ ਹੈ। ਬੌਧ ਧਰਮ ਦੇ ਅਨੁਯਾਈਆਂ ਨੇ ਬੌਧ-ਤੰਤ੍ਰਾਂ ਨੂੰ ਮਹਾਤਮਾ ਬੁੱਧ ਦੁਆਰਾ ਉਚਾਰਿਆ ਮੰਨਿਆ ਹੈ। ਇਹ ਵੀ ਸੰਸਕ੍ਰਿਤ ਵਿਚ ਲਿਖੇ ਹਨ। ਇਸੇ ਤਰ੍ਹਾਂ ਜੈਨ-ਮਤ ਵਾਲਿਆਂ ਨੇ ਵੀ ਆਗਮਾਂ ਦੀ ਰਚਨਾ ਕੀਤੀ ਹੈ।

ਸਿੱਖ ਧਰਮ ਵਿਚ ਆਗਮਾਂ ਦੀ ਕੋਈ ਪ੍ਰਤਿਸ਼ਠਾ ਨਹੀਂ ਹੈ। ਉਂਜ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਉਲੇਖ ਹੋਇਆ ਹੈ। ਟੋਡੀ ਰਾਗ ਵਿਚ ਗੁਰੂ ਅਰਜਨ ਦੇਵ ਨੇ 'ਆਗਮ' ਵਲ ਸੰਕੇਤ ਕੀਤਾ ਹੈ — ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ। (ਗੁ.ਗ੍ਰੰ.714)। 'ਆਗਮ' ਸ਼ਬਦ ਕਈ ਵਾਰ ਸਮੁੱਚੇ ਸ਼ਾਸਤ੍ਰਾਂ ਲਈ ਵਰਤੀਂਦਾ ਵੀ ਵੇਖਿਆ ਗਿਆ ਹੈ ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ—ਨਾਰਦ ਮੁਨੀ ਅਖਾਇਦਾ ਆਗਮੁ ਜਾਣ ਨ ਧੀਰਜੁ ਆਣੈ।(12/11)-ਰਤਨ ਸਿੰਘ ਜੱਗੀ

### 1.1.6 ਵਿਕਾਰ

ਵਿਕਾਰ, ਪਰੰਪਰਾਈ ਵਿਆਕਰਨ ਦਾ ਸੰਕਲਪ ਹੈ। ਪਰੰਪਰਾਈ ਵਿਆਕਰਨ ਵਿੱਚ ਵਿਕਾਰ ਦੇ ਸੰਕਲਪ ਤਹਿਤ ਸ਼ਬਦ-ਸਾਧਨਾ ਨੂੰ ਵਿਚਾਰਿਆ ਜਾਂਦਾ ਸੀ। ਆਧੁਨਿਕ ਵਿਆਕਰਨ ਵਿਚ ਇਸ ਸੰਕਲਪ ਦੀ ਵਰਤੋਂ ਰੂਪ ਵਿਗਿਆਨ ਦੀ ਸ਼ਾਖਾ ਵਿੱਚ ਰੂਪਾਂਤਰ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਹੈ। ਪਰ ਰੂਪਾਂਤਰ ਜਾਂ ਰੂਪਾਂਤਰਨ ਸ਼ਬਦ ਅੰਗਰੇਜ਼ੀ Taransformaiton ਲਈ ਵੀ ਵਰਤਿਆ ਜਾਂਦਾ ਹੈ। ਪਰੰਪਰਾਈ ਵਿਆਕਰਨ ਵਿਚ ਵਿਕਾਰ ਤੋਂ ਭਾਵ ਉਸ ਰੂਪਾਤਮਕ ਪ੍ਰਕਿਰਿਆ ਤੋਂ ਲਿਆ ਜਾਂਦਾ ਹੈ, ਜੋ ਵਿਉਤਪਤ ਪ੍ਰਕਿਰਿਆ ਵਾਂਗ ਨਵੇਂ ਸ਼ਬਦਾਂ ਦੀ ਰਚਨਾ ਨਹੀਂ ਕਰਦੀ, ਸਗੋਂ ਵਿਕਾਰ ਪ੍ਰਕਿਰਿਆ ਸ਼ਬਦ-ਰੂਪਾਂ ਦੀ ਰੂਪਾਵਲੀ ਸਿਰਜਦੀ ਹੈ ਅਰਥਾਤ ਵਿਕਾਸ ਇੱਕ ਸ਼੍ਰੇਣੀ ਰੱਖਿਅਕ ਰੂਪਾਤਮਕ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਰਾਹੀਂ ਸ਼ਬਦਾਂ ਦੇ ਰੂਪ ਵਿੱਚ ਤਾਂ ਪਰਿਵਰਤਨ ਆ ਜਾਂਦਾ ਹੈ ਪਰ ਸ਼ਬਦ ਦੀ ਮੂਲ ਕੋਈ ਨਹੀਂ ਬਦਲਦੀ। ਮਿਸਾਲ ਵਜੋਂ ਹੇਠਾਂ ਪੰਜਾਬੀ ਦੇ ਇੱਕ ਨਾਂਵ ਸ਼ਬਦ ਅਤੇ ਕਿਰਿਆ ਸ਼ਬਦ ਦੀ ਰੂਪਾਵਲੀ ਦਿੱਤੀ ਜਾਂਦੀ ਹੈ।

ਪੰਜਾਬੀ ਨਾਂਵ ਸ਼ਬਦ ਦੇ ਤਾਂ ਪੰਜ ਵਿਕਾਰੀ ਰੂਪ ਬਣੇ ਹਨ ਪਰ ਕਿਰਿਆ ਦੇ 18 ਵਿਕਾਰੀ ਰੂਪ ਸੰਭਵ ਹਨ। ਬੱਚਾ ਸ਼ਬਦ ਦੀ ਰੂਪਵਾਲੀ ਦੇ ਸਾਰੇ ਵਿਕਾਰੀ ਰੂਪ ਨਾਲ ਸ਼ਬਦ ਨਾਲ ਹੀ ਸੰਬੰਧਿਤ ਹਨ ਅਤੇ ਕਿਰਿਆ 'ਘੜਾ' ਸ਼ਬਦ ਸ਼੍ਰੇਣੀ ਨਾਲ ਸੰਬੰਧਿਤ ਸਾਚਾ ਵਿਕਾਰੀ ਰੂਪ ਕਿਰਿਆ ਹੀ ਹਨ।ਸ਼ਬਦਾਂ ਦੇ ਇਹ ਵਿਕਾਰੀ ਰੂਪ ਵਾਕਾਤਮਕ ਸੰਬੰਧਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦੇ ਹਨ।ਦਰਅਸਲ ਵਾਕ ਵਿੱਚ ਜੁੜਨ ਵੇਲੇ ਸ਼ਬਦ,ਵਚਨ, ਪੁਰਖ, ਕਾਲ, ਵਾਕ ਅਤੇ ਕਾਰਕ ਆਦਿ ਵਿਆਕਰਣਿਕ ਸ਼੍ਰੇਣੀਆਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਪ੍ਰਭਾਵ ਦੇ ਸਿੱਟੇ ਵਜੋਂ ਹੀ ਸ਼ਬਦਾਂ ਵਿੱਚ ਵਿਕਾਰ ਆਉਂਦਾ ਹੈ। ਮਿਸਾਲ ਵਜੋਂ ਹੇਠ ਲਿਖੇ ਵਾਕ ਪੇਸ਼ ਹਨ

1.ਬਚਾ ਪੜ੍ਹਦਾ ਹੈ।

2.ਬੱਚੀ ਪੜਦੀ ਹੈ।

3.ਬੱਚੇ ਪੜਦੇ ਹਨ।

4.ਬੱਚੀਆਂ ਪੜ੍ਹਦੀਆਂ ਹਨ।

ਉਪਰੋਕਤ ਚਾਰਾ ਵਾਕਾ ਵਿੱਚ ਨਾਂਵ ਸ਼ਬਦ (ਬੱਚਾ) ਦਾ ਕਿਰਿਆ-ਸ਼ਬਦ (ਪੜ੍ਹਦਾ ਹੈ) ਨਾਲ ਵਾਕਾਤਮਕ ਸੰਬੰਧ ਹੈ। ਇਸ ਸੰਬੰਧ ਨੂੰ ਕਰਤਾ ਕਿਰਿਆ ਦਾ ਸੰਬੰਧ ਕਿਹਾ ਜਾਂਦਾ ਹੈ।ਇਸ ਸੰਬੰਧ ਵਿੱਚ ਪੰਜਾਬੀ ਦਾ ਵਿਆਕਰਨਿਕ ਨੇਮ-ਸੰਬੰਧ ਕਾਰਜਸ਼ੀਲ ਹੈ। ਪਹਿਲੇ ਵਾਕ ਵਿੱਚ (ਬੱਚਾ) ਇਕ ਵਚਨ, ਪੁਲਿੰਗ ਹੈ, ਇਸ ਲਈ ਕਿਰਿਆ ਵੀ ਇੱਕ ਵਚਨ ਪੁਲਿੰਗ ਦੇ ਗੁਣਾਂ ਦੀ ਧਾਰਨੀ ਹੈ। ਦੂਜੇ ਵਾਕ ਵਿੱਚ (ਬੱਚੀ) ਇੱਕ ਵਚਨ-ਇਸਤਰੀ ਲਿੰਗ ਹੈ। ਇਸ ਲਈ ਕਿਰਿਆ ਵੀ ਇਸੇ ਵਿਆਕਰਨਿਕ ਲੱਛਣ ਦੀ ਧਾਰਨੀ ਹੋ ਰਹੀ ਹੈ। ਸ਼ਬਦਾਂ ਦੀ ਅਜਿਹੀ ਰੂਪ ਰਚਨਾ ਜਾਂ ਸਾਧਨਾ ਨੂੰ ਹੀ ਵਿਕਾਰ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਵਿਕਾਰ ਦੇ ਪੱਖ ਤੋਂ ਕਿਸੇ ਭਾਸ਼ਾ ਦੀ ਸ਼ਬਦਾਵਲੀ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਵਿਕਾਰੀ ਸ਼ਬਦ ਅਤੇ ਅਵਿਕਾਰੀ ਸ਼ਬਦ।ਵਿਕਾਰੀ ਸ਼ਬਦ ਉਹਨਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਕਿਸੇ ਨਾ ਕਿਸੇ ਵਿਆਕਰਨਿਕ ਸ਼੍ਰੇਣੀ (ਲਿੰਗ ਵਚਨ-ਕਾਲ ਆਦਿ) ਕਾਰਨ ਆਪਣਾ ਰੂਪ ਵਟਾ ਲੈਣ ਜਾਂ ਜਿਨ੍ਹਾਂ ਦੇ ਰੂਪ ਵਿੱਚ ਪਰਿਵਰਤਨ ਆ ਜਾਵੇ, ਪਰ ਉਹਨਾ ਦੀ ਸ਼੍ਰੇਣੀ ਉਹੀ ਰਹੇ। ਇਸ ਦੇ ਉਲਟ ਜਿਨ੍ਹਾਂ ਸ਼ਬਦ ਰੂਪਾਂ ਦਾ ਵਿਆਕਰਨ ਅਨੁਸਾਰ ਰੂਪ ਨਾ ਬਦਲੇ, ਉਹਨਾਂ ਨੂੰ ਅਵਿਕਾਰੀ ਸ਼ਬਦ ਕਿਹਾ ਜਾਂਦਾ ਹੈ। ਮਿਸਾਲ ਵਜੋਂ ਪੰਜਾਬੀ ਦੇ - ਕਿ, ਨੇ, ਨੂੰ, ਬਚ, ਤੋਂ, ਵਿਚ, ਅਤੇ, ਜਾਂ ਹੀ, ਵੀ ਈ ਆਦਿ ਅਵਿਕਾਰੀ ਸ਼ਬਦ ਹਨ।

### 1.1.7 **ਸਮੀਕਰਨਣ**

ਭਾਸ਼ਾਵਾਂ ਵਿਚ ਸਮੀਕਰਣ ਦੀ ਪ੍ਰਕਿਰਿਆ ਆਮ ਵਾਪਰਦੀ ਰਹਿੰਦੀ ਹੈ। ਇਸ ਪ੍ਰਕਿਰਿਆ ਨਾਲ ਭਾਸ਼ਾ ਦਾ ਕੋਈ ਧੁਨੀ-ਖੰਡ ਗੁਆਂਢੀ ਧੁਨੀ ਦੇ ਸਮਰੂਪ ਹੋ ਜਾਂਦਾ ਹੈ। ਫ਼ਲਸਰੂਪ 1 ਪਹਿਲ ਉਚਾਰਨ ਨਾਲ ਸਮਰੂਪਿਤ ਧੁਨੀਆਂ ਦਾ ਉਚਾਰਨ ਸੌਖਾ ਹੋ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਸਮੀਕਰਣ ਦੀਆਂ ਅਨੇਕਾਂ ਮਿਸਾਲਾਂ ਹਨ। ਪੰਜਾਬੀ ਸ਼ਬਦ ਅੱਗ, ਹੱਥ, ਕੰਮ ਅਤੇ ਸੱਪ ਆਦਿ ਸੰਸਕ੍ਰਿਤ ਤੋਂ ਸਮੀਕਰਣ ਦੀ ਪ੍ਰਕਿਰਿਆ ਦੁਆਰਾ ਬਣੇ ਹਨ। ਸੰਸਕ੍ਰਿਤ ਵਿਚ ਇਨ੍ਹਾਂ ਸ਼ਬਦਾਂ ਦਾ ਰੂਪ ਕ੍ਰਮਵਾਰ ਅਗਨਿ, ਹਸਤ, ਕਰਮ ਅਤੇ ਸਰਪ ਸੀ। ਪ੍ਰਾਕ੍ਰਿਤ ਵਿਚ ਇਹ ਕ੍ਰਮਵਾਰ ਅਗਸ, ਹਤਥ, ਕਮ ਤੋਂ ਸਪਪ ਬਣ ਗਿਆ। ਇਉਂ ਇਨ੍ਹਾਂ ਸ਼ਬਦਾਂ ਵਿਚੋਂ ਕ੍ਰਮਵਾਰ /ਗ-ਨ/, /ਸ-ਤ/ ਅਤੇ /ਰ-ਪ/ ਧੁਨੀਆਂ ਧੁਨੀਆਤਮਿਕ ਵਾਤਾਵਰਣ ਵਿਚ ਪੰਜਾਬੀ ਉਚਾਰਨ ਦੇ ਅਨੁਕੂਲ ਹੋ ਕੇ, ਸਮੀਕਰਣ ਦੀ ਪ੍ਰਕਿਰਿਆ ਦੁਆਰਾ ਸਮਰੂਪ ਹੋ ਗਈਆਂ।

### 1.1.9 **ਵਿਸ਼ਮੀਕਰਣ**

ਇਹ ਪ੍ਰਕਿਰਿਆ ਸਮੀਕਰਣ ਦੇ ਉਲਟ ਵਾਪਰਦੀ ਹੈ। ਇਸ ਪ੍ਰਕਿਰਿਆ ਵਿਚ ਜਦੋਂ ਦੋ ਇਕੋ ਜਿਹੇ ਧੁਨੀ-ਖੰਡਾਂ ਨੂੰ ਉਚਾਰਨਾ ਔਖਾ ਹੋ ਜਾਵੇ ਤਾਂ ਦੋਹਾਂ ਵਿਚੋਂ ਇਕ ਧੁਨੀ ਬਦਲ ਕੇ ਭਿੰਨ ਉਚਾਰਨੀ ਹੋ ਜਾਂਦੀ ਹੈ। ਇਸ ਪ੍ਰਕਿਰਿਆ ਨੂੰ ਵਿਸ਼ਮੀਕਰਣ ਕਿਹਾ ਜਾਂਦਾ ਹੈ। ਮਿਸਾਲ ਵਜੋਂ ਸੰਸਕ੍ਰਿਤ ਸ਼ਬਦਾਂ ਪਿਪਾਸਾ ਅਤੇ ਦਰਿਦ੍ਰ ਵਿਚ ਦੋ-ਦੋ ਧੁਨੀਆਂ /ਪ/ ਤੇ /ਰ/ ਨੇੜੇ ਨੇੜੇ ਹਨ। ਇਸ ਲਈ ਇਨ੍ਹਾਂ ਦੋਹਾਂ ਨੂੰ ਉਚਾਰਨਾ ਔਖਾ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਦੋਹਾਂ ਵਿਚੋਂ ਇਕ ਧੁਨੀ ਬਦਲ ਜਾਂਦੀ ਹੈ। ਪੰਜਾਬੀ ਵਿਚ ਇਨ੍ਹਾਂ ਸ਼ਬਦਾਂ ਦੇ ਰੂਪ ਕ੍ਰਮਵਾਰ ਪਿਆਸਾ ਅਤੇ ਦਲਿੱਦਰ ਹਨ।

### 1.1.10 **ਵਿਪਰਜ**

ਕਿਸੇ ਸ਼ਬਦ ਵਿਚ ਕਿਸੇ ਵਰਣ ਜਾਂ ਅੱਖਰ ਦੇ ਉਲਟ-ਫੇਰ ਅਰਥਾਤ ਇਧਰ-ਉਧਰ ਹੋ ਜਾਣ ਨੂੰ ਵਿਪਰਜ ਜਾਂ ਵਿਪਰਯ ਕਹਿੰਦੇ ਹਨ।ਇਹ ਤਿੰਨ ਪ੍ਰਕਾਰ ਦਾ ਹੁੰਦਾ ਹੈ: ਸੂਰ ਵਿਪਰਜ, ਵਿਅੰਜਨ ਵਿਪਰਜ਼ ਅਤੇ ਅੱਪਰ ਵਿਪਤਜ।ਸੂਰ ਵਿਪਰਜ : ਜਿਵੇਂ ਜਾਨਵਰ ਤੋਂ ਜਨੌਰ, ਸਸੁਰ ਤੋਂ ਸੂਸਰ, ਅੰਗੁਲੀ ਤੋਂ ਉਂਗਲੀ, ਅਮਿਲਕਾ ਤੋਂ ਇਮਲੀ ਆਦਿ। ਵਿਅੰਜਨ ਵਿਪਰਜ

: ਜਿਵੇਂ ਨਖਲਊ ਤੋਂ ਲਖਨਊ, ਤਮਗਾ ਤੋਂ ਤਗਮਾ, ਬਾਰਾਣਸੀ ਤੋਂ ਬਨਾਰਸ, ਮਤਲਬ ਤੋਂ ਮਤਬਲ ਆਦਿ।ਅੱਖਰ-ਵਿਪਰਜ:ਜਿਵੇਂ ਚੌਂਕਾ-ਚੁੱਲਾ ਤੋਂ ਚੁੱਲਾ-ਚੌਂਕਾ ਆਦਿ।-ਬੂਟਾ ਸਿੰਘ ਬਰਾੜ

### 1.1.18 **ਅਭਿਆਸ ਲਈ ਪ੍ਰਸ਼ਨ**

1. ਪੰਜਾਬੀ ਵਿਚ ਅਖੰਡੀ ਧੁਨੀਆਂ ਦੀ ਵਰਤੋਂ ਦੇ ਨੇਮ ਉੱਪਰ ਚਾਨਣਾ ਪਾਉ?
2.ਪੰਜਾਬੀ ਉਚਾਖੰਡ ਦੀ ਬਣਤਰ ਉੱਪਰ ਚਾਨਣਾ ਪਾਉ?
3.ਪੰਜਾਬੀ ਦੀਆਂ ਧੁਨੀਆਂ ਦੇ ਪਰਿਵਰਤਨ ਦੀਆਂ ਦਿਸ਼ਾਵਾ ਬਾਰੇ ਚਰਚਾ ਕਰੋ?

### 1.1.19 **ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

| | | | |
|---|---|---|---|
| ਪ੍ਰੇਮ ਪ੍ਰਕਾਸ਼ ਸਿੰਘ | ਸਿਧਾਂਤਕ ਭਾਸ਼ਾ ਵਿਗਿਆਨ | ਮਦਾਨ ਪ੍ਰਕਾਸ਼ਨ,ਪਟਿਆਲਾ | 2014 |
| ਅਰਸ਼ੀ, ਗੁਰਚਰਨ ਸਿੰਘ | ਪੱਛਮੀ ਕਾਵਿ-ਸ਼ਾਸਤਰ | ਆਰਸੀ ਪਬਲਿਸ਼ਰਜ਼, ਦਿੱਲੀ | 2000 |
| ਬੂਟਾ ਸਿੰਘ ਬਰਾੜ | ਭਾਸ਼ਾ ਵਿਗਿਆਨ:ਸਿਧਾਂਤ ਤੇ ਵਿਹਾਰ | ਲਾਹੌਰ ਬੁਕਸ,ਲੁਧਿਆਣਾ | 2018 |